@Qpatrika
@qaumipatrika punjabi
instagram.com/qaumipatrika

**Largest Circulated**

विश्व भर में सबसे ज्यादा पढ़ा जाने वाला

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Tuesday, 17 September 2024

# ਕੌਮੀ ਪਤ੍ਰਿਕਾ

**Punjabi National Daily**

**Qaumi Patrika NO.1**

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 17 ਸਤੰਬਰ 2024, 2 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 296, qpatrika@gmail.com ਫੋਨ : 9971359517 www.qaumipatrika.org

## ਪਿਛਲੇ 10 ਸਾਲਾਂ 'ਚ ਜਮਹੂਰੀ ਢਾਂਚੇ ਨੂੰ ਤਬਾਹ ਕਰਨ ਦੀਆਂ ਸੰਗਠਿਤ ਕੋਸ਼ਿਸ਼ਾਂ ਹੋਈਆਂ : ਖੜਗੇ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 16 ਸਤੰਬਰ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਐਤਵਾਰ ਨੂੰ 2024 ਨੂੰ ਭਾਰਤ ਦੇ ਲੋਕਤੰਤਰ ਲਈ ਮਹੱਤਵਪੂਰਨ ਸਾਲ ਕਰਾਰ ਦਿੰਦੇ ਹੋਏ ਕਿਹਾ ਕਿ 140 ਕਰੋੜ ਭਾਰਤੀਆਂ ਨੇ ਰਾਸਟਰ ਦੇ ਸੰਸਥਾਪਕਾਂ ਦੀ ਸਖਤ ਮਿਹਨਤ ਨਾਲ ਬਣੇ ਲੰਬੇ ਸਮੇਂ ਦੇ ਅਦਾਰਿਆਂ 'ਚ ਭਰੋਸਾ ਜਤਾਉਣ ਵਾਲਾ ਫਤਵਾ ਦਿੱਤਾ ਹੈ। ਉਸ ਨੇ ਦੋਸ ਲਾਇਆ ਕਿ ਪਿਛਲੇ 10 ਸਾਲਾਂ 'ਚ "ਜਮਹੂਰੀ ਢਾਂਚੇ ਨੂੰ ਤਬਾਹ ਕਰਨ, ਸੰਸਥਾਵਾਂ ਨੂੰ ਤਬਾਹ ਕਰਨ ਅਤੇ ਸਾਡੇ ਸਿਸਟਮ ਦੀ ਅਖੰਡਤਾ ਨੂੰ ਨੁਕਸਾਨ ਪਹੁੰਚਾਉਣ ਦੀ ਵੱਡੀ ਕੋਸਿ?ਸ" ਕੀਤੀ ਗਈ ਹੈ। ਦੇਸ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦਾ ਹਵਾਲਾ ਦਿੰਦੇ ਹੋਏ ਖੜਗੇ ਨੇ ਕਿਹਾ, "ਲੋਕਤੰਤਰ ਸਰਕਾਰ ਦਾ ਸਭ ਤੋਂ ਵਧੀਆ ਰੂਪ ਹੈ। ਇਹ ਲੋਕਾਂ ਨੂੰ ਇਹ ਫੈਸਲਾ ਕਰਨ ਦਾ ਅਧਿਕਾਰ ਦਿੰਦਾ ਹੈ ਕਿ ਉਹ ਕਿਵੇਂ ਸਾਸਨ ਕਰਦੇ ਹਨ ਅਤੇ ਆਪਣੇ ਨੇਤਾਵਾਂ ਨੂੰ ਜਵਾਬਦੇਹ ਠਹਿਰਾਉਂਦੇ ਹਨ।" ਇਸ ਸਾਲ ਹੋਈਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਦਾ ਜ?ਿਕਰ ਕਰਦੇ ਹੋਏ, ਖੜਗੇ ਨੇ ਕਿਹਾ, "2024 ਭਾਰਤ ਦੇ ਲੋਕਤੰਤਰ ਦਾ ਸਾਲ ਹੈ ਅਤੇ ਇਹ ਭਾਰਤ ਲਈ ਮਹੱਤਵਪੂਰਨ ਸਾਲ ਹੈ 140 ਕਰੋੜ ਭਾਰਤੀਆਂ ਨੇ ਇਕ ਫਤਵਾ ਦਿੱਤਾ ਹੈ ਜੋ ਸਾਡੇ ਰਾਸਟਰ ਦੇ ਸੰਸਥਾਪਕਾਂ ਵੱਲੋਂ ਬਹੁਤ ਮਿਹਨਤ ਨਾਲ ਬਣਾਈਆਂ ਗਈਆਂ ਸਾਡੀਆਂ ਲੰਬੇ ਸਮੇਂ ਤੋਂ ਚੱਲ ਰਹੀਆਂ ਸੰਸਥਾਵਾਂ 'ਚ ਵਿਸਵਾਸ ਜਤਾਉਂਦਾ ਹੈ।"ਹੁਣ, ਸਾਨੂੰ ਆਪਣੇ ਸੰਸਦੀ ਲੋਕਤੰਤਰ ਅਤੇ ਸੰਵਿਧਾਨ ਦੀਆਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਲਈ ਅਤੇ ਉਨ੍ਹਾਂ ਕਦਰਾਂ-ਕੀਮਤਾਂ ਦੀ ਰੱਖਿਆ ਲਈ ਵਧੇਰੇ ਚੌਕਸ ਰਹਿਣਾ ਹੋਵੇਗਾ, ਜਿਨ੍ਹਾਂ 'ਚ 'ਅਸੀਂ' ਭਾਰਤ ਦੇ ਲੋਕ ਸਮੂਹਿਕ ਤੌਰ 'ਤੇ ਵਿਸਵਾਸ ਕਰਦੇ ਹਾਂ।' ਖੜਗੇ ਨੇ ਕਿਹਾ, "ਅੰਤਰਰਾਸਟਰੀ ਲੋਕਤੰਤਰ ਦਿਵਸ 'ਤੇ, ਆਓ ਅਸੀਂ ਆਪਣੇ ਆਪ ਨੂੰ ਭਾਰਤ ਦੀ ਬੁਨਿਆਦੀ ਭਾਵਨਾ ਨੂੰ ਸਮਰਪਿਤ ਕਰੀਏ, ਜਿਸ 'ਚ ਨਿਆਂ, ਆਜਾਦੀ, ਸਮਾਨਤਾ ਅਤੇ ਭਾਈਚਾਰੇ ਦੇ ਸਿਧਾਂਤ ਸਾਮਲ ਹਨ।" ਇਸ ਦੌਰਾਨ ਸੰਯੁਕਤ ਰਾਸਟਰ ਮਹਾਸਭਾ ਨੇ 2007 'ਚ 16 ਸਤੰਬਰ ਨੂੰ ਅੰਤਰਰਾਸਟਰੀ ਲੋਕਤੰਤਰ ਦਿਵਸ ਵਜੋਂ ਮਨਾਉਣ ਦਾ ਸੰਕਲਪ ਲਿਆ ਸੀ।



## ਚੋਣਾਂ ਤੋਂ ਪਹਿਲਾਂ ਅਨਿਲ ਵਿੱਜ ਨੇ ਸੀ.ਐੱਮ. ਅਹੁਦੇ ਲਈ ਕੀਤਾ ਦਾਅਵਾ ਪੇਸ਼

ਹਰਿਆਣਾ 16 ਸਤੰਬਰ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੀਨੀਅਰ ਆਗੂ ਅਨਿਲ ਵਿੱਜ ਨੇ ਐਤਵਾਰ ਨੂੰ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਦੇ ਅਹੁਦੇ ਲਈ ਦਾਅਵਾ ਪੇਸ ਕੀਤਾ। ਇਕ ਨਿਊਜ ਏਜੰਸੀ ਨਾਲ ਗੱਲ ਕਰਦੇ ਹੋਏ ਅਨਿਲ ਵਿੱਜ ਨੇ ਆਪਣੀ ਸੀਨੀਆਰਤਾ ਦਾ ਜ?ਿਕਰ ਕੀਤਾ ਅਤੇ ਪਾਰਟੀ ਤੋਂ ਮੁੱਖ ਮੰਤਰੀ ਦੇ ਅਹੁਦੇ ਦੀ ਮੰਗ ਕੀਤੀ। ਸੀਨੀਆਰਤਾ ਦੇ ਆਧਾਰ 'ਤੇ ਸੀ.ਐਮ.ਅਨਿਲ ਵਿੱਜ ਨੇ ਕਿਹਾ, "ਮੈਂ ਹਰਿਆਣਾ 'ਚ ਭਾਜਪਾ ਦਾ ਸਭ ਤੋਂ ਸੀਨੀਅਰ ਵਿਧਾਇਕ ਹਾਂ। ਮੈਂ 6 ਵਾਰ ਚੋਣ ਲੜ ਚੁੱਕਾ ਹਾਂ। ਮੈਂ ਕਦੇ ਵੀ ਪਾਰਟੀ ਕੋਲੋਂ ਕੁਝ ਨਹੀਂ ਮੰਗਿਆ ਪਰ ਲੋਕਾਂ ਦੀ ਮੰਗ 'ਤੇ ਇਸ ਵਾਰ ਮੈਂ ਇਸ ਅਹੁਦੇ ਲਈ ਦਾਅਵਾ ਕਰ ਰਿਹਾ ਹਾਂ।' ਹਾਲਾਂਕਿ ਵਿਜ ਨੇ ਕਿਹਾ ਕਿ ਇਹ ਫੈਸਲਾ 'ਹਾਈ ਕਮਾਂਡ' ਦੇ ਹੱਥ 'ਚ ਹੈ। ਉਨ੍ਹਾਂ ਕਿਹਾ, "ਇਹ ਹਾਈਕਮਾਂਡ ਦੇ ਹੱਥ 'ਚ ਹੈ ਕਿ ਉਹ ਮੈਨੂੰ ਮੁੱਖ ਮੰਤਰੀ ਬਣਾਉਂਦੇ ਹਨ ਜਾਂ ਨਹੀਂ। ਜੇਕਰ ਉਹ ਮੈਨੂੰ ਮੁੱਖ ਮੰਤਰੀ ਬਣਾਉਂਦੇ ਹਨ ਤਾਂ ਮੈਂ ਹਰਿਆਣਾ ਦੀ ਨੁਹਾਰ ਬਦਲ ਦੇਵਾਂਗਾ।" ਅਨਿਲ ਵਿੱਜ ਅੰਬਾਲਾ ਕੈਂਟ ਵਿਧਾਨ ਸਭਾ ਹਲਕੇ ਤੋਂ ਭਾਜਪਾ ਦੇ ਉਮੀਦਵਾਰ ਹਨ। ਉਹ ਮਨੋਹਰ ਲਾਲ ਖੱਟਰ ਸਰਕਾਰ ਦੌਰਾਨ ਹਰਿਆਣਾ ਦੇ ਗ੍ਰਹਿ ਮੰਤਰੀ ਸਨ ਅਤੇ ਹਾਲ ਹੀ 'ਚ ਹੋਏ ਫੇਰਬਦਲ 'ਚ ਜਿਸ 'ਚ ਨਾਇਬ ਸਿੰਘ ਸੈਣੀ ਨੂੰ ਮੁੱਖ ਮੰਤਰੀ ਵਜੋਂ ਸਹੁੰ ਚੁਕਾਈ ਗਈ ਸੀ, 'ਚ ਮੰਤਰੀ ਮੰਡਲ 'ਚੋਂ ਹਟਾ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਵਿਜ ਨੇ ਮੰਤਰੀ ਮੰਡਲ 'ਚੋਂ ਬਾਹਰ ਕੀਤੇ ਜਾਣ 'ਤੇ ਨਾਰਾਜਗੀ ਜਾਹਰ ਕਰਦਿਆਂ ਕਿਹਾ ਸੀ ਕਿ ਕੁਝ ਲੋਕਾਂ ਨੇ ਉਨ੍ਹਾਂ ਨੂੰ ਪਾਰਟੀ 'ਚ 'ਅਜਨਬੀ' ਬਣਾ ਦਿੱਤਾ ਹੈ। 2 ਮਈ ਨੂੰ ਵਿਜ ਨੇ ਕਿਹਾ, "ਮੈਂ ਮੰਨਦਾ ਹਾਂ ਕਿ ਕੁਝ ਲੋਕਾਂ ਨੇ ਮੈਨੂੰ ਆਪਣੀ ਹੀ ਪਾਰਟੀ 'ਚ ਅਜਨਬੀ ਬਣਾ ਦਿੱਤਾ ਹੈ ਪਰ ਕਈ ਵਾਰ ਅਜਨਬੀ ਆਪਣੇ ਹੀ ਲੋਕਾਂ ਤੋਂ ਵੱਧ ਕੰਮ ਕਰਦੇ ਹਨ।" ਵਿਜ ਨਵੇਂ ਮੰਤਰੀ ਮੰਡਲ ਦੇ ਸਹੁੰ ਚੁੱਕ ਸਮਾਗਮ 'ਚ ਸਾਮਲ ਨਹੀਂ ਹੋਏ ਅਤੇ ਵਿਧਾਇਕ ਦਲ ਦੀ ਮੀਟਿੰਗ ਅੱਧ ਵਿਚਾਲੇ ਛੱਡ ਕੇ ਚਲੇ ਗਏ, ਜਿਸ ਤੋਂ ਉਨ੍ਹਾਂ ਦੀ ਨਾਰਾਜਗੀ ਸਾਫ ਜਾਹਿਰ ਹੁੰਦੀ ਹੈ।



## ਜਿਲ੍ਹਾ ਅਧਿਕਾਰੀ ਦੇ 'ਐਕਸ' ਅਕਾਊਂਟ ਤੋਂ ਰਾਹੁਲ ਗਾਂਧੀ 'ਤੇ ਟਿੱਪਣੀ

**ਨਵਦੀਪ ਸਿੰਘ ਸਾਹਨੀ**

ਨੋਇਡਾ 16 ਸਤੰਬਰ। ਨੋਇਡਾ ਦੇ ਗੌਤਮਬੁੱਧ ਨਗਰ ਦੇ ਜਿਲ੍ਹਾ ਅਧਿਕਾਰੀ ਮਨੀਸ਼ ਕੁਮਾਰ ਵਰਮਾ ਦੇ 'ਐਕਸ' ਅਕਾਊਂਟ ਨੂੰ ਹੈਕ ਕਰ ਕੇ ਕਾਂਗਰਸ ਆਗੂ ਰਾਹੁਲ ਗਾਂਧੀ ਖਿਲਾਫ ਇਤਰਾਜਯੋਗ ਟਿੱਪਣੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਤੋਂ ਬਾਅਦ ਕਾਂਗਰਸ ਕਿਸਾਨ ਮੋਰਚਾ ਦੇ ਜ?ਿਲ੍ਹਾ ਪ੍ਰਧਾਨ ਗੌਤਮ ਅਵਾਨਾ ਦੀ ਅਗਵਾਈ 'ਚ ਸੈਂਕੜੇ ਪਾਰਟੀ ਵਰਕਰਾਂ ਨੇ ਸ਼ਨੀਵਾਰ ਨੂੰ ਸੂਰਜਪੁਰ ਜ?ਿਲ੍ਹਾ ਕਲੈਕਟ੍ਰੇਟ ਪਹੁੰਚ ਕੇ ਵਿਰੋਧ ਜਤਾਇਆ। ਅਵਾਨਾ ਨੇ ਦਾਅਵਾ ਕੀਤਾ ਕਿ ਗੌਤਮਬੁੱਧ ਨਗਰ ਦੇ ਜ?ਿਲ੍ਹਾ ਅਧਿਕਾਰੀ ਦੇ 'ਐਕਸ' ਅਕਾਊਂਟ ਤੋਂ ਰਾਹੁਲ ਗਾਂਧੀ ਲਈ ਇਤਰਾਜਯੋਗ ਟਿੱਪਣੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਘਟਨਾ ਤੋਂ ਨਾਰਾਜ ਕਾਂਗਰਸ ਵਰਕਰ ਸ਼ਨੀਵਾਰ ਨੂੰ ਜ?ਿਲ੍ਹਾ ਅਧਿਕਾਰੀ ਦਫਤਰ ਪਹੁੰਚੇ ਅਤੇ ਐਡੀਸ਼ਨਲ ਜ?ਿਲ੍ਹਾ ਅਧਿਕਾਰੀ ਨੂੰ ਮਿਲ ਕੇ ਦੋਸ਼ੀਆਂ ਦੀ ਤੁਰੰਤ ਗ੍ਰਿਫਤਾਰੀ ਦੀ ਮੰਗ ਕੀਤੀ। ਅਵਾਨਾ ਨੇ ਕਿਹਾ ਕਿ ਇਸ ਮਾਮਲੇ 'ਚ ਜਲਦ ਕਾਰਵਾਈ ਨਹੀਂ ਹੁੰਦੀ ਹੈ ਤਾਂ ਕਾਂਗਰਸ ਵਰਕਰ ਸੜਕਾਂ 'ਤੇ ਉਤਰਨਗੇ। ਪੁਲਸ ਬੁਲਾਰੇ ਨੇ ਦੱਸਿਆ ਕਿ ਗੌਤਮਬੁੱਧ ਨਗਰ ਦੇ ਸਹਾਇਕ ਡਾਇਰੈਕਟਰ ਸੁਨੀਲ ਕੁਮਾਰ ਕਨੌਜੀਆ ਨੇ 13 ਸਤੰਬਰ ਨੂੰ ਸੈਕਟਰ-20 ਥਾਣੇ 'ਚ ਰਿਪੋਰਟ ਦਰਜ ਕਰਵਾਈ ਕਿ ਅਣਪਛਾਤੇ ਸਾਈਬਰ ਅਪਰਾਧੀਆਂ ਨੇ ਗੌਤਮਬੁੱਧ ਨਗਰ ਦੇ ਜਿਲ੍ਹਾ ਅਧਿਕਾਰੀ ਦੇ ਅਧਿਕਾਰਤ 'ਐਕਸ' ਅਕਾਊਂਟ ਨੂੰ ਹੈਕ ਕਰ ਲਿਆ ਹੈ। ਬੁਲਾਰੇ ਨੇ ਸ਼ਿਕਾਇਤ ਦੇ ਹਵਾਲੇ ਤੋਂ ਕਿਹਾ ਕਿ ਹੈਕਰ ਨੇ ਅਕਾਊਂਟ ਦੀ ਗਲਤ ਵਰਤੋਂ ਕਰਦੇ ਹੋਏ ਇਸ ਤੋਂ ਇਤਰਾਜਯੋਗ ਟਿੱਪਣੀ ਕੀਤੀ, ਜੋ ਬੇਹੱਦ ਇਤਰਾਜਯੋਗ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤ ਦੇ ਆਧਾਰ 'ਤੇ ਸੈਕਟਰ-20 ਥਾਣਾ ਪੁਲਸ ਨੇ ਸੂਚਨਾ ਤਕਨਾਲੋਜੀ (ਆਈ.ਟੀ.) ਐਕਟ ਦੀਆਂ ਧਾਰਾਵਾਂ ਦੇ ਅਧੀਨ ਮੁਕੱਦਮਾ ਦਰਜ ਕਰ ਕੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਬੁਲਾਰੇ ਅਨੁਸਾਰ, ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਜਾਂਚ ਲਈ ਇਕ ਵਿਸ਼ੇਸ਼ ਟੀਮ ਗਠਿਤ ਕੀਤੀ ਗਈ ਹੈ।



## ਔਰਤਾਂ ਨੂੰ ਨੌਕਰੀਆਂ 'ਚ 50 ਫੀਸਦੀ ਰਾਖਵਾਂਕਰਨ ਦੇਵਾਂਗੇ: ਦੁਸ਼ਯੰਤ

ਚੰਡੀਗੜ੍ਹ 16 ਸਤੰਬਰ। ਜਨਨਾਇਕ ਜਨਤਾ ਪਾਰਟੀ (ਜੇ. ਜੇ. ਪੀ) ਦੇ ਨੇਤਾ ਦੁਸਯੰਤ ਚੌਟਾਲਾ ਨੇ ਸਨੀਵਾਰ ਨੂੰ ਐਲਾਨ ਕੀਤਾ ਕਿ ਜੇਕਰ ਸੂਬੇ ਵਿਚ ਜੇਜੇਪੀ-ਆਜਾਦ ਸਮਾਜ ਪਾਰਟੀ (ਏ.ਐੱਸ.ਪੀ.) ਦੀ ਸਰਕਾਰ ਬਣਦੀ ਹੈ ਤਾਂ ਸਰਕਾਰੀ ਵਿੱਦਿਅਕ ਅਦਾਰਿਆਂ ਵਿਚ ਔਰਤਾਂ ਨੂੰ 50 ਫੀਸਦੀ ਰਾਖਵਾਂਕਰਨ ਦਿੱਤਾ ਜਾਵੇਗਾ। ਚੌਟਾਲਾ ਨੇ ਜੀਂਦ ਵਿਚ ਗਠਜੋੜ ਦੇ ਉਮੀਦਵਾਰ ਧਰਮਪਾਲ ਪ੍ਰਜਾਪਤੀ ਦੇ ਚੋਣ ਦਫਤਰ ਦੇ ਉਦਘਾਟਨ ਦੌਰਾਨ ਇਹ ਗੱਲ ਆਖੀ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਸਹਿਕਾਰੀ ਖੇਤਰ ਦੀਆਂ ਸਕੀਮਾਂ ਜਿਵੇਂ ਕਿ ਵੀਟਾ ਬੂਥ ਅਤੇ ਹਰਹਿਤ ਸਟੋਰ 'ਚ ਔਰਤਾਂ ਦੀ 33 ਫੀਸਦੀ ਹਿੱਸੇਦਾਰੀ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਆਂਗਣਵਾੜੀ ਅਤੇ ਆਸਾ ਵਰਕਰਾਂ ਦਾ ਮਾਣ ਭੱਤਾ 21 ਹਜਾਰ ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇਹਾ। ਉਨ੍ਹਾਂ ਕਿਹਾ ਕਿ ਚੋਣ ਮੈਨੀਫੈਸਟੋ 'ਤੇ ਕੰਮ ਚੱਲ ਰਿਹਾ ਹੈ ਅਤੇ ਜਲਦੀ ਹੀ ਇਸ ਨੂੰ ਜਾਰੀ ਕਰ ਦਿੱਤਾ ਜਾਵੇਗਾ। ਵਿਦਿਆਰਥੀਆਂ, ਮਜਦੂਰਾਂ, ਗਰੀਬਾਂ ਅਤੇ ਮੱਧ ਵਰਗ ਨਾਲ ਸਬੰਧਤ ਦੋ-ਪਹੀਆ ਵਾਹਨਾਂ ਨੂੰ ਟੈਕਸ ਤੋਂ ਛੋਟ ਦਿੱਤੀ ਜਾਵੇਗੀ।

## ਮਸਜਿਦ ਵਿਵਾਦ: ਰੁਕਣ ਦਾ ਨਾਂ ਨਹੀਂ ਲੈ ਰਿਹਾ ਹਿੰਦੂ ਸੰਗਠਨਾਂ ਦਾ ਵਿਰੋਧ

ਸਿਮਲਾ 16 ਸਤੰਬਰ। ਹਿਮਾਚਲ ਪ੍ਰਦੇਸ ਵਿੱਚ ਚੱਲ ਰਿਹਾ ਮਸਜਿਦ ਵਿਵਾਦ ਰੁਕਣ ਦਾ ਕੋਈ ਸੰਕੇਤ ਨਹੀਂ ਦੇ ਰਿਹਾ। ਸ?ਿਮਲਾ ਦੇ ਸੰਜੌਲੀ ਤੋਂ ਸੁਰੂ ਹੋਇਆ ਵਿਵਾਦ ਹੁਣ ਹਿਮਾਚਲ ਦੇ ਕਈ ਇਲਾਕਿਆਂ ਤੱਕ ਪਹੁੰਚ ਗਿਆ ਹੈ। ਸਰਕਾਰ ਦੀਆਂ ਸਾਂਤੀ ਦੀਆਂ ਕੋਸ?ਿਸਾਂ ਸਫਲ ਹੁੰਦੀਆਂ ਨਜਰ ਨਹੀਂ ਆ ਰਹੀਆਂ ਹਨ। ਸਨੀਵਾਰ ਨੂੰ ਹਿੰਦੂ ਸੰਗਠਨਾਂ ਨੇ ਸਿਰਮੌਰ ਦੇ ਪਾਉਂਟਾ ਸਾਹਿਬ ਅਤੇ ਸ?ਿਮਲਾ ਦੇ ਸੁੰਨੀ 'ਚ ਗੈਰ-ਕਾਨੂੰਨੀ ਮਸਜਿਦਾਂ ਖ?ਿਲਾਫ ਪ੍ਰਦਰਸਨ ਕੀਤਾ। ਇਸ ਦੇ ਨਾਲ ਹੀ ਵਿਸਵ ਹਿੰਦੂ ਪ੍ਰੀਸਦ (ਵੀਐੱਚਪੀ) ਦੇ ਦੋ ਘੰਟੇ ਦੇ ਬੰਦ ਦੇ ਮੱਦੇਨਜਰ ਕਈ ਥਾਵਾਂ 'ਤੇ ਬਾਜਾਰ ਬੰਦ ਰਹੇ। ਦੂਜੇ ਪਾਸੇ ਹਿਮਾਚਲ ਪ੍ਰਦੇਸ ਵਿੱਚ ਚੱਲ ਰਹੇ ਮਸਜਿਦ ਵਿਵਾਦ ਬਾਰੇ ਲੋਕ ਨਿਰਮਾਣ ਮੰਤਰੀ ਵਿਕਰਮਾਦਿੱਤਿਆ ਸਿੰਘ ਨੇ ਕਿਹਾ ਹੈ ਕਿ ਮੁੱਖ ਮੰਤਰੀ ਨੇ ਸੁੱਕਰਵਾਰ ਨੂੰ ਸਰਬ ਪਾਰਟੀ ਮੀਟਿੰਗ ਬੁਲਾਈ ਹੈ ਅਤੇ ਸਾਂਤੀ ਬਣਾਈ ਰੱਖਣ ਅਤੇ ਗੈਰ-ਕਾਨੂੰਨੀ ਉਸਾਰੀ ਵਿਰੁੱਧ ਕਾਨੂੰਨ ਮੁਤਾਬਕ ਕਾਰਵਾਈ ਕਰਨ ਦੀ ਗੱਲ ਕੀਤੀ ਹੈ। ਉਨ੍ਹਾਂ ਹੋਰ ਮੁੱਦਿਆਂ 'ਤੇ ਵੀ ਸਖਤ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ। ਸ੍ਰੀ ਸਿੰਘ ਨੇ ਕਿਹਾ ਕਿ ਸਾਡੀ ਸਰਕਾਰ ਜਨਤਕ ਭਾਵਨਾਵਾਂ ਦਾ ਸਤਿਕਾਰ ਕਰਦੀ ਹੈ ਅਤੇ ਆਮ ਲੋਕਾਂ ਦੇ ਨਾਲ ਖੜ੍ਹੀ ਹੈ। ਸਰਕਾਰ ਹਿੰਦੂ ਸੰਗਠਨਾਂ ਨਾਲ ਗੱਲਬਾਤ ਲਈ ਤਿਆਰ ਹੈ, ਸਰਕਾਰ ਦੇ ਦਰਵਾਜੇ ਸਾਰਿਆਂ ਲਈ ਖੁੱਲ੍ਹੇ ਹਨ।




## ਭਾਜਪਾ ਕਿਸਾਨ ਮੋਰਚਾ ਦੇ ਪ੍ਰਧਾਨ ਸੁਖਵਿੰਦਰ ਮਾਂਡੀ ਕਾਂਗਰਸ 'ਚ ਹੋਏ ਸ਼ਾਮਲ

ਹਰਿਆਣਾ 16 ਸਤੰਬਰ। ਹਰਿਆਣਾ ਭਾਜਪਾ ਕਿਸਾਨ ਮੋਰਚਾ ਦੇ ਪ੍ਰਧਾਨ ਸੁਖਵਿੰਦਰ ਮਾਂਢੀ ਸ਼ਨੀਵਾਰ ਨੂੰ ਕਾਂਗਰਸ 'ਚ ਸ਼ਾਮਲ ਹੋ ਗਏ। ਬਾਢੜਾ ਵਿਧਾਨ ਸਭਾ ਖੇਤਰ ਤੋਂ ਸਾਬਕਾ ਵਿਧਾਇਕ ਮਾਂਢੀ ਪਾਰਟੀ ਆਗੂ ਭੂਪਿੰਦਰ ਸਿੰਘ ਹੁੱਡਾ ਅਤੇ ਕਾਂਗਰਸ ਦੀ ਹਰਿਆਣਾ ਇਕਾਈ ਦੇ ਮੁਖੀ ਉਦੇਭਾਨ ਦੀ ਮੌਜੂਦਗੀ 'ਚ ਕਾਂਗਰਸ ਨਾਲ ਜੁੜੇ। ਮਾਂਢੀ ਨੂੰ ਬਾਢੜਾ ਤੋਂ ਟਿਕਟ ਮਿਲਣ ਦੀ ਉਮੀਦ ਸੀ ਪਰ ਭਾਜਪਾ ਨੇ ਉਨ੍ਹਾਂ ਨੂੰ ਆਪਣਾ ਉਮੀਦਵਾਰ ਨਹੀਂ ਬਣਾਇਆ। ਕਾਂਗਰਸ ਨੇ ਇਕ ਬਿਆਨ 'ਚ ਹੁੱਡਾ ਅਤੇ ਭਾਨ ਨੇ ਮਾਂਢੀ ਦਾ ਪਾਰਟੀ 'ਚ ਸਵਾਗਤ ਕੀਤਾ। ਇਸ ਤੋਂ ਪਹਿਲੇ ਭਾਜਪਾ ਦੀ ਹਰਿਆਣਾ ਇਕਾਈ ਦੇ ਨੇਤਾ ਅਤੇ ਸਾਬਕਾ ਮੰਤਰੀ ਕਰਨਦੇਵ ਕੰਬੋਜ ਸ਼ੁੱਕਰਵਾਰ ਨੂੰ ਪਾਰਟੀ ਛੱਡ ਕੇ ਕਾਂਗਰਸ 'ਚ ਸ਼ਾਮਲ ਹੋ ਗਏ ਸਨ। ਕੰਬੋਜ ਨੇ ਅਗਲੇ ਮਹੀਨੇ ਹੋਣ ਵਾਲੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਲਈ ਟਿਕਟ ਨਹੀਂ ਮਿਲਣ ਤੋਂ ਬਾਅਦ ਹਾਲ 'ਚ ਭਾਜਪਾ ਦੀ ਪ੍ਰਦੇਸ਼ ਇਕਾਈ ਦੇ ਹੋਰ ਪਿਛੜਾ ਵਰਗ (ਓ.ਬੀ.ਸੀ.) ਮੋਰਚਾ ਦੇ ਮੁਖੀ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਕੰਬੋਜ ਰਾਦੌਰ ਜਾਂ ਇੰਦਰੀ ਸੀਟ ਤੋਂ ਟਿਕਟ ਚਾਹੁੰਦੇ ਸਨ। ਉਨ੍ਹਾਂ ਨੇ ਪਿਛਲੇ ਹਫਤੇ ਦਾਅਵਾ ਕੀਤਾ ਸੀ ਕਿ ਭਾਜਪਾ ਨੇ ਪਾਰਟੀ 'ਚ ਨਵੇਂ-ਨਵੇਂ ਸ਼ਾਮਲ ਹੋਏ ਕਈ ਲੋਕਾਂ ਅਤੇ ਦਲਬਦਲੂਆਂ ਨੂੰ ਟਿਕਟ ਦਿੱਤਾ ਹੈ, ਜਦੋਂ ਕਿ ਉਨ੍ਹਾਂ ਲੋਕਾਂ ਦੀ ਅਣਦੇਖੀ ਕੀਤੀ ਹੈ।



## ਹੁਣ ਮੈਂ ਸੇਵਾਮੁਕਤ ਜੱਜਾਂ ਨਾਲੋਂ ਵੱਧ ਨੌਜਵਾਨ ਵਕੀਲਾਂ ਨੂੰ ਬਣਾਉਂਦਾ ਹਾਂ ਵਿਚੋਲੇ: ਚੰਦਰਚੂੜ

ਨਵੀਂ ਦਿੱਲੀ 16 ਸਤੰਬਰ। ਭਾਰਤ ਦੇ ਚੀਫ ਜਸਟਿਸ ਡੀ. ਵਾਈ. ਚੰਦਰਚੂੜ ਨੇ ਦੱਸਿਆ ਕਿ ਕਿਵੇਂ ਸਿਰਫ ਸੇਵਾਮੁਕਤ ਜੱਜਾਂ ਨੂੰ ਵਿਚੋਲੇ ਨਿਯੁਕਤ ਕਰਨ ਦੀ ਰਵਾਇਤ ਘੱਟ ਹੋ ਰਹੀ ਹੈ। ਉਨ੍ਹਾਂ ਨੇ ਇਸ ਤਬਦੀਲੀ ਦਾ ਸਿਹਰਾ ਭਾਰਤ ਦੇ ਨੌਜਵਾਨ ਵਕੀਲਾਂ ਦੀ ਵਧਦੀ ਪ੍ਰਤਿਭਾ ਨੂੰ ਦਿੱਤਾ ਹੈ, ਜੋ ਹੁਣ ਵਿਚੋਲੇ ਵਜੋਂ ਆਪਣੀ ਯੋਗਤਾ ਅਤੇ ਹੁਨਰ ਨਾਲ ਸਾਨਦਾਰ ਪ੍ਰਦਰਸਨ ਕਰ ਰਹੇ ਹਨ। ਬਾਰ ਐਂਡ ਬੈਂਚ ਦੀ ਰਿਪੋਰਟ ਮੁਤਾਬਕ ਚੀਫ ਜਸਟਿਸ ਨੇ ਦੱਸਿਆ ਕਿ ਪਿਛਲੇ ਕੁਝ ਮਹੀਨਿਆਂ ਵਿਚ ਉਨ੍ਹਾਂ ਵੱਲੋਂ ਨਿਯੁਕਤ ਕੀਤੇ ਗਏ 45 ਵਿਚੋਲਿਆਂ ਵਿਚੋਂ ਘੱਟ ਤੋਂ ਘੱਟ 23 ਵਕੀਲ ਸਨ। ਚੀਫ ਜਸਟਿਸ ਕਿਹਾ ਕਿ ਪਹਿਲਾਂ ਮੇਰਾ ਝੁਕਾਅ ਸੇਵਾਮੁਕਤ ਜੱਜਾਂ ਦੀ ਨਿਯੁਕਤੀ ਵੱਲ ਹੁੰਦਾ ਸੀ, ਕਿਉਂਕਿ ਇਹ ਸਾਡੀ ਇਕ ਆਦਤ ਬਣ ਚੁੱਕੀ ਸੀ ਪਰ ਹੁਣ ਮੈਂ ਭਾਰਤ ਵਿਚ ਪ੍ਰਤਿਭਾਸਾਲੀ ਵਿਲੋਚੇ ਵਕੀਲਾਂ ਦੇ ਸਮੂਹ ਦੀ ਚੋਣ ਕਰਨ 'ਤੇ ਜੋਰ ਦੇਣਾ ਸ਼ੁਰੂ ਕਰ ਦਿੱਤਾ ਹੈ।

## ਮੋਦੀ ਸਰਕਾਰ ਕਿਸਾਨਾਂ ਨੂੰ ਵਾਜਬ ਭਾਅ ਦਿਵਾਉਣ ਲਈ ਵਧਾ ਰਹੀ ਹੈ ਬਰਾਮਦ: ਅਮਿਤ ਸਾਹ

ਨਵੀਂ ਦਿੱਲੀ 16 ਸਤੰਬਰ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ਨੀਵਾਰ ਨੂੰ ਕਿਹਾ ਕਿ ਨਰਿੰਦਰ ਮੋਦੀ ਅਗਵਾਈ ਵਾਲੀ ਸਰਕਾਰ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦੇ ਵਾਜਬ ਭਾਅ ਯਕੀਨੀ ਬਣਾਉਣ ਲਈ ਬਰਾਮਦਗੀ 'ਚ ਵਾਧਾ ਕਰ ਰਹੀ ਹੈ। ਅਮਿਤ ਸਾਹ ਨੇ ਇਹ ਵੀ ਕਿਹਾ ਕਿ ਕਿਸਾਨਾਂ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਸਰਕਾਰ ਨੇ ਪਿਆਜ ਅਤੇ ਬਾਸਮਤੀ ਚੌਲਾਂ ਦੇ ਘ ੱ ਟ ੋ - ਘ ੱ ਟ ਨਿਰਯਾਤ ਮੁੱਲ () ਨੂੰ ਹਟਾਉਣ ਸਮੇਤ ਤਿੰਨ ਮਹੱਤਵਪੂਰਨ ਫੈਸਲੇ ਲਏ ਹਨ। ਉਨ੍ਹਾਂ ਨੇ 'ਐਕਸ' 'ਤੇ ਕਿਹਾ ਕਿ ਮੋਦੀ ਸਰਕਾਰ ਨੇ ਪਿਆਜ 'ਤੇ ਘੱਟੋ ਘੱਟ ਬਰਾਮਦ ਮੁੱਲ ਨੂੰ ਹਟਾਉਣ ਅਤੇ ਬਰਾਮਦ ਡਿਊਟੀ ਨੂੰ 40 ਫੀਸਦੀ ਤੋਂ ਘਟਾ ਕੇ 20 ਫੀਸਦੀ ਕਰਨ ਦਾ ਫੈਸਲਾ ਕੀਤਾ ਹੈ। ਇਸ ਤੋਂ ਪਿਆਜ ਦੀ ਬਰਾਦਮਗੀ ਵਧੇਗੀ, ਜਿਸ ਨਾਲ ਪਿਆਜ ਉਤਪਾਦਕ ਕਿਸਾਨਾਂ ਦੀ ਆਮਦਨ 'ਚ ਵਾਧਾ ਹੋਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਬਾਸਮਤੀ ਚੌਲਾਂ 'ਤੇ ਨੂੰ ਖਤਮ ਕਰਨ ਦਾ ਫੈਸਲਾ ਲਿਆ ਹੈ, ਜਿਸ ਨਾਲ ਬਾਸਮਤੀ ਚੌਲ ਦੇ ਉਤਪਾਦਕ ਕਿਸਾਨ ਇਨ੍ਹਾਂ ਦੀ ਬਰਾਮਦਗੀ ਕਰ ਕੇ ਵੱਧ ਮੁਨਾਫਾ ਲੈ ਸਕਣਗੇ। ਸ਼ਾਹ ਨੇ ਕਿਹਾ ਕਿ ਮੋਦੀ ਸਰਕਾਰ ਨੇ ਕੱਚੇ ਪਾਮ, ਸੋਇਆ ਅਤੇ ਸੂਰਜਮੁਖੀ ਦੇ ਤੇਲਾਂ ਦੀ ਦਰਾਮਦ 'ਤੇ ਡਿਊਟੀ 12.5 ਫੀਸਦੀ ਤੋਂ 32.5 ਫੀਸਦੀ ਵਧਾਉਣ ਅਤੇ ਇਨ੍ਹਾਂ ਦੇ ਰਿਫਾਇੰਡ ਤੇਲ 'ਤੇ ਡਿਊਟੀ 13.75 ਫੀਸਦੀ ਤੋਂ 35.75 ਫੀਸਦੀ ਕਰਨ ਦਾ ਫੈਸਲਾ ਲਿਆ ਹੈ। ਇਸ ਨਾਲ ਭਾਰਤ ਦੇ ਸੋਇਆਬੀਨ ਦੇ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦੇ ਵਧੀਆ ਭਾਅ ਮਿਲਣਗੇ ਅਤੇ ਉਨ੍ਹਾਂ ਦੀ ਆਮਦਨ ਵਧੇਗੀ।



## ਸਕੂਲ ਆਫ ਐਮੀਨੈਂਸ ਦੀਆਂ ਸਹੂਲਤਾਂ ਪ੍ਰਾਈਵੇਟ ਸਕੂਲਾਂ ਨੂੰ ਕਰ ਰਹੀਆਂ ਫੇਲ੍ਹ

**ਏਜੰਸੀਆਂ**

ਜਲੰਧਰ 16 ਸਤੰਬਰ। ਸਿੱਖਿਆ ਹਰ ਬੱਚੇ ਦਾ ਅਧਿਕਾਰ ਹੈ ਅਤੇ ਹਰ ਸਰਕਾਰ ਦੀ ਜ?ਿਮੇਵਾਰੀ ਵੀ ਬਣਦੀ ਹੈ ਕਿ ਉਹ ਆਪਣੇ ਸੂਬੇ 'ਚ ਬੱਚਿਆਂ ਨੂੰ ਵਧੀਆ ਅਤੇ ਉੱਚ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਵਾਉਣ ਹੈ। ਇਸ ਵਿਚਾਲੇ ਪੰਜਾਬ ਸਰਕਾਰ ਵੱਲੋਂ ਪੰਜਾਬ ਸਕੂਲ ਆਫ ਐਮੀਨੈਂਸ ਸੁਰੂ ਕੀਤਾ ਗਿਆ ਇਕ ਬਹੁਤ ਵੱਡਾ ਉਪਰਾਲਾ ਹੈ। ਪੰਜਾਬ ਸਰਕਾਰ ਦਾ ਮੁੱਖ ਮਕਸਦ ਸਰਕਾਰੀ ਸਕੂਲਾਂ ਨੂੰ ਵਿਸਵ ਪੱਧਰੀ ਮਿਆਰਾਂ 'ਤੇ ਲਿਆਉਣਾ ਹੈ। ਇਹ ਯੋਜਨਾ ਸੂਬੇ ਦੇ 117 ਸਕੂਲਾਂ ਵਿੱਚ ਸੁਰੂ ਕੀਤੀ ਗਈ ਹੈ, ਜਿਸ ਤਹਿਤ ਵਿਦਿਆਰਥੀਆਂ ਦੇ ਸਮੂਹਿਕ ਵਿਕਾਸ, ਅਧਿਆਪਕਾਂ ਦੀ ਟ੍ਰੇਨਿੰਗ ਅਤੇ ਸਕੂਲਾਂ ਦੀਆਂ ਭੌਤਿਕ ਸਹੂਲਤਾਂ 'ਤੇ ਜੋਰ ਦਿੱਤਾ ਜਾ ਰਿਹਾ ਹੈ। ਸਕੂਲਾਂ 'ਚ ਸਿਰਫ ਅਕਾਦਮਿਕ ਸਿੱਖਿਆ ਹੀ ਨਹੀਂ, ਸਗੋਂ ਵਿਦਿਆਰਥੀਆਂ ਦੇ ਸਰੀਰਕ, ਮਾਨਸਿਕ ਅਤੇ ਸਮਾਜਿਕ ਵਿਕਾਸ ਲਈ ਵੀ ਕਾਰਗਰ ਕਦਮ ਚੁੱਕੇ ਜਾ ਰਹੇ ਹਨ, ਜਿਸ ਨਾਲ ਉਹਨਾਂ ਦਾ ਸਮੂਹਿਕ ਵਿਕਾਸ ਹੋਵੇ। ਪੰਜਾਬ ਸਰਕਾਰ ਦਾ ਵਾਅਦਾ ਹੈ ਕਿ ਬੱਚਿਆਂ ਨੂੰ ਮੁਫਤ ਸਿੱਖਿਆ ਦਿੱਤੀ ਜਾਵੇਗੀ ਤਾਂ ਜੋ ਬੱਚੇ ਆਪਣਾ ਸੁਫਨਾ ਪੂਰਾ ਕਰ ਸਕਣ। ਸਕੂਲ ਆਫ ਐਮੀਨੈਂਸ ਆਧੁਨਿਕ ਬੁਨਿਆਦੀ ਢਾਂਚੇ ਨਾਲ ਲੈਸ ਹਨ। ਇਸ ਵਿਚ ਵਿਦਿਆਰਥੀਆਂ ਲਈ ਜਿਮ, ਖੇਡ ਦੇ ਮੈਦਾਨ, ਆਧੁਨਿਕ ਪ੍ਰਯੋਗਸ਼ਾਲਾਵਾਂ, ਲਾਇਬ੍ਰੇਰੀਆਂ ਅਤੇ ਹੋਰ ਵੀ ਕਈ ਸਹੂਲਤਾਂ ਸ਼ਾਮਲ ਹਨ। ਇਸ ਵਿਚਾਲੇ ਲੁਧਿਆਣਾ ਸਕੂਲ ਆਫ ਐਮੀਨੈਂਸ ਦੀ ਵਿਦਿਆਰਥਣ ਅਲਕਾ ਦਾ ਕਹਿਣਾ ਹੈ ਕਿ ਪਹਿਲਾਂ ਜਿਹੜਾ ਸਰਕਾਰੀ ਸਕੂਲ ਦੀ ਉਸ ਦੇ ਕਮਰੇ ਬਹੁਤ ਛੋਟੇ ਸੀ, ਜਿਸ ਕਾਰਨ ਸਾਨੂੰ ਬੈਠਣ 'ਚ ਤੰਗੀ ਆਉਂਦੀ ਅਤੇ ਸਹੀ ਤਰੀਕੇ ਨਾਲ ਪੜ੍ਹਾਈ ਨਹੀਂ ਕਰ ਪਾ ਰਹੇ ਸੀ। ਪਰ ਪੰਜਾਬ ਸਰਕਾਰ ਵੱਲੋਂ ਸਾਨੂੰ ਸਕੂਲ ਆਫ ਐਮੀਨੈਂਸ 'ਚ ਜੋ ਸਾਨੂੰ ਸਹੂਲਤਾਂ ਮਿਲੀਆਂ ਹਨ ਉਸ ਨਾਲ ਅਸੀਂ ਸਾਰੇ ਵਿਦਿਆਰਥੀ ਬਹੁਤ ਖੁਸ਼ ਹਾਂ। ਇਸ ਤਰ੍ਹਾਂ ਇਕ ਹੋਰ ਵਿਦਿਆਰਥਣ ਦਿਸ਼ਾ ਦਾ ਕਹਿਣਾ ਹੈ ਕਿ ਮੈਂ ਪਹਿਲਾਂ ਪ੍ਰਾਈਵੇਟ ਸਕੂਲ ਪੜ੍ਹਦੀ ਸੀ ਪਰ ਘਰ ਦੀ ਵਿੱਤੀ ਹਾਲਾਤ ਕਾਰਨ ਮੈਨੂੰ ਸਰਕਾਰੀ ਸਕੂਲ 'ਚ ਜਾਣਾ ਪਿਆ, ਪਰ ਪੰਜਾਬ ਸਰਕਾਰ ਵੱਲੋਂ ਸਕੂਲ ਆਫ ਐਮੀਨੈਂਸ ਦੀਆਂ ਸਹੂਲਤਾਂ ਦਿੱਤੀਆਂ ਗਈਆਂ ਹਨ ਉਹ ਪ੍ਰਾਈਵੇਟ ਸਕੂਲਾਂ ਨੂੰ ਫੇਲ੍ਹ ਕਰ ਰਹੀਆਂ ਹਨ। ਇਸੇ ਦੌਰਾਨ ਲੁਧਿਆਣਾ ਸਕੂਲ ਦੇ ਪ੍ਰਿੰਸੀਪਲ ਜਸਵਿੰਦਰ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਮੁਫਤ 'ਚ ਜੇ. ਈ. ਈ ਅਤੇ ਨੀਟ ਦੀਆਂ ਕੋਚਿੰਗ ਦਿੱਤੀ ਜਾ ਰਹੀ ਹੈ, ਜੋ ਬਹੁਤ ਵਧੀਆ ਉਪਰਾਲਾ ਹੈ।



## ਊਧਵ ਠਾਕਰੇ ਕਿਉਂ ਨਹੀਂ ਬਣਨਾ ਚਾਹੁੰਦੇ ਮਹਾਰਾਸ਼ਟਰ ਦੇ ਮੁੱਖ ਮੰਤਰੀ

ਅਹਿਮਦਨਗਰ 16 ਸਤੰਬਰ। ਨੇਤਾ ਊਧਵ ਠਾਕਰੇ ਨੇ ਕਿਹਾ ਕਿ ਉਹ ਕਦੀ ਵੀ ਮਹਾਰਾਸਟਰ ਦੇ ਮੁੱਖ ਮੰਤਰੀ ਬਣਨ ਦੀ ਇੱਛਾ ਨਹੀਂ ਰੱਖਦੇ ਸਨ। ਉਨ੍ਹਾਂ ਦਾ ਇਹ ਬਿਆਨ ਮਹਾ ਵਿਕਾਸ ਅਗਾੜੀ (ਐੱਮ.ਵੀ.ਏ.) ਦੇ ਸਹਿਯੋਗੀਆਂ ਵੱਲੋਂ ਆਗਾਮੀ ਮਹਾਰਾਸਟਰ ਵਿਧਾਨ ਸਭਾ ਚੋਣਾਂ 'ਚ ਮੁੱਖ ਮੰਤਰੀ ਦੇ ਅਹੁਦੇ ਲਈ ਚੋਣ ਮੈਦਾਨ 'ਚ ਉਤਾਰੇ ਜਾਣ ਦੇ ਪਿਛੋਕੜ 'ਚ ਆਇਆ ਹੈ। ਅਹਿਮਦਨਗਰ 'ਚ ਪ੍ਰਦਰਸਨਕਾਰੀਆਂ ਨੂੰ ਸੰਬੋਧਨ ਕਰਦਿਆਂ ਠਾਕਰੇ ਨੇ ਕਿਹਾ ਕਿ ਉਨ੍ਹਾਂ ਦੀ (ਨਵੰਬਰ) 2019 'ਚ ਵੀ ਮੁੱਖ ਮੰਤਰੀ ਬਣਨ ਦੀ ਕੋਈ ਇੱਛਾ ਨਹੀਂ ਸੀ। ਠਾਕਰੇ ਨੇ ਕਿਹਾ, "ਮੈਂ ਸੱਤਾ 'ਚ ਹਾਂ ਜਾਂ ਨਹੀਂ, ਮੈਂ ਲੋਕਾਂ ਦੇ ਸਮਰਥਨ ਵੱਲੋਂ ਤਾਕਤਵਰ ਮਹਿਸੂਸ ਕਰਦਾ ਹਾਂ। ਬਾਲਾ ਸਾਹਿਬ (ਠਾਕਰੇ) ਕਦੇ ਵੀ ਸੱਤਾ 'ਚ ਨਹੀਂ ਸਨ ਪਰ ਲੋਕਾਂ ਦੇ ਸਮਰਥਨ ਕਾਰਨ ਸਾਰੀਆਂ ਸਕਤੀਆਂ ਉਨ੍ਹਾਂ ਕੋਲ ਸਨ।" ਉਹ ਪੁਰਾਣੀ ਪੈਨਸਨ ਸਕੀਮ ਦੀ ਬਹਾਲੀ ਲਈ ਪ੍ਰਦਰਸਨ ਕਰ ਰਹੇ ਸੂਬਾ ਸਰਕਾਰ ਦੇ ਮੁਲਾਜਮਾਂ ਨੂੰ ਸੰਬੋਧਨ ਕਰ ਰਹੇ ਸਨ। ਠਾਕਰੇ ਨੇ ਪਿਛਲੇ ਮਹੀਨੇ ਰਾਸਟਰਵਾਦੀ ਕਾਂਗਰਸ ਪਾਰਟੀ (ਐੱਸ.ਪੀ.) ਅਤੇ ਕਾਂਗਰਸ ਨੂੰ ਮਹਾਂ ਵਿਕਾਸ ਅਗਾੜੀ ਲਈ ਮੁੱਖ ਮੰਤਰੀ ਦੇ ਅਹੁਦੇ ਦਾ ਫੈਸਲਾ ਕਰਨ ਲਈ ਕਿਹਾ ਸੀ ਪਰ ਕੋਈ ਸਕਾਰਾਤਮਕ ਜਵਾਬ ਨਹੀਂ ਮਿਲਿਆ। ਐੱਮ.ਵੀ.ਏ. ਦੇ ਚੀਫ ਆਰਕੀਟੈਕਟ ਅਤੇ ਐੱਨ.ਸੀ.ਪੀ. (ਐੱਸ.ਪੀ.) ਦੇ ਮੁਖੀ ਸਰਦ ਪਵਾਰ ਨੇ ਕਿਹਾ ਸੀ ਕਿ ਮੁੱਖ ਮੰਤਰੀ ਦੇ ਚਿਹਰੇ ਦਾ ਐਲਾਨ ਕਰਨ ਲਈ ਗਠਜੋੜ ਦੀ ਕੋਈ ਲੋੜ ਨਹੀਂ ਹੈ।

## ਕਾਂਗਰਸ ਪ੍ਰਧਾਨ ਦੀ ਭਾਸ਼ਾ ਅਫਸਰਾਂ ਤੇ ਮੁਲਾਜਮਾਂ ਦਾ ਕਰਦੀ ਹੈ ਅਪਮਾਨ : ਯਾਦਵ

**ਤੇਜਿੰਦਰ ਕੌਰ ਬੱਬਰ**

ਭੋਪਾਲ 16 ਸਤੰਬਰ। ਮੱਧ ਪ੍ਰਦੇਸ ਦੇ ਮੁੱਖ ਮੰਤਰੀ ਡਾ: ਮੋਹਨ ਯਾਦਵ ਨੇ ਅੱਜ ਸੂਬਾ ਕਾਂਗਰਸ ਪ੍ਰਧਾਨ ਜੀਤੂ ਪਟਵਾਰੀ 'ਤੇ ਨਿਸਾਨਾ ਸਾਧਦੇ ਕਿਹਾ ਕਿ ਸੂਬਾ ਸਰਕਾਰ ਦੇ ਅਧਿਕਾਰੀ ਅਤੇ ਕਰਮਚਾਰੀ ਤਨਦੇਹੀ ਅਤੇ ਲਗਨ ਨਾਲ ਕੰਮ ਕਰ ਰਹੇ ਹਨ ਅਤੇ ਸ੍ਰੀ ਪਟਵਾਰੀ ਦੀ ਭਾਸਾ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਅਪਮਾਨ ਹੈ। ਡਾ: ਯਾਦਵ ਨੇ ਨਰਮਦਾਪੁਰਮ 'ਚ ਬੀਤੇ ਦਿਨੀਂ ਸ੍ਰੀ ਪਟਵਾਰੀ ਵੱਲੋਂ ਅਫਸਰਾਂ ਬਾਰੇ ਦਿੱਤੇ ਬਿਆਨ 'ਤੇ ਕਾਂਗਰਸ ਨੂੰ ਘੇਰਦਿਆਂ ਕਿਹਾ ਕਿ ਰੱਸੀ ਫੂਕ ਹੋ ਗਈ ਪਰ ਜੋਰ ਨਹੀਂ ਮਿਟਿਆ। ਪਿਛਲੇ 20 ਸਾਲਾਂ ਤੋਂ ਕਾਂਗਰਸ ਪ੍ਰਦੇਸ਼ ਵਿਚ ਸੱਤਾ ਤੋਂ ਬਾਹਰ ਹੈ, ਵਿਚਕਾਰ ਕੁਝ ਸਮਾਂ ਮਿਲਿਆ ਪਰ ਸਰਕਾਰ ਚਲਾ ਨਹੀਂ ਸਕੇ ਅਤੇ ਹੁਣ ਵੀ ਜਿਸ ਤਰ੍ਹਾਂ ਸ੍ਰੀ ਪਟਵਾਰੀ ਨੇ ਮੁਲਾਜਮਾਂ ਅਤੇ ਅਧਿਕਾਰੀਆਂ ਨਾਲ ਗੱਲ ਕੀਤੀ, ਉਹ ਸਮੁੱਚੇ ਮੁਲਾਜਮਾਂ ਅਤੇ ਅਧਿਕਾਰੀਆਂ ਦਾ ਅਪਮਾਨ ਹੈ। ਇਸ ਲਈ ਉਹਨਾਂ ਨੂੰ ਮੁਆਫੀ ਮੰਗਣੀ ਚਾਹੀਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਕਿਸੇ ਵੀ ਵਿਅਕਤੀ ਵੱਲੋਂ ਅਧਿਕਾਰੀਆਂ ਤੇ ਕਰਮਚਾਰੀਆਂ ਦਾ ਅਪਮਾਨ ਕਰਨਾ ਉਚਿਤ ਨਹੀਂ ਹੈ। ਸੂਬਾ ਸਰਕਾਰ ਦੇ ਅਧਿਕਾਰੀ ਅਤੇ ਕਰਮਚਾਰੀ ਤਨਦੇਹੀ ਅਤੇ ਲਗਨ ਨਾਲ ਕੰਮ ਕਰ ਰਹੇ ਹਨ। ਸਰਕਾਰ ਸਮਾਜ ਦੇ ਸਾਰੇ ਵਰਗਾਂ ਦੀ ਬਿਹਤਰੀ ਲਈ ਸਾਰਿਆਂ ਨੂੰ ਨਾਲ ਲੈ ਕੇ ਚੱਲ ਰਹੀ ਹੈ। ਸੂਬਾ ਸਰਕਾਰ ਸਾਰੇ ਅਧਿਕਾਰੀਆਂ ਤੇ ਕਰਮਚਾਰੀਆਂ ਨਾਲ ਖੜ੍ਹੀ ਹੈ। ਸਰਕਾਰ ਅਤੇ ਸਿਸਟਮ ਪ੍ਰਤੀ ਉਸਦੀ ਵਫਾਦਾਰੀ 'ਤੇ ਕੋਈ ਸਵਾਲ ਨਹੀਂ ਉਠਾ ਸਕਦਾ। ਉਨ੍ਹਾਂ ਨੂੰ ਬਿਨਾਂ ਕਿਸੇ ਡਰ ਤੋਂ ਜਨਤਾ ਦੀ ਬਿਹਤਰੀ ਲਈ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਇਸੇ ਤਰ੍ਹਾਂ ਦੇ ਠੋਸ ਕੰਮ ਕਰਦੀ ਰਹੇਗੀ। ਸ੍ਰੀ ਪਟਵਾਰੀ ਨੇ ਕੱਲ੍ਹ ਨਰਮਦਾਪੁਰਮ ਜ?ਿਲ੍ਹੇ ਵਿੱਚ ਕਾਂਗਰਸ ਦੀ ਨਿਆਏ ਯਾਤਰਾ ਦੌਰਾਨ ਨਰਮਦਾਪੁਰਮ ਕੁਲੈਕਟਰ 'ਤੇ ਗੰਭੀਰ ਦੋਸ ਲਾਏ ਸਨ। ਇਸ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਕੱਲ੍ਹ ਤੋਂ ਸ੍ਰੀ ਪਟਵਾਰੀ 'ਤੇ ਹਮਲੇ ਕਰ ਰਹੀ ਹੈ।



# ਪੰਜਾਬ ਦੇ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੇ ਆਮ ਆਦਮੀ ਕਲੀਨਿਕ

ਜਲੰਧਰ 16 ਸਤੰਬਰ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸੂਬੇ ਭਰ ਵਿਚ ਆਮ ਆਦਮੀ ਕਲੀਨਿਕ ਸ਼ੁਰੂ ਕਰਕੇ ਸਿੱਖਿਆ ਕ੍ਰਾਂਤੀ ਵੱਲ ਕਦਮ ਵਧਾਇਆ ਹੈ। ਮੁੱਖ ਮੰਤਰੀ ਦਾ ਮੰਤਵ ਇਹ ਯਕੀਨੀ ਬਣਾਉਣਾ ਹੈ ਕਿ ਪੰਜਾਬ ਦੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ 3-4 ਕਿਲੋਮੀਟਰ ਦੇ ਘੇਰੇ ਵਿਚ ਮੁਫਤ ਸਿਹਤ ਸੇਵਾਵਾਂ ਦੀ ਪਹੁੰਚ ਹੋਵੇ। ਇਸ ਸਾਲ ਦੀ ਸ਼ੁਰੂਆਤ ਵਿਚ ਪੰਜਾਬ ਵਿਚ 677 ਆਮ ਆਦਮੀ ਕਲੀਨਿਕ ਸਨ। ਇਸ ਸਾਲ 2 ਮਾਰਚ ਨੂੰ ਮੁੱਖ ਮੰਤਰੀ ਮਾਨ ਨੇ ਪੰਜਾਬ ਵਿਚ 165 ਹੋਰ ਆਮ ਆਦਮੀ ਕਲੀਨਿਕਾਂ ਦਾ ਉਦਘਾਟਨ ਕੀਤਾ, ਜਿਸ ਨਾਲ ਇਨ੍ਹਾਂ ਦੀ ਕੁੱਲ ਗਿਣਤੀ 842 ਹੋ ਗਈ ਹੈ। ਇਨ੍ਹਾਂ ਵਿਚ ਲੋਕਾਂ ਨੂੰ ਮੁਫਤ ਡਾਕਟਰੀ ਸਲਾਹ, ਦਵਾਈਆਂ ਅਤੇ ਕਲੀਨਿਕਲ ਟੈਸਟ ਮੁਹੱਈਆ ਕਰਵਾਏ ਜਾਂਦੇ ਹਨ। ਪੰਜਾਬ ਦੀ 65% ਆਬਾਦੀ ਪੇਂਡੂ ਖੇਤਰਾਂ ਵਿਚ ਰਹਿੰਦੀ ਹੈ। ਇਸ ਦੇ ਮੱਦੇਨਜਰ ਮੁੱਖ ਮੰਤਰੀ ਨੇ ਸਹਿਰੀ ਖੇਤਰਾਂ ਨਾਲੋਂ ਇਨ੍ਹਾਂ ਖੇਤਰਾਂ ਵਿਚ ਜਿ਼ਆਦਾ ਆਮ ਆਦਮੀ ਕਲੀਨਿਕਾਂ ਦੀ ਸਥਾਪਨਾ ਨੂੰ ਤਰਜੀਹ ਦਿੱਤੀ ਹੈ। ਕੁੱਲ 842 ਕਲੀਨਿਕਾਂ ਵਿਚੋਂ 530 ਕਲੀਨਿਕ ਪੇਂਡੂ ਖੇਤਰਾਂ ਵਿਚ ਸਥਿਤ ਹਨ ਅਤੇ 312 ਕਲੀਨਿਕ ਸਹਿਰੀ ਖੇਤਰਾਂ ਵਿਚ ਸਥਾਪਤ ਕੀਤੇ ਗਏ ਹਨ। ਇਸ ਦੇ ਨਤੀਜੇ ਵਜੋਂ, ਲੋਕਾਂ ਨੂੰ ਦਵਾਈ ਲੈਣ, ਰੁਟੀਨ ਬਿਮਾਰੀਆਂ ਦੇ ਇਲਾਜ ਜਾਂ ਡਾਇਗਨੌਸਟਿਕ ਟੈਸਟਾਂ ਲਈ ਲੰਬੀਆਂ ਲਾਈਨਾਂ ਦਾ ਸਾਹਮਣਾ ਕਰਨ ਦੀ ਲੋੜ ਨਹੀਂ ਹੈ। ਇਸ ਤੋਂ ਇਲਾਵਾ, ਆਮ ਆਦਮੀ ਕਲੀਨਿਕਾਂ ਕਾਰਨ ਪੰਜਾਬ ਭਰ ਦੇ ਸਰਕਾਰੀ ਹਸਪਤਾਲਾਂ 'ਤੇ ਦਬਾਅ ਬਹੁਤ ਘੱਟ ਗਿਆ ਹੈ। ਆਮ ਆਦਮੀ ਕਲੀਨਿਕਾਂ ਨੇ ਜਨਤਾ ਨੂੰ ਬਹੁਤ ਸਾਰੀਆਂ ਸੇਵਾਵਾਂ ਅਤੇ ਦਵਾਈਆਂ ਪ੍ਰਦਾਨ ਕਰਕੇ ਸਿਹਤ ਖੇਤਰ 'ਤੇ ਕਾਫੀ ਪ੍ਰਭਾਵ ਪਾਇਆ ਹੈ। ਅੱਜ ਤੱਕ, 1 ਕਰੋੜ 90 ਲੱਖ ਤੋਂ ਵੱਧ ਮਰੀਜਾਂ ਨੇ ਆਮ ਆਦਮੀ ਕਲੀਨਿਕਾਂ ਵਿਖੇ ਮੁਫਤ ਸਿਹਤ ਸੇਵਾਵਾਂ ਦਾ ਲਾਭ ਲਿਆ ਹੈ। ਹਰੇਕ ਕਲੀਨਿਕ ਵਿਚ ਇਕ ਮੈਡੀਕਲ ਅਫਸਰ, ਇਕ ਫਾਰਮਾਸਿਸਟ, ਇਕ ਕਲੀਨਿਕ ਸਹਾਇਕ, ਅਤੇ ਇਕ ਸਵੀਪਰ-ਕਮ-ਹੈਲਪਰ ਹੈ। ਮੈਡੀਕਲ ਅਫਸਰ, ਫਾਰਮਾਸਿਸਟ ਅਤੇ ਕਲੀਨਿਕ ਸਹਾਇਕ ਲਈ ਸੂਚੀਬੱਧ ਫੀਸਾਂ 'ਤੇ ਤਕਰੀਬਨ 57.31 ਕਰੋੜ ਰੁਪਏ ਦਾ ਖਰਚਾ ਆਉਂਦਾ ਹੈ। ਇਸ ਵੇਲੇ ਇਨ੍ਹਾਂ ਕਲੀਨਿਕਾਂ ਵਿਚ 80 ਤਰ੍ਹਾਂ ਦੀਆਂ ਦਵਾਈਆਂ ਉਪਲਬਧ ਹਨ, ਜੋ ਸਰਕਾਰ ਦੁਆਰਾ ਤਕਰੀਬਨ 50 ਕਰੋੜ ਰੁਪਏ ਦੀ ਲਾਗਤ ਨਾਲ ਖਰੀਦੀਆਂ ਗਈਆਂ ਹਨ। ਇਨ੍ਹਾਂ ਕਲੀਨਿਕਾਂ ਰਾਹੀਂ ਹੁਣ ਤੱਕ 450 ਕਰੋੜ ਰੁਪਏ ਦੀਆਂ ਦਵਾਈਆਂ ਮਰੀਜਾਂ ਨੂੰ ਮੁਫਤ ਮੁਹੱਈਆ ਕਰਵਾਈਆਂ ਜਾ ਚੁੱਕੀਆਂ ਹਨ। ਮਰੀਜਾਂ ਦੇ 38 ਡਾਇਗਨੌਸਟਿਕ ਟੈਸਟ ਮੁਫਤ ਦਿੱਤੇ ਜਾਂਦੇ ਹਨ, ਜਿਸ ਦਾ ਖਰਚਾ 21.11 ਕਰੋੜ ਰੁਪਏ ਦੇ ਕਰੀਬ ਹੈ। ਇਨ੍ਹਾਂ ਕਲੀਨਿਕਾਂ ਨਾਲ ਲੋਕਾਂ ਦੀ ਜੇਬ ਤੋਂ ਵਾਧੂ ਭਾਰ ਕਾਫੀ ਘਟਿਆ ਹੈ। ਹੁਣ ਤਕ ਆਮ ਆਦਮੀ ਕਲੀਨਿਕਾਂ ਕਾਰਨ ਲੋਕਾਂ ਦੀ ਕੁੱਲ੍ਹ 889 ਕਰੋੜ ਰੁਪਏ ਦੀ ਬਚਤ ਹੋਈ ਹੈ।

## 13 ਸਾਲਾ ਕੁੜੀ ਨਾਲ ਗੁਆਂਢ 'ਚ ਰਹਿੰਦੇ 2 ਮੁੰਡਿਆਂ ਨੇ ਕੀਤਾ ਜਬਰ-ਜਿਨਾਹ, ਵੀਡੀਓ ਬਣਾ ਕੇ ਕਰ 'ਤੀ ਵਾਇਰਲ

ਅਮਰਗੜ੍ਹ 16 ਸਤੰਬਰ। ਥਾਣਾ ਅਮਰਗੜ੍ਹ ਵਿਖੇ ਪੁਲਸ ਵੱਲੋਂ ਨਾਬਾਲਗ ਬੱਚੀ ਨਾਲ ਜਹਰ-ਜਿ਼ਨਾਹ ਕਰਨ ਦਾ ਮਾਮਲਾ ਦਰਜ ਕੀਤਾ ਗਿਆ ਹੈ, ਜਿਸ 'ਚ ਨਾਬਾਲਗਾ ਦੇ ਨਾਲ ਪੜ੍ਹਦੇ ਇਕ ਵਿਦਿਆਰਥੀ ਅਤੇ ਉਸਦੇ ਦੋਸਤ ਨੂੰ ਨਾਮਜ਼ਦ ਕੀਤਾ ਗਿਆ ਹੈ। ਪੁਲਸ ਨੂੰ ਦਰਜ ਕਰਵਾਏ ਬਿਆਨਾਂ 'ਚ 13 ਸਾਲਾ ਕੁੜੀ ਨੇ ਦੱਸਿਆ ਕਿ ਉਹ ਨੌਵੀਂ ਜਮਾਤ ਦੀ ਵਿਦਿਆਰਥਣ ਹੈ ਅਤੇ ਉਸਦੇ ਗਆਂਢ 'ਚ ਇਕ ਮੁੰਡਾ ਰਹਿੰਦਾ ਹੈ ਜੋ ਕਿ ਉਸੇ ਦੀ ਕਲਾਸ 'ਚ ਪੜ੍ਹਦਾ ਹੈ। ਗੁਆਂਢੀ ਹੋਣ ਕਰ ਕੇ ਉਸ ਮੁੰਡੇ ਦਾ ਉਨ੍ਹਾਂ ਦੇ ਘਰ ਕਾਫੀ ਆਉਣ-ਜਾਣ ਸੀ , ਉਸ ਵੱਲੋਂ ਕਰੀਬ ਇਕ ਸਾਲ ਪਹਿਲਾਂ ਸਾਡੇ ਗੁਆਂਢ 'ਚ ਨਵੇਂ ਰਹਿਣ ਆਏ ਇਕ ਮੁੰਡੇ ਨਾਲ ਜੋ ਕਿ ਗਿਆਰਵੀਂ ਜਮਾਤ ਦਾ ਵਿਦਿਆਰਥੀ ਹੈ, ਨਾਲ ਮੇਰੀ ਜਾਣ-ਪਛਾਣ ਕਰਵਾਈ ਗਈ। ਕਰੀਬ 15-20 ਦਿਨ ਪਹਿਲਾਂ ਜਦੋਂ ਉਸ ਨੂੰ ਆਪਣੀ ਪੜ੍ਹਾਈ ਲਈ ਇਕ ਕਾਪੀ ਦੀ ਜਰੂਰਤ ਸੀ ਤਾਂ ਉਹ ਗੁਆਂਢ 'ਚ ਰਹਿੰਦੇ ਮੁੰਡੇ ਪਾਸੋਂ ਲੈਣ ਗਈ ਤਾਂ ਉਸ ਵਕਤ ਉਹ ਦੋਵੇਂ ਉਸ ਘਰ 'ਚ ਇਕੱਲੇ ਸਨ , ਜਿਨ੍ਹਾਂ ਨੇ ਮੇਰੇ ਨਾਲ ਜਬਰ-ਜਿ਼ਨਾਹ ਕੀਤਾ ਅਤੇ ਜਬਰਦਸਤੀ ਕਰਦਿਆਂ ਇਕ ਵੀਡੀਓ ਵੀ ਬਣਾ ਲਈ। ਉਨ੍ਹਾਂ ਮੈਨੂੰ ਆਖਿਆ ਕਿ ਜੇਕਰ ਤੂੰ ਇਹ ਗੱਲ ਕਿਸੇ ਨੂੰ ਦੱਸੀ ਤਾਂ ਵੀਡੀਓ ਵਾਇਰਲ ਕਰ ਕੇ ਤੈਨੂੰ ਬਦਨਾਮ ਕਰ ਦੇਵਾਂਗੇ। ਇਸ ਕਰ ਕੇ ਮੈਂ ਪਰਿਵਾਰ ਦੀ ਬਦਨਾਮੀ ਤੋਂ ਡਰਦਿਆਂ ਇਹ ਗੱਲ ਕਿਸੇ ਨੂੰ ਨਹੀਂ ਦੱਸੀ ਪਰ ਫਿਰ ਵੀ ਉਨ੍ਹਾਂ ਵੱਲੋਂ ਮੇਰੀ ਅਸਲੀਲ ਵੀਡੀਓ ਵਾਇਰਲ ਕਰ ਦਿੱਤੀ ਗਈ। ਇਸ ਸਬੰਧੀ ਥਾਣਾ ਪੁਲਸ ਅਮਰਗੜ੍ਹ ਨੇ ਦੋਵਾਂ ਲੜਕਿਆਂ ਖਿਲਾਫ ਮੁਕੱਦਮਾ ਦਰਜ ਕਰਦਿਆਂ ਅਗਲੀ ਕਾਰਵਾਈ ਆਰੰਭ ਦਿੱਤੀ ਹੈ।

## ਚਾਚੇ ਨੇ ਭਤੀਜੇ ਦਾ ਚਾਕੂ ਮਾਰ ਕੀਤਾ ਕਤਲ, ਮਾਮੂਲੀ ਜਿਹੀ ਗੱਲ ਪਿੱਛੇ ਉਤਾਰਿਆ ਮੌਤ ਦੇ ਘਾਟ

ਬੁਲੰਦਸ਼ਹਿਰ 16 ਸਤੰਬਰ। ਉੱਤਰ ਪ੍ਰਦੇਸ਼ ਦੇ ਬੁਲੰਦਸ਼ਹਿਰ ਦੇ ਖੁਰਜਾ ਨਗਰ ਥਾਣਾ ਖੇਤਰ 'ਚ ਸ਼ਰਾਬ ਪੀਣ ਦੌਰਾਨ ਹੋਏ ਝਗੜੇ 'ਚ ਇਕ ਵਿਅਕਤੀ ਨੇ ਆਪਣੇ ਭਤੀਜੇ ਨੂੰ ਚਾਕੂ ਮਾਰ ਦਿੱਤਾ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਪੁਲਸ ਨੇ ਦੱਸਿਆ ਕਿ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਖੁਰਜਾ ਦੇ ਪੁਲਸ ਖੇਤਰ ਅਧਿਕਾਰੀ ਭਾਸਕਰ ਕੁਮਾਰ ਨੇ ਦੱਸਿਆ ਕਿ ਜੰਕਸ਼ਨ ਚੌਂਕੀ ਦੇ ਅਧੀਨ ਸੁਲਤਾਨਪੁਰ ਪਿੰਡ 'ਚ ਵੀਰਵਾਰ ਰਾਤ ਅਭਿਸ਼ੇਕ (28)




ਆਪਣੇ ਚਾਚੇ ਮੁਕੇਸ਼ ਨਾਲ ਸ਼ਰਾਬ ਪੀ ਰਿਹਾ ਸੀ, ਇਸ ਦੌਰਾਨ ਕਿਸੇ ਗੱਲ ਨੂੰ ਲੈ ਕੇ ਦੋਹਾਂ ਵਿਚਾਲੇ ਝਗੜਾ ਹੋ ਗਿਆ। ਜਿਸ ਤੋਂ ਬਾਅਦ ਮੁਕੇਸ਼ ਨੇ ਅਭਿਸ਼ੇਕ ਦੇ ਗਲੇ 'ਤੇ ਚਾਕੂ ਨਾਲ ਵਾਰ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਹਮਲੇ ਤੋਂ ਬਾਅਦ ਅਭਿਸ਼ੇਕ ਦੀ ਮੌਤ ਹੋ ਗਈ। ਅਧਿਕਾਰੀ ਨੇ ਦੱਸਿਆ ਕਿ ਲਾਸ਼ ਪੋਸਟਮਾਰਟਮ ਲਈ ਭੇਜ ਦਿੱਤੀ ਗਈ ਹੈ। ਮ੍ਰਿਤਕ ਦੀ ਭੈਣ ਦੀ ਸ਼ਿਕਾਇਤ 'ਤੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ।

## ਵਿਅਕਤੀ ਨੇ ਮਹਿਲਾ ਦੋਸਤ 'ਤੇ ਕੀਤਾ ਚਾਕੂ ਨਾਲ ਹਮਲਾ, ਵਜ੍ਹਾ ਕਰੇਗੀ ਹੈਰਾਨ

ਮੁੰਬਈ 16 ਸਤੰਬਰ। ਮੁੰਬਈ 'ਚ ਇਕ ਵਿਅਕਤੀ ਨੇ ਆਪਣੀ ਮਹਿਲਾ ਦੋਸਤ ਵਲੋਂ ਗੱਲਬਾਤ ਬੰਦ ਕੀਤੇ ਜਾਣ ਤੋਂ ਬਾਅਦ ਉਸ 'ਤੇ ਚਾਕੂ ਨਾਲ ਹਮਲਾ ਕੀਤਾ ਅਤੇ ਫਿਰ ਖੁਦ ਵੀ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਇਕ ਅਧਿਕਾਰੀ ਨੇ ਵੀਰਵਾਰ ਨੂੰ ਦੱਸਿਆ ਕਿ ਘਟਨਾ ਬੁੱਧਵਾਰ ਦੁਪਹਿਰ ਪੂਰਬੀ ਉਪਨਗਰ ਭਾਂਡੁਪ ਦੀ ਹੈ। ਦੋਸ਼ੀ ਗਿਆਨਦੇਵ ਭਾਂਗੇ ਨੇ ਆਪਣੀ ਮਹਿਲਾ ਦੋਸਤ ਦਾ ਗਲਾ ਵੱਢ ਦਿੱਤਾ, ਜਿਸ ਨਾਲ ਉਹ ਗੰਭੀਰ ਰੂਪ ਨਾਲ ਜਖਮੀ ਹੋ ਗਈ। ਅਧਿਕਾਰੀ



ਨੇ ਦੱਸਿਆ ਕਿ ਇਸ ਤੋਂ ਬਾਅਦ ਉਸ ਨੇ ਉਸੇ ਚਾਕੂ ਨਾਲ ਆਪਣਾ ਗਲਾ ਵੱਢ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੱਸਿਆ ਕਿ ਦੋਹਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਦਾ ਇਲਾਜ ਜਾਰੀ ਹੈ। ਅਧਿਕਾਰੀ ਨੇ ਦੱਸਿਆ ਕਿ ਔਰਤ ਵਲੋਂ ਕੀਤੀ ਗਈ ਸ਼ਿਕਾਇਤ ਦੇ ਆਧਾਰ 'ਤੇ ਪੁਲਸ ਨੇ ਭਾਂਗੇ ਖਿ਼ਲਾਫ ਕਤਲ ਦੀ ਕੋਸ਼ਿਸ਼ ਦਾ ਮਾਮਲਾ ਦਰਜ ਕਰ ਲਿਆ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਅਧੂਰੇ ਕਾਗਜਾਤ ਵਾਲੇ ਵਾਹਨਾਂ ਦੇ ਕੱਟੇ ਚਲਾਨ

ਸ੍ਰੀ ਹਰਗੋਬਿੰਦਪੁਰ ਸਾਹਿਬ 16 ਸਤੰਬਰ। ਪੁਲਸ ਥਾਣਾ ਸ੍ਰੀ ਹਰਗੋਬਿੰਦਪੁਰ ਦੇ ਮੁਖੀ ਬਿਕਰਮ ਸਿੰਘ ਨੇ ਪੁਲਸ ਪਾਰਟੀ ਨਾਲ ਟੀ ਪੁਆਇੰਟਾਂ 'ਤੇ ਨਾਕੇ ਲਾ ਕੇ ਅਧੂਰੇ ਕਾਗਜਾਤ ਵਾਲੇ ਵਾਹਨਾਂ ਦੀ ਛਾਨਬੀਨ ਕੀਤੀ। ਇਸ ਤੋਂ ਇਲਾਵਾ ਕਾਰਾਂ ਵੈਨਾਂ ਤੋਂ ਕਾਲੀਆਂ ਫਿਲਮਾਂ ਅਤੇ ਪ੍ਰੈਸਰ ਹਾਰਨ ਵੀ ਉਤਾਰੇ ਗਏ। ਇਸ ਸਮੇਂ ਥਾਣਾ ਮੁਖੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਕੋਈ ਵੀ ਵ੍ਹੀਕਲ ਘਰੋਂ ਕੱਢਣ ਸਮੇਂ ਉਨ੍ਹਾਂ ਦੇ ਦਸਤਾਵੇਜ ਪੂਰੇ ਰੱਖਣ। ਉਨ੍ਹਾਂ ਕਿਹਾ ਕਿ ਕੋਈ ਵੀ 18 ਸਾਲ ਤੋਂ ਘੱਟ ਉਮਰ ਦਾ ਲੜਕਾ ਜੇਕਰ ਵ੍ਹੀਕਲ ਚਲਾਉਂਦਾ ਫੜਿਆ ਗਿਆ ਤਾਂ ਉਸ 'ਤੇ ਕਾਰਵਾਈ ਕੀਤੀ ਜਾਵੇਗੀ। ਹਮੇਸਾ ਟਰੈਫਿਕ ਨਿਯਮਾਂ ਦੀ ਪਾਲਣਾ ਕਰੋ। ਇਸ ਸਮੇਂ ਉਨ੍ਹਾਂ ਨਾਲ ਸਮੂਹ ਪੁਲਸ ਥਾਣਾ ਸ੍ਰੀ ਹਰਗੋਬਿੰਦਪੁਰ ਸਾਹਿਬ ਦਾ ਸਟਾਫ ਹਾਜਰ ਸੀ।

## ਬਲਾਚੌਰ ਵਿਖੇ ਸੁਨਿਆਰੇ ਨਾਲ 1,88,291 ਰੁਪਏ ਦੀ ਠੱਗੀ

ਬਲਾਚੌਰ (ਬ੍ਰਹਮਪਰੀ, ਬੈਂਸ)-ਪਿੰਡ ਸੜੋਆ 'ਚ ਸੁਨਿਆਰੇ ਨਾਲ ਕਰੀਬ 1,88,291 ਰੁਪਏ ਦੀ ਠੱਗੀ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਰਾਜਕੁਮਾਰ ਵਰਮਾ ਵਾਸੀ ਪਿੰਡ ਸਹੂੰਗੜਾ ਥਾਣਾ ਪੋਜੇਵਾਲ ਨੇ ਦੱਸਿਆ ਕਿ ਉਹ ਸੁਨਿਆਰੇ ਦੇ ਕੰਮ ਕੰਡਾ ਜਿਊਲਰਜ ਦੇ ਨਾਂ 'ਤੇ ਪਿੰਡ ਸੜੋਆ ਵਿਖੇ ਕਰਦਾ ਹੈ। 3 ਅਗਸਤ ਨੂੰ ਮੁਲਜਮ ਰਾਜੇਸ ਬੈਂਸ ਪੁੱਤਰ ਮਦਨ ਲਾਲ ਬੈਂਸ ਵਾਸੀ ਪਿੰਡ ਸੜੋਆ ਜੋ ਸੰਨੀ ਭੱਲਾ ਦੇ ਮਕਾਨ 'ਚ ਕਿਰਾਏ 'ਤੇ ਰਹਿੰਦਾ ਹੈ, ਦੁਕਾਨ 'ਤੇ ਆਇਆ ਅਤੇ ਉਸ ਨੂੰ ਗਹਿਣੇ ਵਿਖਾਉਣ ਨੂੰ ਕਿਹਾ। ਉਸ ਨੇ ਇਕ ਕੜਾ ਸੋਨਾ ਵਜਨ ਕਰੀਬ 11.940 ਗ੍ਰਾਮ, ਇਕ ਮੁੰਦਰੀ ਵਜਨ ਕਰੀਬ 5.940 ਗ੍ਰਾਮ, ਇਕ ਹੋਰ




ਮੁੰਦਰੀ ਵਜਨੀ ਕਰੀਬ 3.150 ਗ੍ਰਾਮ ਅਤੇ ਇਕ ਜੋੜੀ ਟਾਪਸ ਵਜਨ ਕਰੀਬ 3.350 ਗ੍ਰਾਮ ਉਸ ਕੋਲੋਂ ਖਰੀਦਿਆ, ਜਿਸ ਦੀ ਕੀਮਤ 1,88,291 ਰੁਪਏ ਬਣਦੀ ਸੀ। ਉਹ ਇਹ ਸਾਰਾ ਸਾਮਾਨ ਇਹ ਕਹਿ ਕੇ ਲੈ ਗਿਆ ਕਿ ਇਹ ਸਾਰੀ ਅਦਾਇਗੀ ਅੱਜ ਦਿਨ ਸਵੇਰੇ ਕਰ ਦੇਵੇਗਾ ਅਤੇ ਗਾਰੰਟੀ ਵਜੋਂ ਉਸ ਨੇ ਇਕ ਚੈੱਕ ਦਿੱਤਾ ਜੋ ਬੈਂਕ 'ਚ ਲਾਉਣ 'ਤੇ ਬਾਊਂਸ ਹੋ ਗਿਆ। ਜਦੋਂ ਉਸ ਨੇ ਆਪਣੇ ਪੱਧਰ 'ਤੇ ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਮੁਲਜਮ ਰਾਜੇਸ ਬੈਂਸ ਜਿਸ ਕਿਰਾਏ ਦੇ ਮਕਾਨ 'ਚ ਰਹਿੰਦਾ ਸੀ, ਉਹ ਵੀ ਖਾਲੀ ਕਰਕੇ ਕਿਧਰੇ ਚਲਾ ਗਿਆ ਹੈ। ਹੁਣ ਉਸ ਨੂੰ ਪਤਾ ਲੱਗਾ ਕਿ ਮੌਜੂਦਾ ਸਮੇਂ ਉਹ ਸਿ਼ਵਾਲਿਕ ਐਵੀਨਿਊ ਨੰਗਲ (ਜਿ਼ਲ੍ਹਾ ਰੋਪੜ) ਵਿਖੇ ਪਰਿਵਾਰ ਸਮੇਤ ਰਹਿ ਰਿਹਾ ਹੈ। ਪੋਜੇਵਾਲ ਪੁਲਸ ਨੇ ਮਾਮਲਾ ਦਰਜ ਕਰਕੇ ਮੁਲਜਮ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਮਹਿੰਗਾ ਹੋਵੇਗਾ ਤੇਲ, ਤਿਉਹਾਰੀ ਸੀਜਨ 'ਚ ਰੜਕਣਗੀਆਂ ਕੀਮਤਾਂ

ਨਵੀਂ ਦਿੱਲੀ 16 ਸਤੰਬਰ। ਆਉਣ ਵਾਲੇ ਦਿਨਾਂ ਵਿੱਚ ਤਿਉਹਾਰਾਂ ਦੇ ਸੀਜਨ ਦੌਰਾਨ ਆਮ ਲੋਕਾਂ ਨੂੰ ਖਾਣ ਵਾਲੇ ਤੇਲ ਦੀਆਂ ਵਧੀਆਂ ਕੀਮਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਰਕਾਰ ਨੇ ਵੱਖ-ਵੱਖ ਖਾਣ ਵਾਲੇ ਤੇਲ 'ਤੇ ਕਸਟਮ ਡਿਊਟੀ ਵਧਾ ਦਿੱਤੀ ਹੈ, ਜਿਸ ਦਾ ਅਸਰ ਕੀਮਤਾਂ 'ਤੇ ਦਿਖਾਈ ਦੇ ਸਕਦਾ ਹੈ। ਇਕ ਰਿਪੋਰਟ ਮੁਤਾਬਕ ਸਰਕਾਰ ਨੇ ਕੱਚੇ ਅਤੇ ਰਿਫਾਇੰਡ ਸੂਰਜਮੁਖੀ ਦੇ ਤੇਲ ਸਮੇਤ ਕੁਝ ਹੋਰ ਖਾਣ ਵਾਲੇ ਤੇਲ 'ਤੇ ਕਸਟਮ ਡਿਊਟੀ ਵਧਾਉਣ ਦਾ ਫੈਸਲਾ ਕੀਤਾ ਹੈ। ਰਿਪੋਰਟ ਵਿੱਚ ਵਿੱਤ ਮੰਤਰਾਲੇ ਦੇ ਇੱਕ ਨੋਟੀਫਿਕੇਸਨ ਦੇ ਹਵਾਲੇ ਨਾਲ ਕਿਹਾ ਗਿਆ ਹੈ - ਕੱਚੇ ਅਤੇ ਰਿਫਾਇੰਡ ਪਾਮ ਆਇਲ, ਸੋਇਆਬੀਨ ਤੇਲ ਅਤੇ



ਸੂਰਜਮੁਖੀ ਦੇ ਬੀਜਾਂ ਦੇ ਤੇਲ 'ਤੇ ਬੇਸਿਕ ਕਸਟਮ ਡਿਊਟੀ (ਬੀਸੀਡੀ) ਵਧਾ ਦਿੱਤੀ ਗਈ ਹੈ। ਇਹ ਬਦਲਾਅ ਸਨੀਵਾਰ 16 ਸਤੰਬਰ ਭਾਵ ਅੱਜ ਤੋਂ ਲਾਗੂ ਹੋ ਗਏ ਹਨ। ਕੱਚੇ ਪਾਮ ਤੇਲ, ਕੱਚੇ ਸੋਇਆਬੀਨ ਤੇਲ ਅਤੇ ਕੱਚੇ ਸੂਰਜਮੁਖੀ ਦੇ ਬੀਜਾਂ ਦੇ ਤੇਲ 'ਤੇ ਬੇਸਿਕ ਕਸਟਮ ਡਿਊਟੀ ਹੁਣ 20% ਹੈ, ਜੋ ਪਹਿਲਾਂ ਜੀਰੋ ਸੀ। ਜਦੋਂ ਕਿ ਰਿਫਾਇੰਡ ਸੂਰਜਮੁਖੀ ਦੇ ਬੀਜ ਤੇਲ, ਰਿਫਾਇੰਡ ਪਾਮ ਆਇਲ ਅਤੇ ਰਿਫਾਇੰਡ ਸੋਇਆਬੀਨ ਤੇਲ 'ਤੇ ਮੂਲ ਕਸਟਮ ਡਿਊਟੀ ਹੁਣ 32.5% ਹੈ, ਜੋ ਪਹਿਲਾਂ 12.5% ਸੀ। ਵੱਖ-ਵੱਖ ਖਾਣ ਵਾਲੇ ਤੇਲ 'ਤੇ ਕਸਟਮ ਡਿਊਟੀ 'ਚ ਵਾਧਾ ਅਜਿਹੇ ਸਮੇਂ 'ਚ ਕੀਤਾ ਗਿਆ ਹੈ ਜਦੋਂ ਦੇਸ 'ਚ ਆਉਣ ਵਾਲੇ ਕੁਝ ਦਿਨਾਂ 'ਚ ਤਿਉਹਾਰਾਂ ਦੀ ਗਿਣਤੀ ਵਧਣ ਵਾਲੀ ਹੈ। ਸਤੰਬਰ ਦਾ ਅੱਧਾ ਮਹੀਨਾ ਬੀਤ ਚੁੱਕਾ ਹੈ। ਨਵਰਾਤਰੀ ਅਤੇ ਦੁਸਹਿਰੇ ਵਰਗੇ ਤਿਉਹਾਰ ਅਗਲੇ ਮਹੀਨੇ ਯਾਨੀ ਅਕਤੂਬਰ ਦੇ ਸ਼ੁਰੂ ਵਿੱਚ ਆ ਰਹੇ ਹਨ। ਉਸ ਤੋਂ ਬਾਅਦ ਅਕਤੂਬਰ ਦੇ ਅੰਤ ਵਿੱਚ ਦੀਵਾਲੀ ਦਾ ਤਿਉਹਾਰ ਹੈ। ਤਿਉਹਾਰਾਂ ਦਰਮਿਆਨ ਖਰਾਕੀ ਤੇਲ ਦੀ ਖਪਤ ਵਧ ਜਾਂਦੀ ਹੈ।

## ਟਰੱਕ ਵਾਲੇ ਨੇ ਔਰਤ 'ਤੇ ਚੜ੍ਹਾ 'ਤਾ ਟਾਇਰ, ਮੌਕੇ 'ਤੇ ਪੈ ਗਿਆ ਚੀਕ-ਚਿਹਾੜਾ

ਲੁਧਿਆਣਾ 16 ਸਤੰਬਰ। ਥਾਣਾ ਲਾਡੋਵਾਲ ਅਧੀਨ ਪੈਂਦੇ ਟੋਲ ਪਲਾਜਾ ਨੇੜੇ ਅੱਜ ਸਵੇਰੇ ਭਿਆਨਕ ਹਾਦਸਾ ਵਾਪਰਿਆ, ਜਿਸ ਦੌਰਾਨ ਪਤਨੀ ਗੰਭੀਰ ਰੂਪ 'ਚ ਜਖਮੀ ਹੋ ਗਈ ਅਤੇ ਪਤੀ ਨੂੰ ਮਾਮੂਲੀ ਸੱਟਾਂ ਵੱਜੀਆਂ। ਜਾਣਕਾਰੀ ਮੁਤਾਬਕ ਅੱਜ ਸਵੇਰੇ ਫਿਲੌਰ ਵਲੋਂ ਮੋਟਰਸਾਈਕਲ 'ਤੇ ਪਤੀ-ਪਤਨੀ ਆ ਰਹੇ ਸਨ। ਇਸ ਦੌਰਾਨ ਉਨ੍ਹਾਂ ਨੂੰ ਇਕ ਟਰੱਕ ਨੇ ਜੋਰਦਾਰ ਟੱਕਰ ਮਾਰ ਦਿੱਤੀ ਅਤੇ ਦੋਵੇਂ ਹੇਠਾਂ ਡਿੱਗ ਗਏ। ਟਰੱਕ ਦਾ ਇਕ ਟਾਇਰ ਔਰਤ ਦੇ ਉੱਪਰੋਂ ਲੰਘ ਗਿਆ, ਜਿਸ ਕਾਰਨ ਉਹ ਗੰਭੀਰ ਜਖਮੀ ਹੋ ਗਈ, ਜਦੋਂ ਕਿ ਪਤੀ ਨੂੰ ਮਾਮੂਲੀ ਸੱਟਾਂ ਵੱਜੀਆਂ। ਫਿਲਹਾਲ ਜਖਮੀ ਔਰਤ ਨੂੰ ਸਿਵਲ ਹਸਪਤਾਲ 'ਚ ਇਲਾਜ ਲਈ ਦਾਖਲ ਕਰਾਇਆ ਗਿਆ ਹੈ। ਮੌਕੇ 'ਤੇ ਪੁੱਜੀ ਪੁਲਸ ਵਲੋਂ ਅੱਗੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਖਬਰ ਲਿਖੇ ਜਾਣ ਤੱਕ ਜਖਮੀ ਪਤੀ ਅਤੇ ਪਤਨੀ ਦੀ ਪਛਾਣ ਨਹੀਂ ਹੋ ਸਕੀ ਹੈ।

## ਗੱਡੀਆਂ 'ਤੇ ਹਥਿਆਰਾਂ ਨਾਲ ਲੈਸ ਹੋ ਕੇ ਆਏ ਬੰਦਿਆਂ ਨੇ ਨੌਜਵਾਨ 'ਤੇ ਕੀਤਾ ਹਮਲਾ

ਜ਼ੀਰਾ 16 ਸਤੰਬਰ। ਪਿੰਡ ਬੰਡਾਲਾ ਨੌ ਬੰਬ 'ਚ ਇਕ ਨੌਜਵਾਨ ਨੂੰ ਘੇਰ ਕੇ ਉਸ 'ਤੇ ਹਥਿਆਰਾਂ ਨਾਲ ਹਮਲਾ ਕਰਨ ਅਤੇ ਫਾਇਰ ਕਰਨ ਦੇ ਦੋਸ਼ 'ਚ ਥਾਣਾ ਸਦਰ ਜ਼ੀਰਾ ਦੀ ਪੁਲਸ ਨੇ 10-12 ਅਣਪਛਾਤੇ ਲੋਕਾਂ ਦੇ ਖਿ਼ਲਾਫ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਏ. ਐੱਸ. ਆਈ. ਅਵਨੀਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੀ ਸ਼ਿਕਾਇਤ ਅਤੇ ਬਿਆਨਾਂ 'ਚ ਗੁਰਜੀਤ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀ ਬੰਡਾਲਾ ਨੌ ਬੰਬ ਨੇ ਦੱਸਿਆ ਕਿ ਉਹ ਆਪਣੇ ਘਰ ਤੋਂ ਸਾਈਕਲ 'ਤੇ ਆਪਣੀ ਭੂਆ ਦੀ ਧੀ ਦੇ ਘਰ ਜਾਣ ਲਈ ਨਿਕਲਿਆ ਸੀ। ਜਦ ਉਹ ਘਰ ਕੋਲ ਪਹੁੰਚਿਆ ਤਾਂ ਪਿੱਛੋਂ ਕੁੱਝ ਗੱਡੀਆਂ 'ਤੇ 10-12 ਅਣਪਛਾਤੇ ਵਿਅਕਤੀ ਆਏ, ਜਿਨਾਂ ਦੇ ਮੂੰਹ ਕੱਪੜੇ ਨਾਲ ਬੰਨ੍ਹੇ ਹੋਏ ਸਨ, ਉਨ੍ਹਾਂ ਨੇ ਬੇਸਬਾਲ ਅਤੇ ਹੋਰ ਹਥਿਆਰਾਂ ਨਾਲ ਸ਼ਿਕਾਇਤਕਰਤਾ ਨੂੰ ਕੁੱਟਮਾਰ ਕਰ ਕੇ ਜਖਮੀ ਕਰ ਦਿੱਤਾ। ਇਸ ਦੌਰਾਨ ਮੁਲਜਮਾਂ ਨੇ ਫਾਇਰ ਵੀ ਕੀਤੇ। ਪੁਲਸ ਵੱਲੋਂ ਮਾਮਲਾ ਦਰਜ ਕਰ ਕੇ ਮੁਲਜਮਾਂ ਦੀ ਭਾਲ ਕੀਤੀ ਜਾ ਰਹੀ ਹੈ।

## ਲੁਟੇਰਿਆਂ ਨੂੰ ਹੁਣ ਰਿਹਾ ਖੌਫ, ਦਿਨ-ਦਿਹਾੜੇ ਕਰ ਰਹੇ ਵੱਡੀਆਂ ਵਾਰਦਾਤਾਂ

ਮੋਗਾ 16 ਸਤੰਬਰ। ਲੁਟੇਰਿਆਂ ਦੇ ਹੌਸਲੇ ਦਿਨੋ-ਦਿਨ ਵੱਧਦੇ ਜਾ ਰਹੇ ਹਨ। ਆਲਮ ਇਹ ਹੈ ਕਿ ਲੁਟੇਰਿਆਂ ਨੂੰ ਪੁਲਸ ਦਾ ਖੌਫ ਤਕ ਨਹੀਂ ਰਿਹਾ। ਤਾਜਾ ਮਾਮਲਾ ਮੋਗਾ ਤੋਂ ਸਾਹਮਣੇ ਆਇਆ ਹੈ ਜਿਥੇ ਇਕ ਮੈਡੀਕਲ ਦੀ ਦੁਕਾਨ ਨੂੰ ਦੋ ਲੁਟੇਰਿਆਂ ਵੱਲੋਂ ਨਿਸਾਨਾ ਬਣਾਇਆ ਗਿਆ। ਲੁਟੇਰੇ ਦੁਕਾਨਦਾਰ ਦੀਆਂ ਅੱਖਾਂ ਵਿਚ ਮਿਰਚਾਂ ਪਾ ਕੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਫਰਾਰ ਹੋ ਗਏ। ਉਥੇ ਹੀ ਜਾਣਕਾਰੀ ਦਿੰਦੇ ਹੋਏ ਦੁਕਾਨਦਾਰ ਅਸਵਨੀ ਕੁਮਾਰ ਨੇ ਕਿਹਾ ਕਿ ਉਸਨੇ ਆਪਣੀ ਦੁਕਾਨ ਸਮੇਂ ਅਨੁਸਾਰ ਖੋਲ੍ਹੀ ਅਤੇ ਜਦੋਂ ਦੁਪਹਿਰੇ ਤਕਰੀਬਨ 12 ਵਜੇ ਦੇ ਕਰੀਬ ਉਹ ਦੁਕਾਨ 'ਤੇ ਬੈਠਾ ਸੀ ਤਾਂ ਦੋ ਵਿਅਕਤੀ ਮੋਟਰਸਾਈਕਲ 'ਤੇ ਆਏ ਅਤੇ ਇਕ ਵਿਅਕਤੀ ਮੋਟਰਸਾਈਕਲ ਤੋਂ ਉਤਰ ਕੇ ਦੁਕਾਨ ਅੰਦਰ ਦਾਖਲ ਹੋਇਆ ਜਦਕਿ ਦੂਸਰੇ ਨੇ ਮੋਟਰਸਾਈਕਲ ਸਟਾਰਟ ਰੱਖਿਆ। ਉਕਤ ਵਿਅਕਤੀ ਨੇ ਆਉਂਦਿਆਂ ਸਾਰ ਹੀ ਉਸ ਦੀਆਂ ਅੱਖਾਂ ਵਿਚ ਮਿਰਚਾਂ ਪਾ ਦਿੱਤੀਆਂ ਅਤੇ ਕਾਊਂਟਰ ਵਿਚੋਂ ਪੈਸੇ ਕੱਢ ਕੇ ਫਰਾਰ ਹੋ




ਗਏ। ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਲੁੱਟ ਦੀ ਇਹ ਘਟਨਾ ਸੀ. ਸੀ. ਟੀ. ਵੀ. ਕੈਮਰੇ ਵਿਚ ਕੈਦ ਹੋ ਗਈ ਹੈ। ਪੁਲਸ ਨੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਥੇ ਹੀ ਜਾਂਚ ਜਾਂਚ ਅਧਿਕਾਰੀ ਜਸਵੰਤ ਸਿੰਘ ਨੇ ਕਿਹਾ ਕਿ ਸਾਨੂੰ ਸੂਚਨਾ ਮਿਲੀ ਸੀ ਕਿ ਫਿਰੋਜਪੁਰ ਰੋਡ 'ਤੇ ਇਕ ਮੈਡੀਕਲ ਦੀ ਦੁਕਾਨ 'ਤੇ ਦੋ ਲੁਟੇਰਿਆਂ ਵੱਲੋਂ ਲੁੱਟ ਨੂੰ ਅੰਜਾਮ ਦਿੱਤਾ ਗਿਆ ਹੈ। ਪੁਲਸ ਮੌਕੇ 'ਤੇ ਪਹੁੰਚੀ ਅਤੇ ਸੀਸੀਟੀਵੀ ਕੈਮਰੇ ਚੈੱਕ ਕੀਤੇ। ਕੈਮਰਿਆਂ ਦੀ ਮਦਦ ਰਾਹੀਂ ਦੋਵਾਂ ਲੁਟੇਰਿਆਂ ਨੂੰ ਗ੍ਰਿਫਤਾਰ ਕਰਨ ਲਈ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਨਬਾਲਗ ਕੁੜੀ ਨੇ ਜਹਿਰੀਲੀ ਚੀਜ ਖਾ ਕੇ ਕੀਤੀ ਖੁਦਕੁਸੀ

ਡੇਰਾਬੱਸੀ 16 ਸਤੰਬਰ। ਡੇਰਾਬੱਸੀ ਦੇ ਪਿੰਡ ਮਾਹੀਵਾਲਾ ਵਿਖੇ ਝੁੱਗੀਆਂ 'ਚ ਰਹਿੰਦੇ ਪਰਵਾਸੀ ਪਰਿਵਾਰ ਦੀ ਨਾਬਾਲਗ ਕੁੜੀ ਨੇ ਜਹਿਰੀਲੀ ਦਵਾਈ ਖਾ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਕੁੜੀ ਦੀ ਪਛਾਣ ਨੇਹਾ ਪੁੱਤਰੀ ਅਬਦੁਲ ਰਹਿਮਾਨ ਵਜੋਂ ਹੋਈ ਹੈ। ਪੁਲਸ ਨੇ ਕੁੜੀ ਦੇ ਪਰਿਵਾਰ ਦੇ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕਰ ਕੇ ਲਾਸ ਨੂੰ ਪੋਸਟਮਾਰਟਮ ਮਗਰੋਂ ਵਾਰਸਾਂ ਦੇ ਹਵਾਲੇ ਕਰ ਦਿੱਤੀ। ਜਾਣਕਾਰੀ ਦਿੰਦਿਆਂ ਤਫਤੀਸੀ ਅਫਸਰ ਏ. ਐੱਸ. ਆਈ. ਕੇਵਲ ਕੁਮਾਰ ਨਾਲ ਦੱਸਿਆ ਕਿ ਕੁੜੀ ਦਾ ਪਰਿਵਾਰ ਖੇਤਾਂ 'ਚ ਸਬਜੀਆਂ ਉਗਾਉਣ ਤੇ ਵੇਚਣ ਦਾ ਕੰਮ ਕਰਦਾ ਹੈ। ਸ਼ੁੱਕਰਵਾਰ ਨੂੰ ਜਦੋਂ ਪਰਿਵਾਰ ਕੰਮ 'ਤੇ ਗਿਆ ਸੀ ਤਾਂ ਨੇਹਾ (17) ਘਰ 'ਚ ਆਪਣੀ ਭੈਣ ਨਾਲ ਮੌਜੂਦ ਸੀ। ਇਸ ਦੌਰਾਨ ਉਸ ਨੇ ਸਬਜੀਆਂ ਤੇ ਵਰਤਣ ਵਾਲੀ ਕੋਈ ਜਹਿਰੀਲੀ ਦਵਾਈ ਖਾ ਲਈ। ਇਸ ਮਗਰੋਂ ਉਸ ਦੀ ਹਾਲਤ ਖਰਾਬ ਹੋ ਗਈ। ਨੇਹਾ ਨੂੰ ਸਰਕਾਰੀ ਹਸਪਤਾਲ ਸੈਕਟਰ-32 ਚੰਡੀਗੜ੍ਹ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਪੁਲਸ ਨੇ ਮਾਮਲਾ ਦਰਜ ਕਰ ਕੇ ਕੁੜੀ ਦੀ ਲਾਸ ਦਾ ਪੋਸਟਮਾਰਟਮ ਕਰਵਾ ਕੇ ਲਾਸ ਨੂੰ ਵਾਰਸਾਂ ਦੇ ਹਵਾਲੇ ਕਰ ਦਿੱਤਾ।

## ਸਿਰਫਰੇ ਨੌਜਵਾਨ ਨੇ ਪੱਤਰਕਾਰ 'ਤੇ ਕੀਤਾ ਹਮਲਾ, ਲੋਕਾਂ ਦੀ ਭੀੜ ਦੇਖ ਮੌਕੇ 'ਤੇ ਐਕਟੀਵਾ ਛੱਡ ਕੇ ਫਰਾਰ

ਅੰਮ੍ਰਿਤਸਰ 16 ਸਤੰਬਰ। ਸੜਕ 'ਤੇ ਕਾਫੀ ਜਿ਼ਆਦਾ ਤੇਜ ਰਫਤਾਰ ਨਾਲ ਚਲਾ ਰਹੇ ਇਕ ਮਨਚਲੇ ਐਕਟਿਵਾ ਸਵਾਰ ਨੂੰ ਪਤਾ ਨਹੀਂ ਕੀ ਸੁਝੀ ਕਿ ਉਸ ਨੇ ਸੜਕ 'ਤੇ ਮੁੜ ਰਹੇ ਇਕ ਪੱਤਰਕਾਰ ਦੀ ਐਕਟਿਵਾ ਨਾਲ ਟੱਕਰ ਮਾਰ ਦਿੱਤੀ। ਇਸ ਦੌਰਾਨ ਨੌਜਵਾਨ ਨਾਲ ਇਕ ਕੁੜੀ ਵੀ ਬੈਠੀ ਹੋਈ ਸੀ। ਟੱਕਰ ਲੱਗਣ ਨਾਲ ਪੱਤਰਕਾਰ ਆਪਣੇ ਵਾਹਨ ਨਾਲ ਸੜਕ 'ਤੇ ਡਿੱਗ ਪਿਆ, ਤਾਂ ਨੌਜਵਾਨ ਨੇ ਗੁੱਸੇ ਵਿਚ ਸੜਕ 'ਤੇ ਡਿੱਗੇ ਪੱਤਰਕਾਰ ਦੇ ਮੂੰਹ 'ਤੇ ਮੁੱਕੇ ਮਾਰਨੇ ਸ਼ੁਰੂ ਕਰ ਦਿੱਤੇ। ਇਸ ਦੌਰਾਨ ਉਸ ਨੇ ਆਪਣੇ ਹੱਥ 'ਚ ਪਾਏ ਕੜੇ ਨਾਲ ਪੱਤਰਕਾਰ 'ਤੇ ਹਮਲਾ ਕਰਦੇ ਹੋਏ ਉਸ ਦੀ ਖੱਬੀ ਅੱਖ 'ਤੇ ਵਾਰ ਕੀਤਾ, ਜਿਸ ਕਾਰਨ ਉਹ ਜਖਮੀ ਹੋ ਗਿਆ। ਲੋਕਾਂ ਦੀ ਭੀੜ ਦੇਖ ਕੇ ਐਕਟਿਵਾ ਸਵਾਰ ਮੌਕੇ ਤੋਂ ਫਰਾਰ ਹੋ ਗਿਆ। ਇਸ ਦੌਰਾਨ ਜਖਮੀ ਪੱਤਰਕਾਰ ਜਸਨਪ੍ਰੀਤ ਦਾ ਸਿਵਲ ਹਸਪਤਾਲ ਵਿਚ ਇਲਾਜ ਅਤੇ ਮੈਡੀਕਲ ਕਰਵਾਇਆ ਗਿਆ। ਇਸ ਮੌਕੇ



ਪ੍ਰੈੱਸ ਕਲੱਬ ਅੰਮ੍ਰਿਤਸਰ ਦੇ ਪ੍ਰਧਾਨ ਰਾਜੇਸ ਗਿੱਲ, ਚੰਡੀਗੜ੍ਹ ਪੰਜਾਬ ਯੂਨੀਅਨ ਦੇ ਪ੍ਰਧਾਨ ਜਸਬੀਰ ਪੱਟੀ, ਪ੍ਰੈੱਸ ਸੰਘਰਸ ਐਸੋਸੀਏਸਨ ਦੇ ਪ੍ਰਧਾਨ ਸੰਜੀਵ ਪੁੰਜ, ਰਮਨ ਸਰਮਾ, ਨੀਰਜ ਸਰਮਾ, ਦਲਜੀਤ ਸਰਮਾ, ਕਮਲਜੀਤ ਸਿੰਘ ਵਾਲੀਆ, ਗੁਰਿੰਦਰ ਸਾਗਰ, ਗੁਰਮੀਤ ਸੂਰੀ, ਰਮਨ ਮਲਹੋਤਰਾ ਨੇ ਇਸ ਘਟਨਾ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਜੋ ਵੀ ਵਿਅਕਤੀ ਪੱਤਰਕਾਰ ਨੂੰ ਧਮਕੀ ਦੇਵੇਗਾ, ਉਸ ਨੂੰ 24 ਘੰਟੇ ਵਿਚ ਗ੍ਰਿਫਤਾਰ ਕੀਤਾ ਜਾਵੇਗਾ, ਪਰ ਇਸ ਮਾਮਲੇ ਵਿਚ ਤਾਂ ਪੱਤਰਕਾਰ 'ਤੇ ਸਿੱਧਾ ਹਮਲਾ ਹੋਇਆ ਹੈ ਤਾਂ ਫਿਰ ਇਸ ਮਾਮਲੇ ਨੂੰ ਸਖਤੀ ਨਾਲ ਵੇਖਿਆ ਜਾਵੇ ਅਤੇ ਮਨਚਲੇ ਯੁਵਕ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕੀਤਾ ਜਾਵੇ।

## ਸੜਕ ਹਾਦਸੇ 'ਚ ਵਿਅਕਤੀ ਦੀ ਮੌਤ

ਬਰਨਾਲਾ 16 ਸਤੰਬਰ। ਥਾਣਾ ਸਿਟੀ-2 'ਚ ਵਾਪਰੇ ਸੜਕ ਹਾਦਸੇ 'ਚ ਗੁਰਮੇਲ ਸਿੰਘ ਦੀ ਮੌਤ ਹੋ ਗਈ। ਮੁੱਦਈ ਜਗਰਾਜ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਗੋਬਿੰਦ ਕਾਲੋਨੀ ਨੇ ਪੁਲਸ ਨੂੰ ਬਿਆਨ ਦਿੱਤਾ ਕਿ 13 ਸਤੰਬਰ 2024 ਨੂੰ ਉਸ ਦਾ ਸਹੁਰਾ ਗੁਰਮੇਲ ਸਿੰਘ ਆਟੋ ਰਿਕਸ਼ਾ 'ਚ ਟਾਈਲਾਂ ਵਾਲੀ ਫਰਸ਼ ਦਾ ਕੈਮੀਕਲ ਲੈ ਕੇ ਪਿੰਡ ਕਾਹਨੇਕੇ ਜਾ ਰਿਹਾ ਸੀ। ਜਦੋਂ ਗੁਰਮੇਲ ਸਿੰਘ ਕਾਸੀ ਵਾਲੇ ਪੈਟਰੋਲ ਪੰਪ ਤੋਂ ਲੰਘਿਆਂ ਤਾਂ ਉਸ ਦੀ ਆਟੋ ਰਿਕਸ਼ੇ ਨਾਲ ਸਿੱਧੀ ਟੱਕਰ ਮਾਰ ਦਿੱਤੀ। ਇਸ ਹਾਦਸੇ 'ਚ ਗੁਰਮੇਲ ਸਿੰਘ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਮੌਕੇ 'ਤੇ ਹੀ ਉਸ ਦੀ ਮੌਤ ਹੋ ਗਈ। ਆਟੋ ਰਿਕਸ਼ੇ ਦਾ ਡਰਾਈਵਰ ਹਾਦਸੇ ਤੋਂ ਤੁਰੰਤ ਬਾਅਦ ਮੌਕੇ ਤੋਂ ਫਰਾਰ ਹੋ ਗਿਆ। ਫਿਲਹਾਲ ਜਗਰਾਜ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਮੁਲਜਮ ਕੁੱਕੂ ਪੁੱਤਰ ਮਨਜੀਤ ਸਿੰਘ ਵਾਸੀ ਮਹਿਲ ਨਗਰ ਬਰਨਾਲਾ ਖਿ਼ਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਹਾਲਾਂਕਿ ਮੁਲਜਮ ਹਾਲੇ ਫਰਾਰ ਹੈ, ਪੁਲਸ ਉਸ ਦੀ ਗ੍ਰਿਫਤਾਰੀ ਲਈ ਕਾਰਵਾਈ ਕਰ ਰਹੀ ਹੈ।

## ਆਨਲਾਈਨ ਕੰਮ ਪੂਰਾ ਕਰਨ ਦੇ ਨਾਂ 'ਤੇ 3.54 ਲੱਖ ਠੱਗੇ

ਭਵਾਨੀਗੜ੍ਹ 16 ਸਤੰਬਰ। ਆਨਲਾਈਨ ਟਾਸਕ ਪੂਰਾ ਕਰਨ ਦੇ ਨਾਂ 'ਤੇ ਸਹਿਰ ਦੇ ਇਕ ਵਿਅਕਤੀ ਨਾਲ 3.54 ਲੱਖ ਰੁਪਏ ਦੀ ਠੱਗੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਪੁਲਸ ਨੇ ਅਣਪਛਾਤਿਆਂ ਖਿ਼ਲਾਫ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦਰਜ ਮਾਮਲੇ ਅਨੁਸਾਰ ਸਥਾਨਕ ਨਵੀਂ ਅਨਾਜ ਮੰਡੀ ਦੇ ਰਹਿਣ ਵਾਲੇ ਦੀਪਕ ਸਿੰਗਲਾ ਨੇ ਥਾਣਾ ਸੰਗਰੂਰ ਦੇ ਸਾਈਬਰ ਸੈੱਲ ਨੂੰ ਦਿੱਤੀ ਸਿ਼ਕਾਇਤ ਵਿੱਚ ਦੱਸਿਆ ਕਿ ਅਣਪਛਾਤੇ ਵਿਅਕਤੀਆਂ ਨੇ ਆਨਲਾਈਨ ਕੰਮ ਪੂਰਾ ਕਰਨ ਦੇ ਨਾਂ 'ਤੇ ਉਸ ਨਾਲ 3,54,817 ਰੁਪਏ ਦੀ ਠੱਗੀ ਮਾਰ ਲਈ। ਮਾਮਲੇ ਦੀ ਜਾਂਚ ਥਾਣਾ ਸਾਈਬਰ ਕ੍ਰਾਈਮ ਦੇ ਇੰਚਾਰਜ ਇੰਸਪੈਕਟਰ ਹਰਜੀਤ ਕੌਰ ਵੱਲੋਂ ਕੀਤੀ ਜਾ ਰਹੀ ਹੈ। ਫਿਲਹਾਲ ਪੁਲਸ ਨੇ ਥਾਣਾ ਭਵਾਨੀਗੜ੍ਹ ਵਿਖੇ ਅਣਪਛਾਤੇ ਵਿਅਕਤੀ/ਵਿਅਕਤੀਆਂ ਖਿ਼ਲਾਫ ਪਰਚਾ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਦਿੱਤੀ ਹੈ।

## ਚੰਡੀਗੜ੍ਹ ਹੋਏ ਗ੍ਰਨੇਡ ਹਮਲੇ 'ਚ ਵੱਡਾ ਖੁਲਾਸਾ, ਸਾਹਮਣੇ ਆਈਆਂ ਹੈਰਾਨ ਕਰ ਦੇਣ ਵਾਲੀਆਂ ਗੱਲਾਂ

ਚੰਡੀਗੜ੍ਹ 16 ਸਤੰਬਰ। ਚੰਡੀਗੜ੍ਹ ਦੇ ਸੈਕਟਰ-10 'ਚ ਬੁੱਧਵਾਰ ਨੂੰ ਹੋਏ ਗ੍ਰਨੇਡ ਹਮਲੇ ਦੇ ਮੁੱਖ ਦੋਸੀ ਰੋਹਨ ਮਸੀਹ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਉਹ ਅੰਮ੍ਰਿਤਸਰ ਦੇ ਇੱਕ ਹੋਟਲ ਵਿੱਚ ਲੁਕਿਆ ਹੋਇਆ ਸੀ। ਪੁਲਸ ਨੇ ਉਸ ਕੋਲੋਂ 9 ਐੱਮ. ਐੱਮ. ਦਾ ਪਿਸਤੌਲ ਬਰਾਮਦ ਕੀਤਾ ਹੈ। ਇਸ ਦੇ ਨਾਲ ਹੀ ਇਹ ਹੋਰ ਦੋਸੀ ਦੀ ਪਛਾਣ ਕਰ ਲਈ ਗਈ ਹੈ ਜਿਸ ਦਾ ਨਾਮ ਵਿਸਾਲ ਹੈ ਅਤੇ ਗੁਰਦਾਸਪੁਰ ਦੇ ਡੇਰਾ ਬਾਬਾ ਨਾਨਕ ਨਾਲ ਸਬੰਧਤ ਹੈ। ਫਿਲਹਾਲ ਵਿਸ਼ਾਲ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਡੀ. ਜੀ. ਪੀ. ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫਤਾਰ ਮੁਲਜਮ ਰੋਹਨ ਅੰਮ੍ਰਿਤਸਰ ਦੇ ਪਿੰਡ ਪਸ਼ਿਆਂ ਦਾ ਰਹਿਣ ਵਾਲਾ ਹੈ। ਘਟਨਾ ਵਿੱਚ ਵਰਤਿਆ ਗਿਆ ਹੈਂਡ ਗ੍ਰਨੇਡ ਮਿਲਟਰੀ ਗ੍ਰੇਡ ਦਾ ਹੈ ਅਤੇ ਇਸ ਦੀ ਵਰਤੋਂ ਪਾਕਿਸਤਾਨੀ ਫੌਜ ਕਰਦੀ ਹੈ। ਇਹ ਗ੍ਰੇਨੇਡ ਭਾਰਤੀ ਖੇਤਰ ਵਿੱਚ ਆਇਆ ਸੀ। ਇਸ ਤੋਂ ਬਾਅਦ ਗ੍ਰਨੇਡ ਮੁਲਜਮਾਂ ਤੱਕ ਪਹੁੰਚ ਗਿਆ। ਮੁਲਜਮ ਰੋਹਨ ਨੂੰ ਅੱਤਵਾਦੀ ਹੈਪੀ ਪਸੀਆਂ ਨੇ ਵਿੱਤੀ ਸਹਾਇਤਾ ਦਾ ਵਾਅਦਾ ਕਰਕੇ ਹਮਲੇ ਲਈ ਤਿਆਰ ਕੀਤਾ ਸੀ। ਹਮਲੇ ਤੋਂ ਬਾਅਦ ਰੋਹਨ ਖਟੜਾ ਪਹੁੰਚ ਗਿਆ ਅਤੇ ਦੂਰ ਦੇ ਰਿਸਤੇਦਾਰ ਦੀ ਮਾਸੀ ਦੇ ਘਰ ਠਹਿਰ ਗਿਆ ਅਤੇ ਫਿਰ ਜਲੰਧਰ ਚਲਾ ਗਿਆ। ਇਸ ਤੋਂ ਬਾਅਦ ਉਹ ਬੱਸ ਰਾਹੀਂ ਅੰਮ੍ਰਿਤਸਰ ਪਹੁੰਚ ਕੇ ਬੱਸ ਸਟੈਂਡ ਨੇੜੇ ਇਕ ਹੋਟਲ ਵਿਚ ਲੁੱਕ ਕੇ ਰਹਿ ਰਿਹਾ ਸੀ। ਜਦੋਂ ਉਹ ਸੁੱਕਰਵਾਰ ਸਵੇਰੇ ਹੋਟਲ ਤੋਂ ਨਿਕਲਿਆ ਤਾਂ ਨੇ ਉਸ ਨੂੰ ਫੜ ਲਿਆ। ਉਸ ਨੂੰ ਬਾਅਦ ਦੁਪਹਿਰ 3.30 ਵਜੇ



ਅਦਾਲਤ ਵਿੱਚ ਪੇਸ ਕਰਕੇ 7 ਦਿਨਾਂ ਦਾ ਰਿਮਾਂਡ ਹਾਸਲ ਕੀਤਾ ਗਿਆ। ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਹਮਲਾ ਆਈ. ਐੱਸ. ਆਈ ਵੱਲੋਂ ਕੀਤਾ ਗਿਆ ਸੀ । ਇਸ ਹਮਲੇ ਦੇ ਮਾਸਟਰਮਾਈਂਡ ਜਾ ਰਹੀ ਹੈ। ਡੀ. ਜੀ. ਪੀ. ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫਤਾਰ ਮੁਲਜਮ ਰੋਹਨ ਅੰਮ੍ਰਿਤਸਰ ਦੇ ਪਿੰਡ ਪਸ਼ਿਆਂ ਦਾ ਰਹਿਣ ਵਾਲਾ ਹੈ। ਘਟਨਾ ਵਿੱਚ ਵਰਤਿਆ ਗਿਆ ਹੈਂਡ ਗ੍ਰਨੇਡ ਮਿਲਟਰੀ ਗ੍ਰੇਡ ਦਾ ਹੈ ਅਤੇ ਇਸ ਦੀ ਵਰਤੋਂ ਪਾਕਿਸਤਾਨੀ ਫੌਜ ਕਰਦੀ ਹੈ। ਇਹ ਗ੍ਰੇਨੇਡ ਭਾਰਤੀ ਖੇਤਰ ਵਿੱਚ ਆਇਆ ਸੀ। ਇਸ ਤੋਂ ਬਾਅਦ ਗ੍ਰਨੇਡ ਮੁਲਜਮਾਂ ਤੱਕ ਪਹੁੰਚ ਗਿਆ। ਮੁਲਜਮ ਰੋਹਨ ਨੂੰ ਅੱਤਵਾਦੀ ਹੈਪੀ ਪਸੀਆਂਬੱਬਰ ਖਾਲਸਾ ਇੰਟਰਨੈਸਨਲ (ਬੀਕੇਆਈ) ਦੇ ਅੱਤਵਾਦੀ ਹਰਵਿੰਦਰ ਸਿੰਘ ਉਰਫ ਰਿੰਦਾ, ਪਾਕਿਸਤਾਨ ਵਿੱਚ ਰਹਿੰਦਾ ਹੈ। ਆਈ. ਜੀ. ਸਟੇਟ ਸਪੈਸਲ ਆਪ੍ਰੇਸਨ ਸੈੱਲ (ਐੱਸ. ਐੱਸ. ਓ. ਸੀ.) ਅੰਮ੍ਰਿਤਸਰ ਸੁਖਮਿੰਦਰ ਸਿੰਘ ਮਾਨ ਨੇ ਕਿਹਾ ਕਿ ਇਸ ਤਰ੍ਹਾਂ ਲੱਗ ਰਿਹਾ ਹੈ ਕਿ ਅੱਤਵਾਦੀ ਮਾਡਿਊਲ ਕਿਸੇ ਖਾਸ ਵਿਅਕਤੀ (ਸੇਵਾਮੁਕਤ ਪੁਲਸ ਐੱਸ. ਪੀ.) ਨੂੰ ਨਿਸਾਨਾ ਬਣਾਉਣ ਦੀ ਕੋਸਿ਼ਸ ਕਰ ਰਿਹਾ ਸੀ। ਗਰੁੱਪ ਨੇ ਪਿਛਲੇ ਸਾਲ ਵੀ ਇਸੇ ਟਿਕਾਣੇ 'ਤੇ ਇਸੇ ਤਰ੍ਹਾਂ ਦੇ ਹਮਲੇ ਦੀ ਯੋਜਨਾ ਬਣਾਈ ਸੀ। ਉਸ ਸਮੇਂ ਇਸ ਨੂੰ ਨਾਕਾਮ ਕਰਦਿਆਂ ਪੰਜਾਬ ਪੁਲਸ ਨੇ ਦੋ ਗੁਰਗਿਆਂ ਨੂੰ ਗ੍ਰਿਫਤਾਰ ਕੀਤਾ ਸੀ। ਰੋਹਨ ਖਿਲਾਫ ਇਸਲਾਮਾਬਾਦ ਥਾਣੇ 'ਚ ਪਹਿਲਾਂ ਹੀ ਕੁੱਟਮਾਰ ਦਾ ਮਾਮਲਾ ਦਰਜ ਹੈ। ਉਹ ਦੋ ਸਾਲ ਪਹਿਲਾਂ ਰਾਮਦਾਸ ਕਸਬਾ ਦੇ ਪਿੰਡ ਪਾਸੀਆਂ ਤੋਂ ਅੰਮ੍ਰਿਤਸਰ ਆਇਆ ਸੀ ਅਤੇ ਲੱਕੜ ਦਾ ਕੰਮ ਕਰਦਾ ਸੀ। ਉਸ ਸਮੇਂ ਕੁਝ ਵਿਅਕਤੀਆਂ ਨਾਲ ਲੜਾਈ-ਝਗੜਾ ਹੋਣ ਦਾ ਮਾਮਲਾ ਸਾਹਮਣੇ ਆਇਆ ਸੀ। ਇਸ ਤੋਂ ਬਾਅਦ ਡੇਢ ਸਾਲ ਪਹਿਲਾਂ ਉਸ ਦੀ ਪਿੰਡ ਦੇ ਲੋਕਾਂ ਨਾਲ ਲੜਾਈ ਵੀ ਹੋਈ ਸੀ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰੀਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ੀਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਭਾਰੀ ਮਾਤਰਾ 'ਚ ਵਿਸਫੋਟਕ ਤੇ ਗੋਲਾ-ਬਾਰੂਦ ਨਾਲ ਅੱਤਵਾਦੀ ਸਹਿਯੋਗੀ ਗ੍ਰਿਫਤਾਰ

ਜੰਮੂ 16 ਸਤੰਬਰ। ਸੁਰੱਖਿਆ ਫੋਰਸਾਂ ਨੇ ਜੰਮੂ ਕਸ਼ਮੀਰ ਦੇ ਪੁੰਛ ਜ਼ਿਲ੍ਹੇ 'ਚ ਜੰਮੂ ਕਸ਼ਮੀਰ ਗਜ਼ਨਵੀ ਫੋਰਸ (ਜੇ.ਕੇ.ਜੀ.ਐੱਫ.) ਦੇ ਇਕ ਅੱਤਵਾਦੀ ਸਹਿਯੋਗੀ ਨੂੰ ਵਿਸਫੋਟਕ ਅਤੇ ਗੋਲਾ-ਬਾਰੂਦ ਨਾਲ ਗ੍ਰਿਫਤਾਰ ਕੀਤਾ ਹੈ। ਪੁਲਸ ਬੁਲਾਰੇ ਨੇ ਇੱਥੇ ਸ਼ੁੱਕਰਵਾਰ ਨੂੰ ਕਿਹਾ ਕਿ ਵੀਰਵਾਰ ਸ਼ਾਮ ਧੋਬਾ ਬਾਈਪਾਸ 'ਤੇ ਸੀ.ਆਰ.ਪੀ.ਐੱਫ. ਨਾਲ ਪੁਲਸ ਅਤੇ ਫੌਜ ਦਾ ਸੰਯੁਕਤ ਨਾਕਾ ਲਗਾਇਆ ਗਿਆ ਸੀ ਅਤੇ ਤਲਾਸ਼ੀ ਦੌਰਾਨ ਸੁਰੱਖਿਆ ਕਰਮੀਆਂ ਨੇ ਸੁਰਨਕੋਟ ਵਲੋਂ ਇਕ ਵਿਅਕਤੀ ਨੂੰ ਸ਼ੱਕੀ ਰੂਪ ਨਾਲ ਆਉਂਦੇ ਹੋਏ ਦੇਖਿਆ। ਬੁਲਾਰੇ ਨੇ ਕਿਹਾ ਕਿ ਸੁਰੱਖਿਆ ਫੋਰਸਾਂ ਨੂੰ ਦੇਖ ਕੇ ਉਸ ਨੇ ਦੌੜਨ ਦੀ ਕੋਸ਼ਿਸ਼ ਕੀਤੀ ਪਰ ਚੌਕਸ ਫੋਰਸਾਂ ਨੇ ਉਸ ਨੂੰ ਫੜ ਲਇਆ। ਉਨ੍ਹਾਂ ਕਿਹਾ ਕਿ ਤਲਾਸ਼ੀ ਦੌਰਾਨ ਉਸ ਦੇ ਕਬਜ਼ੇ 'ਚੋਂ ਇਕ ਬੈਗ ਬਰਾਮਦ ਕੀਤਾ ਗਿਆ, ਜਿਸ 'ਚ ਤਿੰਨ ਹੱਥਗੋਲੇ, ਵਿਸਫੋਟਕ ਪਦਾਰਥ ਅਤੇ ਹੋਰ ਇਤਰਾਜਯੋਗ ਸਮੱਗਰੀਆਂ ਸਨ। ਸ਼ੁਰੂਆਤੀ ਜਾਂਚ 'ਚ ਉਸ ਦੀ ਪਛਾਣ ਦਰਿਆਲਾ ਨੌਸ਼ਹਿਰਾ ਵਾਸੀ ਮੁਹੰਮਦ ਸ਼ਬੀਰ ਵਜੋਂ ਹੋਈ ਹੈ, ਜੋ ਪੀ.ਓ.ਕੇ. ਹੈਂਡਲਰ ਅਜੀਨ ਖਾਨ ਉਰਫ ਮੁਦੀਰ ਦੇ ਸੰਪਰਕ 'ਚ ਸੀ, ਜਿਸ ਨੇ ਉਸ ਨੂੰ ਸੁਰਨਕੋਟ ਸ਼ਹਿਰ ਤੋਂ ਇਕ ਖੇਪ ਲਿਆਉਣ ਦਾ ਨਿਰਦੇਸ਼ ਦਿੱਤਾ ਸੀ। ਬੁਲਾਰੇ ਨੇ ਕਿਹਾ ਕਿ ਪੁਲਸ ਨੇ ਇਸ ਘਟਨਾ ਦਾ ਨੋਟਿਸ ਲਿਆ ਹੈ ਅਤੇ ਵੱਧ ਗ੍ਰਿਫਤਾਰੀਆਂ ਹੋਣ ਦੀ ਉਮੀਦ ਹੈ।



# ਤਾਰ ਚੋਰੀ ਕਰਨ ਦੇ ਸ਼ੱਕ 'ਚ ਦਲਿਤ ਮੁੰਡੇ ਨੂੰ ਨੰਗਾ ਕਰਕੇ ਨੱਚਣ ਲਈ ਕੀਤਾ ਮਜਬੂਰ

ਕੋਟਾ 16 ਸਤੰਬਰ। ਰਾਜਸਥਾਨ ਦੇ ਕੋਟਾ ਵਿਚ ਇਕ ਸਮਾਗਮ ਦੌਰਾਨ ਤਾਰ ਚੋਰੀ ਕਰਦੇ ਫੜੇ ਜਾਣ ਤੋਂ ਬਾਅਦ ਇਕ 12 ਸਾਲਾ ਦਲਿਤ ਲੜਕੇ ਦੀ ਕਥਿਤ ਤੌਰ 'ਤੇ ਕੁੱਟਮਾਰ ਕਰਕੇ ਨੱਚਣ ਲਈ ਮਜਬੂਰ ਕੀਤਾ ਗਿਆ ਅਤੇ ਇਸ ਦੀ ਵੀਡੀਓ ਵੀ ਬਣਾਈ ਗਈ। ਪੁਲਸ ਨੇ ਸਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਆਨਲਾਈਨ ਮੀਡੀਆ 'ਤੇ ਇਕ ਕਥਿਤ ਵੀਡੀਓ ਸਾਹਮਣੇ ਆਈ ਹੈ, ਜਿਸ 'ਚ ਲੜਕਾ ਚਾਰ-ਪੰਜ ਵਿਅਕਤੀਆਂ ਨਾਲ ਗੀਤ 'ਤੇ ਡਾਂਸ ਕਰ ਰਿਹਾ ਹੈ। ਵੀਡੀਓ 'ਚ ਲੜਕੇ ਨੂੰ ਮੁਸਕਰਾਉਂਦੇ ਹੋਏ ਨੱਚਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਪੁਲਸ ਨੇ ਦੱਸਿਆ ਕਿ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਮਾਮਲਾ ਸਾਹਮਣੇ ਆਇਆ ਅਤੇ ਪੀੜਤ ਦੀ ਪਛਾਣ ਹੋ ਗਈ। ਪੁਲਸ ਨੇ ਪੀੜਤ ਪਰਿਵਾਰ ਨੂੰ ਸ਼ਿਕਾਇਤ ਦਰਜ ਕਰਵਾਉਣ ਲਈ ਪ੍ਰੇਰਿਤ ਕੀਤਾ। ਪੀੜਤ ਦੇ ਪਿਤਾ ਦੀ ਸ਼ਿਕਾਇਤ ਮੁਤਾਬਕ ਸ਼ੁੱਕਰਵਾਰ ਰਾਤ ਉਸ ਦਾ ਲੜਕਾ ਜਨਮੇਸ਼ਟਮੀ ਸਰਕਲ 'ਚ ਲੱਗੇ ਮੇਲੇ 'ਚ 'ਕਾਮੇਡੀ ਪ੍ਰੋਗਰਾਮ 'ਚ ਗਿਆ ਹੋਇਆ ਸੀ ਅਤੇ ਰਾਤ 1 ਤੋਂ 4 ਵਜੇ ਦੇ ਦਰਮਿਆਨ ਕਰੀਬ ਚਾਰ-ਪੰਜ ਵਿਅਕਤੀਆਂ ਨੇ ਉਸ ਦੇ ਲੜਕੇ ਨੂੰ ਘੇਰ ਲਿਆ ਅਤੇ ਤਾਰ ਚੋਰੀ ਕਰਨ ਦਾ ਦੋਸ਼ ਲਗਾ ਕੇ ਉਸ ਦੀ ਕੁੱਟਮਾਰ ਕੀਤੀ। ਪੁਲਸ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਇਹ ਵੀ ਦੋਸ਼ ਲਾਇਆ ਕਿ ਦੋਸ਼ੀਆਂ ਨੇ ਉਸ ਦੇ ਬੇਟੇ ਨੂੰ ਨੰਗਾ ਕਰਕੇ ਨੱਚਣ ਲਈ ਮਜਬੂਰ ਵੀ ਕੀਤਾ ਅਤੇ ਉਸ ਦੀ ਵੀਡੀਓ ਵੀ ਬਣਾਈ। ਪੁਲਸ ਨੇ ਦੱਸਿਆ ਕਿ ਸ਼ਿਕਾਇਤ ਦੇ ਆਧਾਰ 'ਤੇ ਭਾਰਤੀ ਨਿਆਂ ਸੰਹਿਤਾ, ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਐਕਟ ਅਤੇ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ (ਪੋਕਸੋ) ਦੀਆਂ ਸਬੰਧਤ ਧਾਰਾਵਾਂ ਤਹਿਤ ਐੱਫਆਈਆਰ ਦਰਜ ਕੀਤੀ ਗਈ ਹੈ। ਪੁਲਸ ਨੇ ਦੱਸਿਆ ਕਿ ਇਸ ਮਾਮਲੇ 'ਚ ਦੋਸੀ ਪਿਓ-ਪੁੱਤ ਸਮੇਤ 6 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਮੁਲਜਮਾਂ ਦੀ ਪਛਾਣ ਸੱਤਿਜ ਗੁਜਰ (24) ਉਰਫ ਬਿੱਟੂ, ਆਸੀਸ ਉਪਾਧਿਆਏ ਉਰਫ ਵਿੱਕੂ (52), ਉਸ ਦੇ ਪੁੱਤਰ ਯਜਤੀ ਉਪਾਧਿਆਏ (24) ਉਰਫ ਗੁਲਗੁਨ, ਗੌਰਵ ਸੋਨੀ (21), ਸੰਦੀਪ ਸਿੰਘ (30) ਉਰਫ ਰਾਹੁਲ ਅਤੇ ਸੁਮਿਤ ਕੁਮਾਰ (25) ਵਜੋਂ ਹੋਈ ਹੈ। ਡੀਐੱਸਪੀ ਮਨੀਸ ਸਰਮਾ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ ਦੌਰਾਨ ਪੁਲਸ ਨੂੰ ਪਤਾ ਲੱਗਾ ਹੈ ਕਿ 6 ਮੁਲਜਮ ਇਕ 'ਮਿਊਜ਼ਿਕ ਕੰਪਨੀ ਦੇ ਹਿੱਸੇਦਾਰ ਸਨ ਅਤੇ ਉਨ੍ਹਾਂ ਨੂੰ ਸ਼ੱਕ ਹੈ ਕਿ ਪੀੜਤ ਨੇ ਉਨ੍ਹਾਂ ਦੇ ਮਿਊਜ਼ਿਕ ਸਿਸਟਮ ਤੋਂ ਤਾਰਾਂ ਚੋਰੀ ਕੀਤੀਆਂ ਹਨ। ਸਰਮਾ ਨੇ ਦੱਸਿਆ ਕਿ ਮੁਲਜਮਾਂ ਨੂੰ ਅਦਾਲਤ ਵਿਚ ਪੇਸ ਕੀਤਾ ਗਿਆ।

## ਸ਼ੱਕੀ ਹਾਲਾਤ 'ਚ ਨੌਜਵਾਨ ਨੇ ਨਿਗਲੀ ਜਹਿਰੀਲੀ ਦਵਾਈ

ਲੁਧਿਆਣਾ 16 ਸਤੰਬਰ। ਥਾਣਾ ਸਲੇਮ ਟਾਬਰੀ ਅਧੀਨ ਪੈਂਦੇ ਗ੍ਰੀਨਲੈਂਡ ਸਕੂਲ ਦੇ ਸਾਹਮਣੇ ਨੈਸਨਲ ਹਾਈਵੇਅ 'ਤੇ ਬਣੇ ਪੁਲ 'ਤੇ ਇਕ ਨੌਜਵਾਨ ਨੇ ਸ਼ੱਕੀ ਹਾਲਾਤ ਵਿਚ ਜਹਿਰੀਲੀ ਦਵਾਈ ਪੀ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ। ਉਕਤ ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਪੀ. ਸੀ. ਆਰ. ਮੋਟਰਸਾਈਕਲ ਦੇ ਐੱਸ. ਐੱਚ. ਓ. ਹਰਦੇਵ ਸਿੰਘ ਅਤੇ ਐੱਸ. ਐੱਚ. ਓ. ਬਲਬੀਰ ਸਿੰਘ ਨੇ ਦੱਸਿਆ ਕਿ ਅੱਜ ਦੁਪਹਿਰ 1 ਵਜੇ ਦੇ ਕਰੀਬ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਇਕ ਨੌਜਵਾਨ ਨੇ ਜਹਿਰੀਲੀ ਦਵਾਈ ਪੀ ਲਈ ਹੈ, ਜਿਸ ਤੋਂ ਬਾਅਦ ਉਨ੍ਹਾਂ ਦੀ ਟੀਮ ਮੌਕੇ 'ਤੇ ਪਹੁੰਚੀ, ਜਿੱਥੇ ਉਕਤ ਨੌਜਵਾਨ ਨੂੰ ਗੰਭੀਰ ਹਾਲਤ ਵਿਚ ਇਲਾਜ ਲਈ ਲੁਧਿਆਣਾ ਦੇ ਡੀ. ਐੱਮ. ਸੀ. ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਜਾਂਚ ਅਧਿਕਾਰੀ ਨੇ ਦੱਸਿਆ ਕਿ ਅਜੇ ਤੱਕ ਨੌਜਵਾਨ ਦੀ ਸਹੀ ਪਛਾਣ ਨਹੀਂ ਹੋ ਸਕੀ ਹੈ ਅਤੇ ਪੁਲਸ ਨੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਹੈ।

## ਸੜਕ 'ਤੇ ਲੜਕੀ ਨਾਲ ਕਰ ਰਿਹਾ ਸੀ ਕੁੱਟਮਾਰ, ਭੀੜ ਨੇ ਕੀਤੀ ਛਿੱਤਰ ਪਰੇਡ

ਡਿੰਡੋਰੀ 16 ਸਤੰਬਰ। ਮੱਧ ਪ੍ਰਦੇਸ਼ ਦੇ ਡਿੰਡੋਰੀ ਜ਼ਿਲ੍ਹੇ 'ਚ ਇਕ ਨਾਬਾਲਗ ਲੜਕੀ ਦੀ ਕੁੱਟਮਾਰ ਕਰਨ ਲਈ ਭੀੜ ਵੱਲੋਂ ਇਕ ਵਿਅਕਤੀ ਨੂੰ ਕੁੱਟਣ ਦਾ ਵੀਡੀਓ ਸੋਸਲ ਮੀਡੀਆ 'ਤੇ ਵਾਇਰਲ ਹੋਇਆ ਹੈ, ਇਸ ਦੀ ਜਾਣਕਾਰੀ ਇਕ ਪੁਲਸ ਅਧਿਕਾਰੀ ਨੇ ਦਿੱਤੀ। ਡਿੰਡੋਰੀ ਦੀ ਪੁਲਸ ਸੁਪਰਡੈਂਟ ਵਾਹਿਨੀ ਸਿੰਘ ਨੇ ਦੱਸਿਆ ਕਿ ਜਬਲਪੁਰ ਨਿਵਾਸੀ ਰਾਹੁਲ ਪਟੇਲ ਨੂੰ ਸਨੀਵਾਰ ਨੂੰ ਕੋਹਨੀ ਡਿਓਰੀ ਪਿੰਡ ਦੇ ਲੋਕਾਂ ਨੇ ਉਸ ਸਮੇਂ ਫੜ ਲਿਆ ਜਦੋਂ ਉਹ ਇਕ ਨਾਬਾਲਗ ਲੜਕੀ ਨਾਲ ਕਥਿਤ ਤੌਰ 'ਤੇ ਕੁੱਟਮਾਰ ਕਰ ਰਿਹਾ ਸੀ। ਉਸ ਨੇ ਕਿਹਾ, "ਪਟੇਲ ਨੇ ਪਿੰਡ ਵਾਸੀਆਂ ਨੂੰ ਦੱਸਿਆ ਕਿ ਉਸ ਨੇ ਅਤੇ ਅਭਿਸ਼ੇਕ ਮਹੋਬੀਆ ਨੇ ਲਗਭਗ ਡੇਢ ਸਾਲ ਪਹਿਲਾਂ ਕੁੰਡਮ ਇਲਾਕੇ ਤੋਂ ਇਕ ਲੜਕੀ ਨੂੰ ਅਗਵਾ ਕਰ ਕੇ ਵੇਚ ਦਿੱਤਾ ਸੀ। ਸੋਸਲ ਮੀਡੀਆ 'ਤੇ ਉਸ ਤੋਂ ਪੁੱਛ-ਪੜਤਾਲ ਕਰਨ ਦਾ ਵੀਡੀਓ ਵੀ ਵਾਇਰਲ ਹੋਇਆ ਹੈ। ਮਾਮਲੇ ਦੀ ਜਾਂਚ ਵਧੀਕ ਪੁਲਸ ਸੁਪਰਡੈਂਟ ਅਤੇ ਉਪ ਮੰਡਲ ਅਧਿਕਾਰੀ ਪੁਲਸ (ਐਸ.ਡੀ.ਓ.ਪੀ.) ਵੱਲੋਂ ਕੀਤੀ ਜਾ ਰਹੀ ਹੈ ਅਤੇ ਮਹੋਬੀਆ ਤੋਂ ਵੀ ਪੁੱਛ-ਪੜਤਾਲ ਕੀਤੀ ਗਈ ਹੈ।" ਉਨ੍ਹਾਂ ਕਿਹਾ ਕਿ ਪਟੇਲ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਪੂਰੇ ਮਾਮਲੇ ਦੀ ਅਗਲੀ ਜਾਂਚ ਕੀਤੀ ਜਾ ਰਹੀ ਹੈ।

# ਸਕੂਲ 'ਚ ਉਲਟੀ ਆਉਣ ਮਗਰੋਂ 4 ਸਾਲਾ ਬੱਚੇ ਦੀ ਮੌਤ

ਕੋਲਕਾਤਾ 16 ਸਤੰਬਰ। ਪੱਛਮੀ ਬੰਗਾਲ ਦੀ ਰਾਜਧਾਨੀ ਕੋਲਕਾਤਾ 'ਚ ਸ਼ੁੱਕਰਵਾਰ ਨੂੰ ਇਕ ਸਕੂਲ ਵਿਚ ਬੱਚੇ ਦੀ ਸ਼ੱਕੀ ਹਲਾਤਾਂ 'ਚ ਮੌਤ ਹੋ ਗਈ, ਜਿਸ ਨੂੰ ਲੈ ਕੇ ਕਈ ਸਵਾਲ ਖੜ੍ਹੇ ਹੋ ਰਹੇ ਹਨ। ਇਹ ਘਟਨਾ ਪੱਛਮੀ ਬੰਗਾਲ ਦੇ ਹਾਵੜਾ ਜ਼ਿਲ੍ਹੇ ਦੇ ਇਕ ਸਕੂਲ ਵਿਚ ਵਾਪਰੀ, ਜਿੱਥੇ 4 ਸਾਲ ਦੇ ਇਕ ਬੱਚੇ ਦੀ ਅਚਾਨਕ ਸਿਹਤ ਵਿਗੜ ਗਈ ਅਤੇ ਉਸ ਨੂੰ ਉਲਟੀਆਂ ਆਉਣ ਲੱਗੀਆਂ। ਉਸ ਦੀ ਹਾਲਤ ਵਿਗੜਨ 'ਤੇ ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਪਰ ਉੱਥੇ ਪਹੁੰਚਣ ਤੋਂ ਪਹਿਲਾਂ ਹੀ ਉਸ ਦੀ ਮੌਤ ਹੋ ਗਈ। ਇਸ ਘਟਨਾ ਨੇ ਮਾਤਾ-ਪਿਤਾ ਅਤੇ ਸਕੂਲ ਪ੍ਰਸ਼ਾਸਨ ਵਿਚਾਲੇ ਚਿੰਤਾ ਅਤੇ ਨਾਰਾਜਗੀ ਪੈਦਾ ਕਰ ਦਿੱਤੀ ਹੈ। ਰਿਪੋਰਟ ਮੁਤਾਬਕ ਮੌਲਾਲੀ ਇਲਾਕੇ ਦੇ ਇਕ ਨਾਮੀ ਸਕੂਲ ਦੇ ਵਿਦਿਆਰਥੀ ਨੂੰ 'ਨੀਲ ਰਤਨ ਸਰਕਾਰ ਮੈਡੀਕਲ ਕਾਲਜ ਅਤੇ ਹਸਪਤਾਲ' ਲਿਜਾਇਆ ਗਿਆ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਸ ਅਧਿਕਾਰੀ ਨੇ ਦੱਸਿਆ ਕਿ ਬੱਚੇ ਦੀ ਲਾਸ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ, ਤਾਂ ਜੋ ਮੌਤ ਦੇ ਅਸਲ ਕਾਰਨਾਂ ਦਾ ਪਤਾ ਲੱਗ ਸਕੇ।




## ਗੱਡੀਆਂ 'ਤੇ ਹਥਿਆਰਾਂ ਨਾਲ ਲੈਸ ਹੋ ਕੇ ਆਏ ਬੰਦਿਆਂ ਨੇ ਨੌਜਵਾਨ 'ਤੇ ਕੀਤਾ ਹਮਲਾ

ਜ਼ੀਰਾ 16 ਸਤੰਬਰ। ਪਿੰਡ ਬੰਡਾਲਾ ਨੌ ਬੰਬ 'ਚ ਇਕ ਨੌਜਵਾਨ ਨੂੰ ਘੇਰ ਕੇ ਉਸ 'ਤੇ ਹਥਿਆਰਾਂ ਨਾਲ ਹਮਲਾ ਕਰਨ ਅਤੇ ਫਾਇਰ ਕਰਨ ਦੇ ਦੋਸ਼ 'ਚ ਥਾਣਾ ਸਦਰ ਜ਼ੀਰਾ ਦੀ ਪੁਲਸ ਨੇ 10-12 ਅਣਪਛਾਤੇ ਲੋਕਾਂ ਦੇ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਏ. ਐੱਸ. ਆਈ. ਅਵਨੀਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੀ ਸ਼ਿਕਾਇਤ ਅਤੇ ਬਿਆਨਾਂ 'ਚ ਗੁਰਜੀਤ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀ ਬੰਡਾਲਾ ਨੌ ਬੰਬ ਨੇ ਦੱਸਿਆ ਕਿ ਉਹ ਆਪਣੇ ਘਰ ਤੋਂ ਸਾਈਕਲ 'ਤੇ ਆਪਣੀ ਭੂਆ ਦੀ ਧੀ ਦੇ ਘਰ ਜਾਣ ਲਈ ਨਿਕਲਿਆ ਸੀ। ਜਦ ਉਹ ਘਰ ਕੋਲ ਪਹੁੰਚਿਆ ਤਾਂ ਪਿੱਛੋਂ ਕੁੱਝ ਗੱਡੀਆਂ 'ਤੇ 10-12 ਅਣਪਛਾਤੇ ਵਿਅਕਤੀ ਆਏ, ਜਿਨਾਂ ਦੇ ਮੂੰਹ ਕੱਪੜੇ ਨਾਲ ਬੰਨ੍ਹੇ ਹੋਏ ਸਨ

## ਸ੍ਰੀ ਦਰਬਾਰ ਸਾਹਿਬ ਮੱਥਾ ਟੇਕ ਕੇ ਵਾਪਸ ਆ ਰਹੀ ਸੰਗਤ ਦੀ ਗੱਡੀ ਹਾਦਸਾਗ੍ਰਸਤ

ਝਬਾਲ 16 ਸਤੰਬਰ। ਬੀਤੀ ਰਾਤ ਪਿੰਡ ਝਬਾਲ ਦੀ ਸੰਗਤ ਜੋ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਮਹਿੰਦਰਾ ਗੱਡੀ 'ਚ ਨਤਮਸਤਕ ਹੋ ਕੇ ਵਾਪਸ ਪਿੰਡ ਆ ਰਹੀ ਸੀ ਕਿ ਪਿੰਡ ਨੇੜੇ ਸਾਹਮਣੇ ਤੋਂ ਆ ਰਹੀ ਸਕਾਲਪੀਓ ਗੱਡੀ ਨੇ ਇਨੀਂ ਜ਼ੋਰ ਦੀ ਵੱਜੀ ਕਿ ਇਕ ਔਰਤ ਦੀ ਮੌਕੇ 'ਤੇ ਮੌਤ ਹੋ ਗਈ, ਜਦੋਂ ਕਿ ਅੱਧੀ ਦਰਜਨ ਦੇ ਲਗਭਗ ਸ਼ਰਧਾਲੂ ਜ਼ਖ਼ਮੀ ਹੋ ਗਏ। ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਝਬਾਲ ਤੋਂ ਮਹਿੰਦਰਾ ਗੱਡੀ ਵਿਚ ਸਵਾਰ ਹੋ ਕੇ ਸੰਗਤ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਬਾਅਦ ਦੇਰ ਰਾਤ ਨੂੰ ਵਾਪਸ ਆ ਰਹੇ ਸਨ ਕਿ ਕਸਬਾ ਝਬਾਲ ਦੇ ਨੇੜੇ ਤਰਨਤਾਰਨ ਰੋਡ 'ਤੇ ਸਾਹਮਣੇ ਤੋਂ ਆ ਰਹੀ ਇਕ ਸਕਾਰਪੀਓ ਗੱਡੀ ਦੇ ਟੱਕਰ ਮਾਰਨ ਨਾਲ ਇਕ ਬਜ਼ੁਰਗ ਮਾਤਾ ਕੁਲਵੰਤ ਕੌਰ (ਪਤਨੀ ਜਗਦੀਸ਼ ਸਿੰਘ) ਦੀ ਮੌਕੇ 'ਤੇ ਮੌਤ ਹੋ ਗਈ ਜਦੋਂ ਕਿ ਲਖਵਿੰਦਰ ਕੌਰ, ਕੁਲਦੀਪ ਕੌਰ ਅਤੇ ਇਕ ਬੱਚੀ ਕਿਰਨਪ੍ਰੀਤ ਕੌਰ ਸਮੇਤ ਅੱਧੀ ਦਰਜਨ ਦੇ ਲਗਭਗ ਸ਼ਰਧਾਲੂ ਗੰਭੀਰ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ। ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਝਬਾਲ ਦੀ ਪੁਲਸ ਮੌਕੇ 'ਤੇ ਪਹੁੰਚ ਗਈ, ਜਿਨ੍ਹਾਂ ਲਾਸ਼ ਨੂੰ ਕਬਜ਼ੇ 'ਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਸਮੇਂ ਪਰਿਵਾਰ ਨਾਲ ਹਲਕੇ ਦੇ ਸੀ. ਕਾਂਗਰਸੀ ਆਗੂ ਕਰਨਬੀਰ ਸਿੰਘ ਬੁਰਜ ਅਤੇ ਚੇਅ. ਰਮਨ ਕੁਮਾਰ ਨੇ ਪਰਿਵਾਰ ਨਾਲ ਦੁਖ ਪ੍ਰਗਟ ਕੀਤਾ।

# ਨਵੀਂ ਵਿਆਹੀ ਲਾੜੀ ਚਾੜ੍ਹ ਗਈ ਚੰਨ, ਪੂਰੀ ਘਟਨਾ ਜਾਣ ਨਹੀਂ ਹੋਵੇਗਾ ਯਕੀਨ

ਮੋਗਾ 16 ਸਤੰਬਰ। ਬਾਬਾ ਨੰਦ ਸਿੰਘ ਨਗਰ ਮੋਗਾ ਨਿਵਾਸੀ ਸੁਖਵਿੰਦਰ ਸਿੰਘ ਨੇ ਆਪਣੀ ਨੂੰਹ 'ਤੇ 22 ਲੱਖ ਰੁਪਏ ਹੜੱਪਣ ਦਾ ਦੋਸ਼ ਲਾਇਆ ਹੈ। ਇਸ ਸਬੰਧ ਵਿਚ ਜਾਂਚ ਤੋਂ ਬਾਅਦ ਥਾਣਾ ਸਿਟੀ ਮੋਗਾ ਵੱਲੋਂ ਕਥਿਤ ਮੁਲਜ਼ਮ ਸਿਮਰਨਜੀਤ ਕੌਰ ਨਿਵਾਸੀ ਪਿੰਡ ਨੱਥੋਕੇ ਖ਼ਿਲਾਫ਼ ਮਾਮਲਾ ਦਰਜ ਕਰ ਕੇ ਉਸਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਫੋਕਲ ਪੁਆਇੰਟ ਪੁਲਸ ਚੌਕੀ ਦੇ ਇੰਚਾਰਜ ਮੋਹਕਮ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਮੋਗਾ ਨੂੰ ਦਿੱਤੇ ਸ਼ਿਕਾਇਤ ਪੱਤਰ ਵਿਚ ਸੁਖਵਿੰਦਰ ਸਿੰਘ ਨੇ ਕਿਹਾ ਕਿ ਉਸ ਦੇ ਲੜਕੇ ਹਰਦੀਪ ਸਿੰਘ ਦਾ ਵਿਆਹ ਜੂਨ 2023 ਵਿਚ ਸਿਮਰਨਜੀਤ ਕੌਰ ਦੇ ਨਾਲ ਧਾਰਮਿਕ ਰੀਤੀ ਰਿਵਾਜਾਂ ਅਨੁਸਾਰ ਹੋਇਆ ਸੀ। ਉਨ੍ਹਾਂ ਆਪਣੀ ਨੂੰਹ ਨੂੰ ਵਿਦੇਸ਼ ਭੇਜਣ ਲਈ 22 ਲੱਖ ਰੁਪਏ ਖਰਚ ਕੀਤੇ ਪਰ ਉਸ ਦੀ ਫਾਈਲ ਰਿਜੈਕਟ ਹੋ ਗਈ ਅਤੇ 22 ਅਪ੍ਰੈਲ 2024 ਨੂੰ ਜੋ ਫੀਸ ਅਸੀਂ ਭਰੀ ਸੀ, ਉਹ ਸਿਮਰਨਜੀਤ ਕੌਰ ਦੇ ਖਾਤੇ ਵਿਚ ਜਮ੍ਹਾ ਹੋ ਗਈ, ਜਿਸ ਉਪਰੰਤ ਉਹ 26 ਅਪ੍ਰੈਲ 2024 ਨੂੰ ਬਿਨਾਂ ਦੱਸੇ ਘਰੋਂ ਚਲੀ ਗਈ ਅਤੇ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾਤਲਾਸ਼ ਸ਼ੁਰੂ ਕਰ ਦਿੱਤੀ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਫੋਕਲ ਪੁਆਇੰਟ ਪੁਲਸ ਚੌਕੀ ਦੇ ਇੰਚਾਰਜ ਮੋਹਕਮ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਮੋਗਾ ਨੂੰ ਅਤੇ ਆਪਣਾ ਖਾਤਾ ਵੀ ਬੰਦ ਕਰਵਾ ਦਿੱਤਾ। ਇਸ ਤਰ੍ਹਾਂ ਉਸ ਨੇ ਸਾਡੇ ਨਾਲ ਧੋਖਾ ਕੀਤਾ ਹੈ। ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਜ਼ਿਲ੍ਹਾ ਪੁਲਸ ਮੁਖੀ ਨੇ ਇਸ ਦੀ ਜਾਂਚ ਡੀ. ਐੱਸ. ਪੀ. ਸਪੈਸ਼ਲ ਕ੍ਰਾਈਮ ਬ੍ਰਾਂਚ ਮੋਗਾ ਨੂੰ ਕਰਨ ਦਾ ਆਦੇਸ਼ ਦਿੱਤਾ। ਜਾਂਚ ਅਧਿਕਾਰੀ ਨੇ ਦੋਹਾਂ ਧਿਰਾਂ ਨੂੰ ਆਪਣਾ ਪੱਖ ਪੇਸ਼ ਕਰਨ ਦੇ ਲਈ ਬੁਲਾਇਆ। ਜਾਂਚ ਤੋਂ ਬਾਅਦ ਸ਼ਿਕਾਇਤ ਕਰਤਾ ਦੇ ਦੋਸ਼ ਸਹੀ ਪਾਏ ਜਾਣ 'ਤੇ ਕਥਿਤ ਮੁਲਜ਼ਮ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ, ਗ੍ਰਿਫਤਾਰੀ ਬਾਕੀ ਹੈ।



## ਤੇਜਧਾਰ ਹਥਿਆਰ ਨਾਲ ਵੱਢ ਸੁੱਟੇ ਇੱਕੋ ਪਰਿਵਾਰ ਦੇ ਚਾਰ ਮੈਂਬਰ

ਬਾਲੋਦਾਬਾਜਾਰ 16 ਸਤੰਬਰ। ਛੱਤੀਸਗੜ੍ਹ ਦੇ ਬਲੋਦਾਬਾਜਾਰ ਜ਼ਿਲ੍ਹੇ ਵਿੱਚ ਵੀਰਵਾਰ ਸਾਮ ਨੂੰ ਇੱਕ ਹੀ ਪਰਿਵਾਰ ਦੇ ਚਾਰ ਲੋਕਾਂ ਦਾ ਤੇਜਧਾਰ ਹਥਿਆਰਾਂ ਨਾਲ ਕਤਲ ਕਰ ਦੇਣ ਦੀ ਸੂਚਨਾ ਮਿਲੀ ਹੈ। ਮਰਨ ਵਾਲਿਆਂ ਵਿੱਚ ਦੋ ਔਰਤਾਂ, ਇੱਕ ਨੌਜਵਾਨ ਅਤੇ ਇੱਕ ਮਾਸੂਮ ਬੱਚਾ ਸਾਮਲ ਹੈ। ਘਟਨਾ ਦੀ ਸੂਚਨਾ ਮਿਲਣ 'ਤੇ ਪਹੁੰਚੀ ਪੁਲਸ ਵਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਸ ਨੇ ਇਸ ਮਾਮਲੇ ਵਿੱਚ ਤਿੰਨ ਸੱਕੀ ਮੁਲਜਮਾਂ ਨੂੰ ਗ੍ਰਿਫਤਾਰ ਕੀਤਾ ਹੈ। ਮਾਮਲੇ ਦੀ ਜਾਂਚ ਕਰ ਰਹੀ ਪੁਲਸ ਨੂੰ ਫਿਲਹਾਲ ਇਸ ਕਤਲ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਇਹ ਘਟਨਾ



ਕਸਡੋਲ ਥਾਣਾ ਖੇਤਰ ਦੇ ਛੜਛੇੜ ਪਿੰਡ ਦੀ ਹੈ। ਮਿਲੀ ਜਾਣਕਾਰੀ ਮੁਤਾਬਕ ਮ੍ਰਿਤਕਾਂ 'ਚ 45 ਸਾਲਾ ਚੇਤਰਾਮ ਕੇਵਤ, ਉਸ ਦੀਆਂ ਦੋ ਭੈਣਾਂ ਯਸੋਦਾ ਅਤੇ ਜਮੁਨਾ, ਜਮੁਨਾ ਦਾ 11 ਮਹੀਨੇ ਦਾ ਬੱਚਾ ਸਾਮਲ ਹੈ। ਪੁਲਸ ਮੁਤਾਬਕ ਮੁਲਜਮ ਨੇ ਜਾਦੂ-ਟੂਣੇ ਦੇ ਸੱਕ ਵਿੱਚ ਇਸ ਕਤਲ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਪੁਲਸ ਨੇ ਸੱਕ ਦੇ ਆਧਾਰ 'ਤੇ ਤਿੰਨਾਂ ਨੂੰ ਹਿਰਾਸਤ 'ਚ ਲੈ ਲਿਆ ਹੈ ਅਤੇ ਤਿੰਨਾਂ ਤੋਂ ਲਗਾਤਾਰ ਪੁੱਛਗਿੱਛ ਕੀਤੀ ਜਾ ਰਹੀ ਹੈ। ਤਿੰਨਾਂ ਸੱਕੀਆਂ ਦੀ ਪਛਾਣ ਰਾਮਨਾਥ ਪਾਟਲੇ, ਦੀਪਕ ਪਾਟਲੇ, ਦਿਲ ਕੁਮਾਰ ਪਾਟਲੇ ਵਜੋਂ ਹੋਈ ਹੈ। ਸਥਾਨਕ ਲੋਕਾਂ ਦੇ ਮੁਤਾਬਕ ਜਾਦੂ-ਟੂਣੇ ਦੇ ਸੱਕ 'ਚ ਕਤਲ ਨੂੰ ਅੰਜਾਮ ਦਿੱਤਾ ਗਿਆ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਕਸਦੋਲ ਪੁਲਸ ਨੇ ਜਾਂਚ ਕਰਨੀ ਸੁਰੂ ਕਰ ਦਿੱਤੀ ਹੈ ਅਤੇ ਪੁਲਸ ਸਾਰੇ ਪਹਿਲੂਆਂ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ।

## ਸਟਾਕ ਮਾਰਕਿਟ 'ਚ ਮੁਨਾਫਾ ਕਮਾਉਣ ਦਾ ਝਾਂਸਾ ਦੇ ਕੇ 52 ਲੱਖ ਦੀ ਠੱਗੀ

ਲੁਧਿਆਣਾ 16 ਸਤੰਬਰ। ਸਟਾਕ ਮਾਰਕਿਟ 'ਚ ਇਨਵੈਸਟ ਕਰਵਾ ਕੇ ਮੁਨਾਫਾ ਕਮਾਉਣ ਦਾ ਝਾਂਸਾ ਦੇ ਕੇ ਅਣਪਛਾਤੇ ਲੋਕਾਂ ਨੇ ਕਾਰੋਬਾਰੀ ਤੋਂ ਲੱਖਾਂ ਰੁਪਏ ਠੱਗ ਲਏ। ਜਦੋਂ ਕਾਰੋਬਾਰੀ ਨੂੰ ਪਤਾ ਲੱਗਾ ਤਾਂ ਉਸ ਨੇ ਪੁਲਸ ਕਮਿਸ਼ਨਰ ਨੂੰ ਸ਼ਿਕਾਇਤ ਦਿੱਤੀ। ਥਾਣਾ ਸਾਈਬਰ ਸੈੱਲ ਦੀ ਪੁਲਸ ਨੇ




ਜਾਂਚ ਤੋਂ ਬਾਅਦ ਰਾਣੀ ਝਾਂਸੀ ਰੋਡ ਦੇ ਰਹਿਣ ਵਾਲੇ ਵਰੁਣ ਜੈਨ ਪੁੱਤਰ ਭੂਸ਼ਣ ਕੁਮਾਰ ਦੇ ਬਿਆਨ 'ਤੇ ਅਣਪਛਾਤੇ ਖ਼ਿਲਾਫ ਸਾਜ਼ਿਸ਼ ਤਹਿਤ ਧੋਖਾਦੇਹੀ ਕਰਨ ਅਤੇ ਅਮਾਨਤ 'ਚ ਖਿਆਨਤ ਕਰਨ ਦੇ ਦੋਸ਼ 'ਚ ਕੇਸ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨ ਵਿਚ ਵਰੁਣ ਜੈਨ ਨੇ ਦੱਸਿਆ ਕਿ ਕਿਸੇ ਵਿਅਕਤੀ ਨੇ ਉਸ ਦੇ ਵਟਸਐਪ ਨੰਬਰ 'ਤੇ ਉਸ ਨੂੰ ਸਟਾਕ ਮਾਰਕਿਟ 'ਚ ਇਨਵੈਸਟਮੈਂਟ ਕਰਵਾ ਕੇ ਮੁਨਾਫਾ ਕਮਾਉਣ ਦਾ ਝਾਂਸਾ ਦਿੱਤਾ ਸੀ। ਉਸ ਨੇ ਉਕਤ ਅਣਪਛਾਤੇ ਦੇ ਕਹਿਣ 'ਤੇ ਵੱਖ-ਵੱਖ ਕਿਸ਼ਤਾਂ 'ਚ 52 ਲੱਖ 36 ਹਜ਼ਾਰ ਰੁਪਏ ਇਨਵੈਸਟ ਕਰ ਦਿੱਤੇ ਪਰ ਬਾਅਦ ਵਿਚ ਨਾ ਤਾਂ ਉਸ ਦੀ ਖੁਦ ਦੀ ਰਕਮ ਵਾਪਸ ਆਈ ਅਤੇ ਨਾ ਹੀ ਮੁਲਜ਼ਮ ਨੇ ਉਸ ਨੂੰ ਕੋਈ ਮੁਨਾਫਾ ਦਿਵਾਇਆ। ਉਸ ਤੋਂ ਬਾਅਦ ਮੁਲਜ਼ਮ ਨੇ ਆਪਣੇ ਮੋਬਾਇਲ ਨੰਬਰ ਵੀ ਬੰਦ ਕਰ ਲਏ, ਜਿਸ 'ਤੇ ਉਸ ਨੇ ਸਾਈਬਰ ਹੈਲਪਲਾਈਨ 'ਤੇ ਮੁਲਜ਼ਮ ਦੀ ਸ਼ਿਕਾਇਤ ਕੀਤੀ। ਸਬ-ਇੰਸਪੈਕਟਰ ਰਾਜ ਕੁਮਾਰ ਨੇ ਦੱਸਿਆ ਕਿ ਮਾਮਲੇ ਨੂੰ ਲੈ ਕੇ ਕਾਰਵਾਈ ਕੀਤੀ ਜਾ ਰਹੀ ਹੈ। ਮੁਲਜ਼ਮਾਂ ਦੇ ਦਿੱਤੇ ਨੰਬਰਾਂ ਨੂੰ ਵੀ ਚੈੱਕ ਕੀਤਾ ਜਾ ਰਿਹਾ ਹੈ।

# ਅੰਮ੍ਰਿਤਸਰ ਹਵਾਈ ਅੱਡੇ 'ਤੇ ਪਿਆ ਭੜਥੂ, ਅਮਰੀਕਾ ਜਾ ਰਹੇ ਵਿਅਕਤੀ ਕੋਲੋਂ ਵੱਡੀ ਗਿਣਤੀ 'ਚ ਗੋਲੀਆਂ ਬਰਾਮਦ

ਅੰਮ੍ਰਿਤਸਰ 16 ਸਤੰਬਰ। ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸਟਰੀ ਹਵਾਈ ਅੱਡੇ ਤੋਂ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਹ ਵਿਅਕਤੀ ਅਮਰੀਕਾ ਦਾ ਐੱਨ. ਆਰ. ਆਈ. ਹੈ ਜੋ ਆਪਣੇ ਪਿੰਡ ਗੁਰਦਾਸਪੁਰ ਆਇਆ ਹੋਇਆ ਸੀ। ਜਦੋਂ ਫਲਾਈਟ ਤੋਂ ਪਹਿਲਾਂ ਉਸ ਦੇ ਸਾਮਾਨ ਦੀ ਜਾਂਚ ਕੀਤੀ ਗਈ ਤਾਂ ਸੀ. ਆਈ. ਐੱਸ. ਐੱਫ. ਦੇ ਜਵਾਨਾਂ ਨੇ ਮੁਲਜਮ ਦੇ ਬੈਗ 'ਚੋਂ 15 ਗੋਲੀਆਂ 9 ਐੱਮ. ਐੱਮ. ਦੀਆਂ ਗੋਲੀਆਂ ਬਰਾਮਦ ਕੀਤੀਆਂ। ਜਾਣਕਾਰੀ ਅਨੁਸਾਰ ਅੰਮ੍ਰਿਤਸਰ ਏਅਰਪੋਰਟ ਥਾਣੇ ਦੇ ਸੀ. ਆਈ. ਐੱਸ. ਐੱਫ ਦੇ ਸਬ ਇੰਸਪੈਕਟਰ ਕੇ.ਐੱਸ. ਵਿਕਟਰ ਨੇ ਦੱਸਿਆ ਕਿ ਮੁਲਜਮ ਦੀ ਪਛਾਣ ਅਮਰਦੀਪ ਸਿੰਘ ਪੁੱਤਰ ਸਰਬਜੀਤ ਸਿੰਘ ਵਾਸੀ ਨਿਊਜਰਸੀ ਵਜੋਂ ਹੋਈ ਹੈ। ਅਮਰਦੀਪ ਸਿੰਘ ਐੱਸ. ਐੱਫ. ਦੇ ਜਵਾਨਾਂ ਨੇ ਮੁਲਜਮ ਦੇ ਬੈਗ 'ਚੋਂ 15 ਗੋਲੀਆਂ 9 ਐੱਮ. ਐੱਮ. ਦੀਆਂ ਗੋਲੀਆਂ ਬਰਾਮਦ ਕੀਤੀਆਂ। ਜਾਣਕਾਰੀ ਅਨੁਸਾਰ ਅੰਮ੍ਰਿਤਸਰ ਅੰਮ੍ਰਿਤਸਰ ਹਵਾਈ ਅੱਡੇ ਤੋਂ ਅਮਰੀਕਾ ਜਾਣ ਵਾਲੀ ਫਲਾਈਟ ਵਿੱਚ ਸਵਾਰ ਹੋਣ ਵਾਲਾ ਸੀ। ਸ਼ਿਕਾਇਤ ਅਨੁਸਾਰ ਏ. ਐੱਸ. ਆਈ. ਬਲਜੀਤ ਵੱਲੋਂ ਅਮਰੀਕਾ ਜਾਣ ਵਾਲੀ ਫਲਾਈਟ ਦੇ ਯਾਤਰੀਆਂ ਦੀ ਜਾਂਚ ਕੀਤੀ ਜਾ ਰਹੀ ਹੈ। ਇਸੇ ਦੌਰਾਨ ਅਮਰਦੀਪ ਸਿੰਘ ਆ ਗਿਆ ਜਦੋਂ ਉਸ ਦੇ ਸਾਮਾਨ ਦੀ ਜਾਂਚ ਕੀਤੀ ਗਈ ਤਾਂ ਉਸ ਵਿੱਚੋਂ 9 ਐੱਮ. ਐੱਮ. ਦੀਆਂ 15 ਗੋਲੀਆਂ ਬਰਾਮਦ ਹੋਈਆਂ। ਜਿਸ ਤੋਂ ਬਾਅਦ ਉਸ ਨੂੰ ਤੁਰੰਤ ਗ੍ਰਿਫਤਾਰ ਕਰ ਲਿਆ ਗਿਆ। ਦੱਸਿਆ ਜਾ ਰਿਹਾ ਹੈ ਕਿ ਅਮਰਦੀਪ ਸਿੰਘ ਦੀ ਗ੍ਰਿਫਤਾਰੀ ਤੋਂ ਬਾਅਦ ਸਿਹਤ ਵਿਗੜ ਗਈ ਜਿਸ ਤੋਂ ਬਾਅਦ ਉਸ ਨੂੰ ਤੁਰੰਤ ਮੈਡੀਕਲ ਕਾਲਜ ਵਿੱਚ ਭਰਤੀ ਕਰਵਾਇਆ ਗਿਆ। ਹਸਪਤਾਲ ਤੋਂ ਛੁੱਟੀ ਮਿਲਣ ਤੋਂ ਬਾਅਦ ਪੁਲਸ ਅਮਰਦੀਪ ਸਿੰਘ ਨੂੰ ਰਿਮਾਂਡ 'ਤੇ ਲਵੇਗੀ। ਉਸ ਤੋਂ ਪੁੱਛਿਆ ਜਾਵੇਗਾ ਕਿ ਉਸ ਨੂੰ ਇਹ 9 ਐੱਮ. ਐੱਮ. ਦੀਆਂ ਗੋਲੀਆਂ ਕਿੱਥੋਂ ਮਿਲੀਆਂ ਤੇ ਇਨ੍ਹਾਂ ਗੋਲੀਆਂ ਨੂੰ ਅਮਰੀਕਾ ਲਿਜਾਣ ਦਾ ਉਸ ਦਾ ਕੀ ਮਕਸਦ ਸੀ। ਫਿਲਹਾਲ ਸੀ. ਆਈ. ਐੱਸ. ਐੱਫ. ਅਧਿਕਾਰੀਆਂ ਦੀ ਸ਼ਿਕਾਇਤ 'ਤੇ ਏਅਰਪੋਰਟ ਪੁਲਸ ਸਟੇਸਨ 'ਚ ਐੱਫ. ਆਈ. ਆਰ. 34 ਤਹਿਤ ਆਰਮਜ ਐਕਟ 25/24/59 ਏ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।




**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

# ਖ਼ਤਰਨਾਕ ਹੋ ਸਕਦੀ ਹੈ ਕੰਨ 'ਤੇ ਲੱਗੀ ਸੱਟ



ਅਚਾਨਕ ਕੰਨ ਉੱਪਰ ਲੱਗੀ ਸੱਟ ਕਾਰਨ ਘੱਟ ਸੁਣਨਾ, ਬੇਚੈਨੀ, ਘਬਰਾਹਟ ਤੇ ਭਾਰੀਪਨ ਆਦਿ ਦੇ ਲੱਛਣ ਹੋਣ ਲੱਗਦੇ ਹਨ। ਸੱਟ ਲੱਗਣ, ਡਿੱਗਣ, ਥੱਪੜ ਮਾਰਨ ਜਾਂ ਜ਼ੋਰਦਾਰ ਧਮਾਕੇ ਕਾਰਨ ਕੰਨ ਦਾ ਪਰਦਾ (ਟੰਪੈਨਿਕ ਮੈਂਬਰੇਨ ਜਾਂ ਟੰਪੈਨਮ) ਵਿਚ ਵਿਗਾੜ ਪੈ ਸਕਦੇ ਹਨ, ਜਿਸ ਕਾਰਨ ਸੁਣਨ ਸ਼ਕਤੀ ਵਿਚ ਕਮੀ ਆ ਸਕਦੀ ਹੈ ਅਤੇ ਜੇ ਸੱਟ ਗੰਭੀਰ ਹੋਵੇ ਤਾਂ ਕਈ ਵਾਰ ਬੋਲਾਪਨ (ਡੈੱਫਨੈੱਸ) ਪੈਦਾ ਹੋ ਸਕਦੀ ਹੈ।

### ਕੰਨ 'ਚ ਤਿੱਖੀਆਂ ਚੀਜ਼ਾਂ ਨਾ ਮਾਰੋ

ਕਈ ਵਾਰ ਅਚਾਨ ਸਾਡੇ ਕੰਨ 'ਚ ਖਾਰਿਸ਼ ਆਉਣ 'ਤੇ ਅਸੀ ਆਪਣੇ ਕੰਨ 'ਚ ਹੇਅਰਪਿਨ, ਤੀਲੀ, ਚਾਬੀ ਜਾਂ ਕੋਈ ਵੀ ਹੋਰ ਚੀਜ਼ ਜੋ ਫ਼ੌਰੀ ਤੌਰ 'ਤੇ ਸਾਡੀ ਹੱਦ ਵਿਚ ਜੋ ਵੀ ਚੀਜ਼ ਹੁੰਦੀ ਹੈ, ਅਸੀਂ ਉਸ ਨੂੰ ਬਿਨਾਂ ਸੋਚੇ-ਸਮਝੇ ਕੰਨ ਵਿਚ ਫੇਰ ਲੈਂਦੇ ਹਾਂ, ਜੋ ਸਾਡੇ ਲਈ ਹਾਨੀਕਾਰਕ ਸਾਬਤ ਹੋ ਜਾਂਦੀ ਹੈ।

### ਇਲਾਜ

ਸੱਟ ਲੱਗਣ 'ਤੇ ਕੰਨ ਵਿਚ ਪਾਣੀ ਨਾ ਪੈਣ ਦਿਓ, ਇਸ ਨਾਲ ਕੰਨ ਵਿਚ ਲੱਗੀ ਸੱਟ ਉੱਪਰ ਉੱਲੀ ਰੋਗਾਂ (ਫੰਗਲ ਡਿਜੀਜ਼ਿਜ਼) ਦਾ ਹੱਲਾ ਹੋ ਸਕਦਾ ਹੈ। ਡਾਕਟਰ ਦੀ ਸਲਾਹ ਤੋਂ ਬਿਨਾਂ ਕੰਨ 'ਚ ਕੋਈ ਈਅਰ-ਡਰਾਪ ਜਾਂ ਕੋਈ ਹੋਰ ਦਵਾਈ ਨਾ ਪਾਓ। ਨਹਾਉਣ ਲੱਗਿਆਂ ਕੰਨ ਵਿਚ ਰੂੰ ਦੇ ਕੇ ਉਸ ਦੇ ਬਾਹਰਲੇ ਪਾਸ ਵੈਸਲੀਨ ਲਗਾ ਲਵੋ ਤਾਂ ਕਿ ਪਾਣੀ ਰੂੰ ਵਿਚ ਰਚ ਕੇ ਕੰਨ ਦੇ ਅੰਦਰ ਤਕ ਨਾ ਜਾਵੇ। ਜ਼ਿਆਦਾਤਰ ਮਾਮਲਿਆਂ 'ਚ ਸੱਟ ਜਾਂ ਥੱਪੜ ਆਦਿ ਨਾਲ ਪਰਦੇ 'ਚ ਹੋਇਆ ਛੇਕ 3 ਤੋਂ 4 ਹਫ਼ਤੇ ਵਿਚ ਆਪਣੇ ਆਪ ਭਰ ਜਾਂਦਾ ਹੈ। ਕੁੱਝ ਮਾਮਲਿਆਂ 'ਚ ਸਰਜਰੀ ਦੀ ਜ਼ਰੂਰਤ ਪੈਂਦੀ ਹੈ।

# ਸੀਐੱਮਐੱਲ ਦੀ ਪਛਾਣ ਤੇ ਰੋਕਥਾਮ



ਕੈਂਸਰ ਇਕ ਗੰਭੀਰ ਬਿਮਾਰੀ ਹੈ। ਜੇ ਇਸ ਦੀ ਸਮਾਂ ਰਹਿੰਦਿਆਂ ਪਛਾਣ ਨਾ ਕੀਤੀ ਜਾਵੇ ਤਾਂ ਇਹ ਜਾਨਲੇਵਾ ਰੂਪ ਧਾਰਨ ਕਰ ਸਦਾ ਹੈ ਪਰ ਜੇ ਇਸ ਦੀ ਪਛਾਣ ਮੁਢਲੀ ਸਟੇਜ ਦੌਰਾਨ ਹੀ ਕਰ ਲਈ ਜਾਵੇ ਤਾਂ ਇਸ ਉੱਪ ਕਾਬੂ ਪਾਇਆ ਜਾ ਸਕਦਾ ਹੈ।

### ਕੀ ਹੈ ਕ੍ਰੌਨਿਕ ਮਾਇਲਾਇਡ ਲਿਊਕੀਮੀਆ?

ਇਹ ਬਲੱਡ ਕੈਂਸਰ ਦੀ ਹੀ ਇਕ ਕਿਸਮ ਹੈ, ਜੋ ਕਿਸੇ ਵਿਅਕਤੀ ਦੇ ਖ਼ੂਨ ਵਿਚ ਜੀਨਜ਼ 9 ਤੇ 22 ਦੀ ਅਦਲਾ-ਬਦਲੀ ਨਾਲ ਹੁੰਦਾ ਹੈ। ਇਸ ਨਾਲ ਬੋਨਮੈਰੋ ਦੀਆਂ ਮਾਸਪੇਸ਼ੀਆਂ ਅਸੰਤੁਲਿਤ ਹੋ ਜਾਂਦੀਆਂ ਹਨ ਤੇ ਸਫ਼ੈਦ ਮਾਸਪੇਸ਼ੀਆਂ (ਵ੍ਹਾਈਟ ਬਲੱਡ ਕਾਰਪਸਲਜ਼ ਜਾਂ ਡਬਲਿਊਬੀਸੀ) ਦੀ ਗਿਣਤੀ ਵਧ ਜਾਂਦੀ ਹੈ। ਖ਼ੂਨ ਸਰੀਰ ਦੇ ਸਾਰੇ ਹਿੱਸਿਆਂ 'ਚ ਪਹੁੰਚਦਾ ਹੈ ਅਤੇ ਇਸ ਨਾਲ ਬੇਕਾਬੂ ਹੋਏ ਡਬਲਿਊਬੀਸੀ ਸਰੀਰ ਦੇ ਸੈਲਜ਼ ਨੂੰ ਪ੍ਰਭਾਵਿਤ ਕਰਦੇ ਹਨ। ਇਸ ਸਥਿਤੀ ਨੂੰ ਕ੍ਰੌਨਿਕ ਮਾਇਲਾਇਡ ਲਿਊਕੀਮੀਆ (ਸੀਐੱਮਐੱਲ) ਆਖਦੇ ਹਨ। ਨੌਜਵਾਨਾਂ ਤੇ ਬੇਜ਼ੁਰਗਾਂ ਨੂੰ ਇਹ ਜ਼ਿਆਦਾ ਹੁੰਦਾ ਹੈ।

### ਲੱਛਣ

ਥਕਾਵਟ, ਖ਼ੂਨ ਦੀ ਘਾਟ, ਭਾਰ ਵਧਣਾ, ਵਾਰ-ਵਾਰ ਬੁਖ਼ਾਰ ਹੋਣਾ, ਪਸੀਨਾ ਜ਼ਿਆਦਾ ਆਉਣਾ, ਭੁੱਖ ਨਾ ਲੱਗਣਾ, ਪੇਟ ਦਾ ਭਾਰਾਪਨ ਆਦਿ ਇਹ ਇਸ ਬਿਮਾਰੀ ਦੇ ਮੁੱਖ ਲੱਛਣ ਹਨ। ਇਸ ਦੀ ਮੁਕੰਮਲ ਜਾਂਚ ਲਈ ਡਾਕਟਰ ਦੀ ਸਲਾਹ ਨਾਲ ਬਲੱਡ ਟੈਸਟ ਕਰਵਾਉਣਾ ਚਾਹੀਦਾ ਹੈ।

### ਅਸਰ ਤੇ ਸਟੇਜ

*ਕੈਂਸਰ ਦੀਆਂ ਹੋਰਨਾਂ ਕਿਸਮਾਂ ਵਾਂਗ ਇਸ ਦੀਆਂ ਵੀ ਵੱਖ-ਵੱਖ ਸਟੇਜਾਂ ਹੁੰਦੀਆਂ ਹਨ। ਪਹਿਲੀ ਸਟੇਜ ਦੀ ਸ਼ੁਰੂਆਤ 3-8 ਸਾਲ ਬਾਅਦ ਦਿਖਾਈ ਦਿੰਦੀ ਹੈ। ਇਸ ਤੋਂ ਅਗਲੀਆਂ ਸਟੇਜਾਂ ਵਿਚ ਸਥਿਤੀਆਂ ਹੋਰ ਗੰਭੀਰ ਹੁੰਦੀਆਂ ਜਾਂਦੀਆਂ ਹਨ।*

### ਕਾਰਨ

ਲਿਵਰ ਜਾਂ ਜਿਗਰ ਦੇ ਆਕਾਰ ਦਾ ਵਧਣਾ, ਪ੍ਰਦੂਸ਼ਣ ਅਤੇ ਬੈਕਟੀਰੀਆ ਵਾਲੇ ਭੋਜਨ ਇਸ ਰੋਗ ਦੇ ਮੁੱਖ ਕਾਰਨ ਬਣ ਸਕਦੇ ਹਨ।

### ਉਪਾਅ

ਸੀਐਮਐੱਲ ਦੇ ਸ਼ੁਰੂਆਤੀ ਪੜਾਅ ਦੌਰਾਨ ਇਸ ਉੱਪਰ ਆਸਾਨੀ ਨਾਲ ਕਾਬੂ ਪਾਇਆ ਜਾ ਸਕਦਾ ਹੈ। ਇਸ ਰੋਗ ਬਾਰੇ ਪਤਾ ਲੱਗਣ 'ਤੇ ਮਰੀਜ ਨੂੰ ਡਾਇਬਟੀਜ ਜਾਂ ਸ਼ੂਗਰ ਰੋਗ ਅਤੇ ਆਪਣੇ ਬਲੱਡ ਪ੍ਰੈਸ਼ਰ ਨੂੰ ਕਾਬੂ ਵਿਚ ਰੱਖਣਾ ਚਾਹੀਦਾ ਹੈ।

# ਭੋਜਨ 'ਚ ਸ਼ਾਮਲ ਕਰੋ ਇਸ ਤਰ੍ਹਾਂ ਦਾ ਅਨਾਜ

ਸਾਡੇ ਭੋਜਨ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹੈ-ਅਨਾਜ, ਪਰ ਕਿਹੜਾ ਅਨਾਜ ਕਿੰਨਾ ਫ਼ਾਇਦੇਮੰਦ ਹੈ, ਇਸ ਬਾਰੇ ਬਹੁਤ ਘੱਟ ਲੋਕਾਂ ਨੂੰ ਜਾਣਕਾਰੀ ਹੁੰਦੀ ਹੈ। ਆਓ, ਜਾਣਦੇ ਹਾਂ ਕਿ ਕਿਸ ਪਦਾਰਥ ਵਿਚ ਕਿਹੜੇ ਤੱਤ ਹੁੰਦੇ ਹਨ।

### ਚਾਵਲ

ਚਾਵਲ ਜਿੰਨੇ ਪੁਰਾਣੇ ਹੋਣ, ਓਨੇ ਸੁਆਦ ਹੁੰਦੇ ਹਨ, ਜੋ ਸਿਹਤ ਲਈ ਲਾਭਕਾਰੀ ਹਨ। ਜੇ ਰਾਤ ਦੇ ਖਾਣੇ 'ਚ ਰੋਟੀ ਘੱਟ ਖਾਧੀ ਜਾਵੇ ਅਤੇ ਚਾਵਲਾਂ ਦਾ ਵੀ ਪ੍ਰਯੋਗ ਕੀਤਾ ਜਾਵੇ ਤਾਂ ਇਹ ਸਾਡੀ ਸਿਹਤ ਲਈ ਫ਼ਾਇਦੇਮੰਦ ਸਿੱਧ ਹੁੰਦਾ ਹੈ। ਚਾਵਲ ਵਿਚ ਕੈਲਸ਼ੀਅਮ ਤੱਤ ਭਰਪੂਰ ਮਾਤਰਾ ਵਿਚ ਹੋਣ ਕਾਰਨ ਇਹ ਹੱਡੀਆਂ ਨੂੰ ਮਜ਼ਬੂਤ ਰੱਖਦਾ ਹੈ ਅਤੇ ਦੰਦਾਂ ਸਬੰਧੀ ਸਮੱਸਿਆਵਾਂ ਤੋਂ ਵੀ ਬਚਾਅ ਕਰਦਾ ਹੈ। ਇਸ ਤੋਂ ਇਲਾਵਾ ਚਾਵਲਾਂ ਵਿਚ ਪ੍ਰੋਟੀਨ, ਵਿਟਾਮਿਨ ਤੇ ਖਣਿਜ ਪਦਾਰਥ ਭਰਪੂਰ ਮਾਤਰਾ ਵਿਚ ਹੁੰਦੇ ਹਨ। ਜਦ ਬੱਚਾਂ ਛੇ ਮਹੀਨੇ ਦਾ ਹੋ ਜਾਵੇ ਤਾਂ ਉਸ ਨੂੰ ਚਾਵਲਾਂ ਦੀ ਪਿੱਛ ਜ਼ਰੂਰ ਪਿਆਉਣੀ ਚਾਹੀਦੀ ਹੈ। ਇਸ ਨਾਲ ਬੱਚਿਆਂ ਨੂੰ ਦੰਦੀਆਂ ਕੱਢਣ ਵਿਚ ਜ਼ਿਆਦਾ ਪਰੇਸ਼ਾਨੀਆਂ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

### ਜੌਂ

ਇਸ 'ਚ ਭਰਪੂਰ ਮਾਤਰਾ 'ਚ ਫਾਈਬਰ ਹੁੰਦਾ ਹੈ, ਜਿਸ ਨਾਲ ਕੋਲੈਸਟ੍ਰੋਲ ਘਟਦਾ ਹੈ। ਇਸ ਦੀ ਤਾਸੀਰ ਠੰਢੀ ਹੁੰਦੀ ਹੈ। ਇਸ ਨਾਲ ਸ਼ੂਗਰ ਵੀ ਨਹੀਂ ਵਧਦੀ। ਸਰੀਰ 'ਚ ਚਰਬੀ ਵਧਣ 'ਤੇ ਕਣਕ ਜਾਂ ਚਾਵਲ ਛੱਡ ਕੇ ਜੌਂ ਦੀ ਰੋਟੀ ਖਾਓ। ਜੌਂ ਦਾ ਪਾਣੀ ਪੀਣ ਨਾਲ ਪੱਥਰੀ ਦਾ ਰੋਗ ਵੀ ਦੂਰ ਹੁੰਦਾ ਹੈ।

### ਮੂੰਗੀ

ਇਸ 'ਚ ਕੈਲਸ਼ੀਅਮ, ਆਇਰਨ ਅਤੇ ਪ੍ਰੋਟੀਨ ਭਰਪੂਰ ਮਾਤਰਾ ਵਿਚ ਹੁੰਦੇ ਹਨ, ਜੋ ਸਿਹਤ ਲਈ ਲਾਭਕਾਰੀ ਹਨ। ਇਸ ਨਾਲ ਅਨੇਕਾਂ ਪ੍ਰਕਾਰ ਦੀਆਂ ਬਿਮਾਰੀਆਂ ਦੂਰ ਹੁੰਦੀਆਂ ਹਨ। ਮੂੰਗੀ ਦੀ ਦਾਲ ਨੂੰ ਪੇਟ ਸਬੰਧੀ ਤਕਲੀਫ਼ਾ ਅਤੇ ਬੁਖ਼ਾਰ ਆਦਿ ਹੋਣ 'ਤੇ ਖਾਣ ਦੀ ਅਕਸਰ ਡਾਕਟਰਾਂ ਵੱਲੋਂ ਸਿਫਾਰਿਸ਼ ਕੀਤੀ ਜਾਂਦੀ ਹੈ।

# ਗੁਲੂਕੋਜ਼ ਤੋਂ ਮਿਲਦੀ ਹੈ ਦਿਮਾਗ਼ ਨੂੰ ਊਰਜਾ



ਅਮਰਜੀਤ ਕੌਰ ਵਿਰਦੀ
ਮੋਬਾਈਲ 95307-49092

ਕਾਰਬੋਹਾਈਡਰੇਟਜ਼ ਪਾਚਨ ਪ੍ਰਕਿਰਿਆ ਤੋਂ ਬਾਅਦ ਗੁਲੂਕੋਜ਼ 'ਚ ਬਦਲ ਜਾਂਦੇ ਹਨ। ਇਸ ਲਈ ਦਿਮਾਗ਼ ਨੂੰ ਤਰੋ-ਤਾਜ਼ਾ ਰੱਖਣ ਲਈ ਕਾਰਬੋਹਾਈਡਰੇਟਸ ਨੂੰ ਖਾਣੇ 'ਚ ਸ਼ਾਮਲ ਕਰਨਾ ਬੇਹੱਦ ਜ਼ਰੂਰੀ ਹਨ।

### ਕੀ ਹਨ ਕਾਰਬੋਹਾਈਡਰੇਟਸ?

ਭੋਜਨ ਵਿਚ ਜਿਸ ਖ਼ੁਰਾਕੀ ਪਦਾਰਥ ਦੀ ਵਰਤੋਂ ਸਭ ਤੋਂ ਜ਼ਿਆਦਾ (ਲਗਪਗ 45 ਫ਼ੀਸਦੀ ਤੋਂ 60 ਫ਼ੀਸਦੀ ਤਕ ਹੁੰਦੀ ਹੈ) ਉਹ ਹਨ ਵੱਖਰੇ-ਵੱਖਰੇ ਅਨਾਜ-ਕਣਕ, ਚਾਵਲ, ਜੌਂ, ਮੱਕੀ, ਬਾਜਰਾ, ਸ਼ਹਿਦ ਅੰਗੂਰ, ਗੰਨਾ, ਗੁੜ, ਚੀਨੀ, ਸ਼ਕਰਕੰਦੀ ਤੇ ਜੂਸ ਆਦਿ। ਇਨ੍ਹਾਂ ਵਿਚ ਦੂਸਰੇ ਪਦਾਰਥਾਂ ਨਾਲੋਂ ਵੱਧ ਮਾਤਰਾ 'ਚ ਕਾਰਬੋਹਾਈਡਰੇਟਸ ਪਾਏ ਜਾਂਦੇ ਹਨ। ਕਾਰਬੋਹਾਈਡਰੇਟਸ ਕਾਰਬਨ, ਹਾਈਡਰੋਜਨ ਤੇ ਆਕਸੀਜਨ ਦੇ ਮੇਲ ਤੋਂ ਬਣੇ ਯੋਗਿਕ ਹੁੰਦੇ ਹਨ, ਜੋ ਪਾਚਣ ਪ੍ਰਕਿਰਿਆ ਤੋਂ ਬਾਅਦ ਗੁਲੂਕੋਜ਼ 'ਚ ਬਦਲ ਜਾਂਦੇ ਹਨ। ਪ੍ਰੋਟੀਨ, ਸਬਜ਼ੀਆਂ ਜਾਂ ਫਲਾਂ 'ਚੋਂ ਵੀ ਕਾਰਬੋਹਾਈਡਰੇਟਸ ਦੀ ਹੋਂਦ ਪਾਈ ਜਾਂਦੀ ਹੈ ਪਰ ਇਨ੍ਹਾਂ ਸਾਰਿਆਂ ਦੇ ਮੁਕਾਬਲੇ ਅਨਾਜ ਤੇ ਖੰਡ 'ਚ ਕਾਰਬੋਹਾਈਡਰੇਟਸ ਦੀ ਵੱਧ ਮਾਤਰਾ ਹੋਣ ਕਰਕੇ ਇਨ੍ਹਾਂ ਪਦਾਰਥਾਂ ਨੂੰ ਕਾਰਬੋਹਾਈਡਰੇਟਸ ਕਿਹਾ ਜਾਂਦਾ ਹੈ।

### ਕਾਰਬੋਹਾਈਡਰੇਟਸ ਦੇ ਤਿੰਨ ਰੂਪ

**- ਫਾਈਬਰ ਜਾਂ ਰੇਸ਼ੇ**

ਰੇਸ਼ੇ ਘੱਟ ਚਰਬੀ ਵਾਲੇ ਤੇ ਘੱਟ ਸੋਡੀਅਮ ਵਾਲੇ ਕਾਰਬੋਹਾਈਡਰੇਟਸ ਹਨ, ਜੋ ਵਿਟਾਮਿਨਾਂ ਨਾਲ ਭਰਪੂਰ ਹੁੰਦੇ ਹਨ। ਜ਼ਿਆਦਾਤਰ ਅਨਾਜ ਤੇ ਦਾਲਾਂ ਦੀ ਉੱਪਰਲੀ ਪਰਤ ਦੇ ਰੂਪ 'ਚ ਸਬਜ਼ੀਆਂ, ਫਲਾਂ, ਪੱਤਿਆਂ 'ਚ ਮੌਜੂਦ ਹੁੰਦੇ ਹਨ। ਇਨ੍ਹਾਂ 'ਚ ਗੁਲੂਕੋਜ ਦੀ ਮਾਤਰਾ ਕਾਫ਼ੀ ਘੱਟ ਹੁੰਦੀ ਹੈ। ਇਸ ਲਈ ਇਨ੍ਹਾਂ ਦੇ ਪਾਚਨ ਵੇਲੇ ਪੈਨਕਰੀਆਜ਼ 'ਤੇ ਜ਼ੋਰ ਨਹੀਂ ਪੈਂਦਾ ਤੇ ਬਲੱਡ ਸ਼ੂਗਰ ਦਾ ਪੱਧਰ ਵੀ ਨਹੀਂ ਵਧਦਾ। ਭੋਜਨ ਪਦਾਰਥਾਂ 'ਚ ਮੌਜੂਦ ਰੇਸ਼ੇ ਖ਼ੂਨ 'ਚ ਮੌਜੂਦ ਮਾੜੇ ਕੋਲੈਸਟ੍ਰੋਲ ਦੇ ਪੱਧਰ ਨੂੰ ਘੱਟ ਕਰਦੇ ਹਨ। ਫਾਈਬਰ ਯੁਕਤ ਭੋਜਨ ਜਲਦੀ ਪਚਦਾ ਹੈ ਤੇ ਭੁੱਖ ਤ੍ਰਿਪਤ ਹੋ ਜਾਣ ਨਾਲ ਬਲੱਡ ਸ਼ੂਗਰ ਵੀ ਕਾਬੂ 'ਚ ਰਹਿੰਦੀ ਹੈ। ਨਿਊਟ੍ਰੀਸ਼ਨਲ ਖੋਜਾਂ ਅਨੁਸਾਰ ਲਗਪਗ 35-40 ਗ੍ਰਾਮ ਫਾਈਬਰ ਯੁਕਤ ਭੋਜਨ ਰੋਜ਼ਾਨਾ ਜ਼ਰੂਰ ਖਾਣਾ ਚਾਹੀਦਾ ਹੈ।

### ਰੇਸ਼ੇ ਦੋ ਤਰ੍ਹਾਂ ਦੇ ਹੁੰਦੇ ਹਨ

**1. ਘੁਲਣਸ਼ੀਲ ਰੇਸ਼ੇ**

ਜੌਂ, ਫਲੀਆਂ, ਆਲੂ, ਗੂੰਦ, ਈਸਬਗੋਲ ਦਾ ਛਿਲਕਾ, ਫਲਾਂ ਤੇ ਸਬਜ਼ੀਆਂ ਵਿਚ ਫਾਈਬਰ ਦੀ ਭਰਪੂਰ ਮਾਤਰਾ ਹੁੰਦੀ ਹੈ।

**2. ਅਘੁਲਣਸ਼ੀਲ ਰੇਸ਼ੇ**

ਮੇਥੀ, ਕਣਕ ਦਾ ਛਿਲਕਾ, ਅਨਾਜਾਂ ਦੀ ਉਪਰਲੀ ਪਰਤ, ਦਾਲਾਂ ਦਾ ਛਿਲਕਾ, ਹਰੀਆਂ ਪੱਤੇਦਾਰ ਸਬਜੀਆਂ, ਬਰੌਕਲੀ, ਪੱਤਾਗੋਭੀ ਤੇ ਪੁੰਗਰੀਆਂ ਹੋਈਆਂ ਦਾਲਾਂ ਅਜਿਹੇ ਰੇਸ਼ਿਆਂ ਦਾ ਮੁੱਖ ਸੋਮਾ ਹਨ।

### ਉਪਯੋਗੀ ਹਨ ਦੋਵੇਂ ਤਰ੍ਹਾਂ ਦੇ ਰੇਸ਼ੇ

ਘੁਲਣਸ਼ੀਲ ਰੇਸ਼ੇ ਆਪਣੇ ਅੰਦਰ ਪਾਣੀ ਸੋਖ ਕੇ ਚੀਕਣੇਪਨ 'ਚ ਵਾਧਾ ਕਰਦੇ ਹਨ। ਇਹ ਕਬਜ਼ ਨੂੰ ਰੋਕਦੇ ਹਨ। ਅਣਘੁਲਣਸ਼ੀਲ ਰੇਸ਼ੇ ਭੋਜਨ ਨੂੰ ਬਲਕੀ ਜਾਂ ਭਾਰਾ ਬਣਾਉਂਦੇ ਹਨ ਤੇ ਭੋਜਨ ਦੀ ਅੰਤੜੀਆਂ ਵਿਚ ਗਤੀ ਨੂੰ ਯਕੀਨੀ ਬਣਾਉਂਦੇ ਹਨ ਤੇ ਕਬਜ਼ ਨੂੰ ਰੋਕਦੇ ਹਨ। ਇਸ ਲਈ ਛਿਲਕੇ ਵਾਲੇ ਅਨਾਜ, ਅਣਦਲੀਆਂ ਦਾਲਾਂ, ਸਲਾਦ, ਕੱਚੀਆਂ ਸਬਜ਼ੀਆਂ ਨੂੰ ਖਾਣੇ 'ਚ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ। ਜਿਸ ਨਾਲ ਤੁਹਾਨੂੰ ਕਾਫ਼ੀ ਫ਼ਾਇਦਾ ਮਿਲੇਗਾ ਤੇ ਤੁਸੀਂ ਚੁਸਤ-ਦਰੁਸਤ ਮਹਿਸੂਸ ਕਰੋਗੇ।

### ਖੰਡ ਦੇ ਰੂਪ 'ਚ ਕਾਰਬੋਹਾਈਡਰੇਟਸ

ਖੰਡ ਨੂੰ 'ਸਕਰੋਜ਼' ਕਿਹਾ ਜਾਂਦਾ ਹੈ ਜੋ ਗੁਲੂਕੋਜ ਤੇ ਫਰੱਕਟੋਜ਼ ਦਾ ਮਿਸ਼ਰਣ ਹੈ। ਇਹ ਅਨਾਜ 'ਚ ਮਿਲ ਕੇ ਖ਼ੂਨ 'ਚ ਜਲਦੀ ਰਚ ਜਾਂਦਾ ਹੈ। ਇਸ ਲਈ ਜ਼ਰੂਰਤ ਪੈਣ 'ਤੇ ਡਾਕਟਰ ਗੁਲੂਕੋਜ਼ ਦੀ ਨੂੰ ਸਿੱਧਿਆਂ ਖ਼ੂਨ 'ਚ ਦਾਖ਼ਲ ਕਰਦੇ ਹਨ ਤਾਂ ਕਿ ਮਰੀਜ਼ ਨੂੰ ਊਰਜਾ ਮੁਹੱਈਆ ਕਰਵਾਈ ਜਾ ਸਕੇ ਅਤੇ ਉਹ ਛੇਤੀ ਸਿਹਤਯਾਬ ਹੋ ਸਕੇ।

### ਕਾਰਬੋਹਾਈਡਰੇਟਸ ਦਾ ਪਾਚਣ

ਇਸ ਦੀ ਪਾਚਣ ਪ੍ਰਕਿਰਿਆ ਮੂੰਹ ਦੀ ਲਾਰ ਦੁਆਰਾ ਹੀ ਸ਼ੁਰੂ ਹੋ ਜਾਂਦੀ ਹੈ। ਲਾਰ ਭੋਜਨ ਵਿਚਲੇ ਸਟਾਰਜ ਨੂੰ ਕੁਝ ਹੱਦ ਤਕ ਕੰਪਲੈਕਸ ਸ਼ੂਗਰ ਤੋਂ ਸਿਪਲ ਸ਼ੂਗਰ 'ਚ ਬਦਲ ਦਿੰਦੀ ਹੈ। ਲਾਰ ਦੁਆਰਾ ਭੋਜਨ ਦੀ ਸਟਾਰਜ ਦਾ ਕੁੱਝ ਹਿੱਸਾ ਮਾਲਟੋਜ਼ 'ਚ ਬਦਲ ਜਾਂਦਾ ਹੈ। ਇਹ ਭੋਜਨ ਨਾਲੀ 'ਚੋਂ ਹੁੰਦਾ ਹੋਇਆ ਮਿਹਦੇ 'ਚ ਪਹੁੰਚਦਾ ਹੈ। ਇਸ ਦਾ ਮਾਦਾ ਤੇਜ਼ਾਬੀ ਹੁੰਦਾ ਹੈ। ਜਿਵੇਂ ਹੀ ਭੋਜਨ ਡਿਊਡਨਮ 'ਚ ਪਹੁੰਚਦਾ ਹੈ ਤਾਂ ਪੈਨਕੀਰੀਆਜ਼ ਗ੍ਰੰਥੀ ਪੈਨਕ੍ਰੀਆਟਿਕ ਜੂਸ ਭੇਜਦੀ ਹੈ, ਜਿਸ ਵਿਚਲਾ ਏਮਾਈਲੇਜ਼ ਐਂਜਾਈਮ ਕਾਰਬੋਹਾਈਡ੍ਰੇਟਸ ਨੂੰ ਮਾਲਟੋਜ਼ ਨਾਂ ਦੀ ਸ਼ੂਗਰ 'ਚ ਬਦਲ ਦਿੰਦੀ ਹੈ। ਛੋਟੀ ਆਂਦਰ 'ਚ ਭੋਜਨ ਦਾ ਮਾਲਟੋਜ਼ 'ਚ ਬਦਲ ਜਾਂਦਾ ਹੈ। ਪਾਚਣ ਪ੍ਰਕਿਰਿਆ ਪੂਰੀ ਹੋਣ 'ਤੇ ਸੋਖਣ ਦੀ ਕਿਰਿਆ ਦੁਆਰਾ ਗੁਲੂਕੋਜ਼ ਖ਼ੂਨ 'ਚ ਰਲ ਜਾਂਦਾ ਹੈ। ਕਾਰਬੋਹਾਈਡਰੇਟ ਦੀ ਇਕ ਗ੍ਰਾਮ ਮਾਤਰਾ ਤੋਂ 4 ਕਿੱਲੋ-ਕੈਲੋਰੀ ਊਰਜਾ ਮਿਲਦੀ ਹੈ ਪਰ ਇਹ ਊਰਜਾ ਉਦੋਂ ਪ੍ਰਾਪਤ ਹੁੰਦੀ ਹੈ, ਜਦੋਂ ਕਾਰਬੋਹਾਈਡਰੇਟਸ ਆਕਸੀਜਨ ਨਾਲ ਮਿਲ ਕੇ (ਆਕਸੀਡੇਸ਼ਨ ਪ੍ਰਕਿਰਿਆ) ਦੁਆਰਾ ਗੁਲੂਕੋਜ਼ ਤੇ ਫਰੱਕਟੋਜ਼ ਆਕਸੀਜਨ ਨਾਲ ਬਲ ਕੇ ਊਰਜਾ, ਪਾਣੀ ਤੇ ਕਾਰਬਨ-ਡਾਈਆਕਸਾਈਡ ਬਣਾਉਂਦੇ ਹਨ। ਕਾਰਬਨ-ਡਾਈਕਸਾਈਡ ਦਿਲ ਵਿੱਚੋਂ ਦੀ ਦੌਰਾ ਕਰਦੀ ਹੋਈ ਖ਼ੂਨ ਰਾਹੀ ਫ਼ੇਫੜਿਆਂ 'ਚ ਜਾ ਕੇ ਸਾਹ ਨਾਲੀ ਰਾਹੀਂ ਬਾਹਰ ਕੱਢ ਦਿੱਤੀ ਜਾਂਦੀ ਹੈ। ਬਣੀ ਹੋਈ ਇਹ ਊਰਜਾ ਸਰੀਰ ਦੇ ਕੰਮਾਂ-ਅੰਦਰੂਨੀ ਕਿਰਿਆਵਾਂ, ਕੰਮ-ਕਸਰਤ ਸਰੀਰ ਦੀ ਵਿਧੀ, ਟੁੱਟੇ ਸੈੱਲਾਂ ਦੀ ਮੁਰੰਮਤ, ਜਣਨ ਕਿਰਿਆ ਤੇ ਸਰੀਰ ਦੇ ਰੋਗਾਂ ਨੂੰ ਸਹਿਣ ਦੀ ਸਮਰਥਾ 'ਚ ਵਾਧਾ ਕਰਦੀ ਹੈ।

ਕਾਰਬੋਹਾਈਡਰੇਟਸ ਐਂਜਾਈਮਜ਼ ਦੀ ਸਹਾਇਤਾ ਨਾਲ- ਗੁਲੂਕੋਜ਼-ਫਰੱਕਟੋਜ਼ ਐਨਾਬੋਲਿਜ਼ਮ ਗੁਲੂਕੋਜ਼+ਫਰੱਕਟੋਜ਼+ਆਕਸੀਜਨ-ਕੈਟਾਬੋਲਿਜ਼ਮ-ਊਰਜਾ+ਪਾਣੀ+ਕਾਰਬਨ-ਡਾਈਆਕਸਾਈਡ ਸੋਖਣ ਕਿਰਿਆ ਦੁਆਰਾ ਖ਼ੂਨ 'ਚ ਰਲਿਆ ਸਾਰਾ ਗੁਲੂਕੋਜ ਸਰੀਰਿਕ ਕਿਰਿਆਵਾਂ ਦੁਆਰਾ ਵਰਤਿਆ ਨਹੀਂ ਜਾਂਦਾ ਤਾਂ ਬਚਿਆ ਹੋਇਆ ਗੁਲੂਕੋਜ਼, ਪੈਨਕਰੀਆਜ਼ (ਤਿੱਲੀ) ਨਾਂ ਦੀ ਗ੍ਰੰਥੀ ਤੋਂ ਉਤਪਨ ਹੋਏ ਇਨਸੁਲਿਨ ਹਾਰਮੋਨ ਦੁਆਰਾ ਲਿਵਰ 'ਚ ਗਲਾਈਕੋਜਨ ਦੇ ਰੂਪ 'ਚ ਜਮ੍ਹਾਂ ਕਰ ਲਿਆ ਜਾਂਦਾ ਹੈ। ਲੋੜ ਪੈਣ 'ਤੇ ਪੈਨਕਰੀਆਜ਼ ਦੇ ਹੀ ਸੈੱਲ-ਐਲਫਾ-ਸੈੱਲ ਗਲਾਈਕੋਜਨ ਨੂੰ ਮੁੜ ਗੁਲੂਕੋਜ਼ 'ਚ ਬਦਲ ਦਿੰਦੇ ਹਨ।

### ਸ਼ੂਗਰ ਦਾ ਲੈਵਲ ਕੰਟਰੋਲ ਕਰਨ ਦੇ ਉਪਾਅ

*ਖੰਡ ਘੱਟ ਖਾਓ, ਚਾਹ ਵੀ ਫਿੱਕੀ ਪੀਓ। ਮਿਠਾਈਆਂ ਨਾ ਖਾਓ। ਰੋਟੀ ਛੋਟੀ ਅਰਥਾਤ ਘੱਟ ਵਜ਼ਨ ਦੀ ਖਾਓ। ਆਟੇ 'ਚ ਜੌਂ, ਸੋਇਆਬੀਨ, ਚਨੇ ਆਦਿ ਮਿਲਾ ਕੇ ਵਰਤ ਸਕਦੇ ਹੋ। ਸਾਰੇ ਅਨਾਜ ਛਿਲਕੇ ਸਮੇਤ ਵਰਤੋਂ। ਦਾਲਾਂ ਵੀ ਛਿਲਕੇ ਸਮੇਤ ਵਰਤੋਂ, ਪੁੰਗਰੀਆਂ ਦਾਲਾਂ ਦੀ ਵੀ ਵਰਤੋਂ ਕਰੋ। ਵੱਖ-ਵੱਖ ਰੰਗਾਂ ਦੀਆਂ ਸਬਜ਼ੀਆਂ ਤੇ ਪੱਤਿਆਂ ਦਾ ਸਲਾਦ ਖਾਓ। ਭੋਜਨ 'ਚ 35 ਤੋਂ 40 ਫ਼ੀਸਦੀ ਗ੍ਰਾਮ ਸਬਜ਼ੀਆਂ ਵਰਤੋਂ। ਨਿੰਬੂ ਪਾਣੀ ਦੀ ਵਰਤੋਂ ਵਧੇਰੇ ਕਰੋ। ਪੇਸਟਰੀਆਂ ਆਦਿ ਨਾ ਖਾਓ। ਭੋਜਨ ਦਾ ਸਮਾਂ ਤੇ ਮਾਤਰਾ ਨਿਸ਼ਚਿਤ ਕਰੋ। ਤਿੰਨ ਚਮਚ ਤੋਂ ਜ਼ਿਆਦਾ ਤੇਲ ਦੀ ਵਰਤੋਂ ਦਿਨ 'ਚ ਨਾ ਕਰੋ। ਘੱਟ ਤੋਂ ਘੱਟ 40 ਮਿੰਟ ਦੀ ਸੈਰ ਜਾਂ ਕਸਰਤ ਜ਼ਰੂਰ ਕਰੋ। ਆਪਣੇ ਮਨੋਰੰਜਨ ਲਈ ਸਮਾਂ ਜ਼ਰੂਰ ਕੱਢੋ।*

### ਪੈਨਕਰੀਆਜ਼ : ਇਕ ਚਮਤਕਾਰੀ ਗ੍ਰੰਥੀ

ਪੈਨਕਰੀਆਜ਼ ਮਿਹਦੇ ਦੇ ਥੱਲੇ ਹਲਕੇ ਪੀਲੇ ਰੰਗ ਦੀ ਗ੍ਰੰਥੀ ਹੈ, ਜੋ ਛੋਟੇ-ਛੋਟੇ ਲੋਬਜ਼ ਤੋਂ ਮਿਲ ਕੇ ਬਣੀ ਹੁੰਦੀ ਹੈ ਜਿਨਾਂ ਨੂੰ ਆਈਸਲੈਟਸ ਆਫ-ਲੈਂਗਰਹੈਂਸ ਕਿਹਾ ਜਾਂਦਾ ਹੈ। ਇਸ ਗ੍ਰੰਥੀ ਦਾ ਅੰਦਰੂਨੀ ਭਾਗ ਦੋ ਤਰ੍ਹਾਂ ਦੇ ਹਾਰਮੋਨ ਬਣਾਉਂਦਾ ਹੈ-ਇਨਸੁਲਿਨ ਅਤੇ ਗੁਲਾਈਕੋਜਿਨ।

ਇਨਸੁਲਿਤ ਬੀਟਾ ਸੈਲਾਂ ਦੁਆਰਾ ਬਣਦਾ ਹੈ ਤੇ ਖ਼ੂਨ ਦੇ ਸ਼ੂਗਰ ਲੈਵਲ ਨੂੰ ਘਟਾਉਣ 'ਚ ਸਹਾਇਤਾ ਕਰਦਾ ਹੈ। ਕਿਸੇ ਕਾਰਨ-ਪੈਨਕਰੀਆਜ ਦੇ ਸੈੱਲ ਜੇ ਇਨਸੁਲਿਨ ਘੱਟ ਮਾਤਰਾ 'ਚ ਬਣਾਉਣ ਲੱਗ ਪੈਣ ਤਾਂ ਬਚਿਆਂ ਵਿਚ ਗੁਲੂਕੋਜ਼ ਗਲਾਈਕੋਜਿਨ 'ਚ ਨਹੀਂ ਬਦਲਦਾ ਤਾਂ ਇਹ ਗੁਲੂਕੋਜ ਖ਼ੂਨ 'ਚ ਹੀ ਰਹਿੰਦਾ ਹੈ ਅਤੇ ਫਿਰ ਗੁਰਦਿਆਂ ਵਿੱਚੋਂ ਦੀ ਲੰਘ ਕੇ ਪਿਸ਼ਾਬ ਜ਼ਰੀਏ ਖਾਰਜ ਹੁੰਦਾ ਹੈ। ਇਸ ਅਵਸਥਾ ਨੂੰ ਸ਼ੂਗਰ ਰੋਗ ਕਿਹਾ ਜਾਂਦਾ ਹੈ। ਇਸ ਤਰ੍ਹਾਂ ਦੀ ਅਵਸਥਾ 'ਚ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ ਤੇ ਡਾਇਟ 'ਚ ਕਾਰਬੋਹਾਈਡਰੇਟਸ ਦੀ ਮਾਤਰਾ ਕੁੱਝ ਘਟਾ ਕੇ ਸ਼ੂਗਰ ਲੈਵਲ ਨੂੰ ਕੰਟਰੋਲ ਕਰਨਾ ਜ਼ਰੂਰੀ ਹੁੰਦਾ ਹੈ। ਕਾਰਬੋਹਾਈਡਰੇਟ ਨੂੰ ਰੇਸ਼ਿਆਂ ਦੀ ਮਾਤਰਾ ਵਧਾ ਕੇ ਖੰਡ ਬੰਦ ਕਰ ਕੇ ਤੇ ਘੱਟ ਮਿੱਠੇ ਫਲ ਖਾਣ ਨਾਲ ਤੇ ਸੈਰ, ਕਸਰਤ, ਕੰਮ ਕਰ ਕੇ ਬਲੱਡ ਲੈਵਲ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ। ਨਾਲ ਹੀ ਡਾਕਟਰ ਦੀ ਸਲਾਹ ਦੀ ਲੋੜ ਹੈ। ਸੈਰ ਤੇ ਕਸਰਤ ਨਾਲ ਖ਼ੂਨ ਦਾ ਗੁਲੂਕੋਜ਼ ਊਰਜਾ 'ਚ ਬਦਲ ਕੇ ਵਰਤ ਲਿਆ ਜਾਂਦਾ ਹੈ। ਇਸ ਲਈ ਵਾਧੂ ਗੁਲੂਕੋਜ ਖ਼ੂਨ 'ਚ ਨਹੀਂ ਬਣਦਾ ਇਸ ਲਈ ਘੱਟ ਇਨਸੁਲਿਨ ਨਾਲ ਹੀ ਬਲੱਡ ਸ਼ੂਗਰ ਲੈਵਲ ਕੰਟਰੋਲ 'ਚ ਰਹਿੰਦਾ ਹੈ। ਭੋਜਨ ਦਾ ਸਮਾਂ ਤੇ ਮਾਤਰਾ ਨਿਸ਼ਚਿਤ ਕਰ ਲੈਣੇ ਚਾਹੀਦੇ ਹਨ।

### 50 ਸਾਲ ਦੀ ਉਮਰ

ਇਸ ਉਮਰ ਤੋਂ ਬਾਅਦ ਭੋਜਨ 'ਚ 10 ਫ਼ੀਸਦੀ ਕਾਰਬੋਹਾਈਡਰੇਟਸ ਦੀ ਮਾਤਰਾ ਘਟਾ ਹੀ ਦੇਣੀ ਚਾਹੀਦੀ ਹੈ। ਇਸ ਦੀ ਜ਼ਿਆਦਾ ਨਹੀਂ ਘਟਾਉਣੀ ਚਾਹੀਦੀ ਕਿਉਂਕਿ ਕੇਂਦਰੀ ਨਾੜੀ ਪ੍ਰਣਾਲੀ ਨੂੰ ਊਰਜਾ ਕਾਰਬੋਹਾਈਡਰੇਟਸ ਤੋਂ ਹੀ ਪ੍ਰਾਪਤ ਹੁੰਦੀ ਹੈ। ਦਿਮਾਗ਼ ਤੋਂ ਉਤਪੰਨ ਹਾਰਮੋਨ ਸਰੀਰ ਦੀਆਂ ਕਿਰਿਆਵਾਂ ਨੂੰ ਕਾਬੂ 'ਚ ਰੱਖਦੇ ਹਨ। ਕਾਰਬੋਹਾਈਡਰੇਟਸ ਦੀ ਘਾਟ ਕਾਰਨ ਦਿਮਾਗ਼ ਤੋਂ ਸਹੀ ਮਾਤਰਾ 'ਚ ਹਾਰਮੋਨ ਪੈਦਾ ਨਾ ਹੋਣ ਤੇ ਸਰੀਰ ਮਿਥਿਲ ਹੋ ਸਕਦਾ ਹੈ। ਮਾਸਪੇਸ਼ੀਆਂ ਕਮਜ਼ੋਰ ਹੋ ਸਕਦੀਆਂ ਹਨ। ਪਾਣੀ ਤੇ ਸੋਡੀਅਮ ਦੀ ਘਾਟ ਹੋ ਸਕਦੀ ਹੈ। ਜਿਸ ਨਾਲ ਰੋਗਾਂ ਨਾਲ ਲੜਨ ਦੀ ਸਮਰਥਾ ਖ਼ਤਮ ਹੋ ਸਕਦੀ ਹੈ। ਇਸ ਲਈ ਭੋਜਨ 'ਚ ਕਾਰਬੋਹਾਈਡਰੇਟਸ ਦੀ ਮਾਤਰਾ ਘਟਾ ਕੇ ਬਲੱਡ ਸ਼ੂਗਰ ਲੈਵਲ ਕੰਟਰੋਲ ਕਰਨਾ ਚਾਹੀਦਾ ਹੈ। ਕਾਰਬੋਹਾਈਡਰੇਟਸ ਹਟਾ ਕੇ ਨਹੀਂ।

**ਭਾਰ ਘਟਾਉਣ ਦੇ ਚੱਕਰ 'ਚ ਕਈ ਵਾਰ ਔਰਤਾਂ ਭੋਜਨ ਸਬੰਧੀ ਲਾਪ੍ਰਵਾਹੀ ਕਾਰਨ ਮੋਟਾਪਾ, ਅਨੀਮਿਆ, ਕੈਲਸ਼ੀਅਮ ਦੀ ਕਮੀ, ਖ਼ੂਨ ਦੀ ਕਮੀ (ਅਨੀਮੀਆ) ਤੇ ਹੋਰ ਭਿਆਨਕ ਬਿਮਾਰੀਆਂ ਦੀਆਂ ਸ਼ਿਕਾਰ ਹੋ ਜਾਂਦੀਆਂ ਹਨ...**

# ਖਾਣ-ਪੀਣ ਦਾ ਰੱਖੋ ਖ਼ਾਸ ਖ਼ਿਆਲ



ਘਰ 'ਚ ਬੱਚਿਆਂ ਤੋਂ ਲੈ ਕੇ ਵੱਡਿਆਂ ਦਾ ਖ਼ਿਆਲ ਰੱਖਣ ਵਾਲੀਆਂ ਔਰਤਾਂ ਅਕਸਰ ਆਪਣੇ ਖਾਣ-ਪੀਣ ਸਬੰਧੀ ਹਮੇਸ਼ਾ ਲਾਪ੍ਰਵਾਹ ਹੋ ਜਾਂਦੀਆਂ ਹਨ। ਖਾਣ-ਪੀਣ ਸਬੰਧੀ ਇਸ ਤਰ੍ਹਾਂ ਦੀ ਲਾਪ੍ਰਵਾਹੀ ਉਨ੍ਹਾਂ ਲਈ ਕਈ ਤਰ੍ਹਾਂ ਦੀਆਂ ਸਰੀਰਕ ਸਮੱਸਿਆਵਾਂ ਪੈਦਾ ਕਰ ਸਕਦੀ ਹੈ। ਕਈ ਵਾਰ ਅਜਿਹੀਆਂ ਸਰੀਰਕ ਸਮੱਸਿਆਵਾਂ ਬਾਅਦ ਵਿਚ ਗੰਭੀਰ ਬਿਮਾਰੀਆਂ ਦਾ ਰੂਪ ਲੈ ਸਕਦੀਆਂ ਹਨ। ਭੋਜਨ ਸਬੰਧੀ ਲਾਪ੍ਰਵਾਹੀ ਕਾਰਨ ਔਰਤਾਂ ਮੋਟਾਪਾ, ਅਨੀਮਿਆ, ਕੈਲਸ਼ੀਅਮ ਦੀ ਕਮੀ, ਖ਼ੂਨ ਦੀ ਕਮੀ (ਅਨੀਮੀਆ) ਆਦਿ ਦੀਆਂ ਸ਼ਿਕਾਰ ਹੋ ਸਕਦੀਆਂ ਹਨ। ਜਿਸ ਤਰ੍ਹਾਂ ਔਰਤਾਂ ਪਰਿਵਾਰ ਦੇ ਬਾਕੀ ਮੈਂਬਰਾਂ ਦਾ ਧਿਆਨ ਰੱਖਦੀਆਂ ਹਨ, ਉਸੇ ਤਰ੍ਹਾਂ ਉਨ੍ਹਾਂ ਨੂੰ ਆਪਣੇ ਖਾਣ-ਪੀਣ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ।

### ਓਵਰ ਡਾਇਟਿੰਗ

ਜੇ ਤੁਹਾਨੂੰ ਡੀਹਾਈਡ੍ਰੇਸ਼ਨ ਜਾਂ ਪਾਣੀ ਦੀ ਘਾਟ ਰਹਿੰਦੀ ਹੈ ਤਾਂ ਸਰੀਰ ਨੂੰ ਇਲੈਕਟ੍ਰੋਲਾਈਟ ਬੈਲੇਂਸ ਨੂੰ ਰੱਖਣ 'ਚ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਪਾਣੀ ਦੀ ਘਾਟ ਦੀਆਂ ਸ਼ਿਕਾਰ ਔਰਤਾਂ ਨੂੰ ਲੋੜ ਤੋਂ ਜ਼ਿਆਦਾ ਕਸਰਤ ਨਹੀਂ ਕਰਨੀ ਚਾਹੀਦੀ। ਕੰਮਕਾਜ ਦੌਰਾਨ ਅਜਿਹੀ ਕਮੀ ਦੀਆਂ ਸ਼ਿਕਾਰ ਔਰਤਾਂ ਨੂੰ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਪਾਣੀ, ਗੁਲੂਕੋਜ਼ ਜਾਂ ਸ਼ਿਕੰਜਵੀ ਆਦਿ ਦੀ ਵਰਤੋਂ ਕਰਦੇ ਰਹਿਣਾ ਚਾਹੀਦਾ ਹੈ ਅਤੇ ਦਿਨ ਵਿਚ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਕੁਝ ਨਾ ਕੁਝ ਜ਼ਰੂਰ ਖਾਣਾ ਚਾਹੀਦਾ ਹੈ। ਜੇ ਤੁਹਾਨੂੰ ਬਹੁਤ ਥਕਾਵਟ ਮਹਿਸੂਸ ਹੁੰਦੀ ਹੈ ਜਾਂ ਨੀਂਦ ਨਹੀਂ ਆਉਂਦੀ ਤਾਂ ਸਮਝੋ ਕਿ ਇਹ ਕਮਜ਼ੋਰੀ ਦੀ ਨਿਸ਼ਾਨੀ ਹੈ।

### ਨਾਸ਼ਤਾ ਜ਼ਰੂਰ ਕਰੋ

ਨਾਸ਼ਤਾ ਨਾ ਕਰਨ ਵਾਲੀਆਂ ਔਰਤਾਂ ਦਾ ਭਾਰ ਵਧਣਾ ਸ਼ੁਰੂ ਹੋ ਜਾਂਦਾ ਹੈ। ਨਾਸ਼ਤਾ ਨਾ ਕਰਨ ਵਾਲੀਆਂ ਔਰਤਾਂ ਦੇ ਮਨ 'ਚ ਇਹ ਭੁਲੇਖਾ ਹੁੰਦਾ ਹੈ ਕਿ ਜੇ ਉਹ ਇਕ ਜਾਂ ਦੋ ਸਮੇਂ ਦਾ ਖਾਣਾ ਛੱਡ ਦੇਣ ਤਾਂ ਉਸ ਨਾਲ ਉਨ੍ਹਾਂ ਦਾ ਭਾਰ ਘਟ ਜਾਵੇਗਾ ਪਰ ਅਸਲ 'ਚ ਅਜਿਹਾ ਨਹੀਂ ਹੁੰਦਾ ਉਨ੍ਹਾਂ ਦਾ ਭਾਰ ਹੋਰ ਜ਼ਿਆਦਾ ਵਧਣਾ ਸ਼ੁਰੂ ਹੋ ਜਾਂਦਾ ਹੈ ਤੇ ਇਸ ਦੇ ਨਾਲ ਹੀ ਤੇਜ਼ਾਬੀ ਮਾਦੇ 'ਚ ਵਾਧੇ ਅਤੇ ਕਮਜ਼ੋਰੀ ਵਰਗੀਆਂ ਅਲਾਮਤਾਂ ਵੀ ਪੈਦਾ ਹੋ ਸਕਦੀਆਂ ਹਨ।

### ਸ਼ੂਗਰ ਦਾ ਵਧਣਾ

ਜੂਸ ਦਾ ਸੇਵਨ ਕਰਨਾ ਵਧੀਆ ਹੋ ਸਕਦਾ ਹੈ ਪਰ ਸੱਚਾਈ ਇਹ ਹੈ ਕਿ ਫਲਾਂ ਦਾ ਰਸ ਓਨਾ ਵਧੀਆ ਨਹੀਂ ਹੁੰਦਾ ਜਿੰਨਾਂ ਤੁਸੀ ਸਮਝਦੇ ਹੋ ਕਿਉਂਕਿ ਜੂਸ ਵਿਚ ਅਕਸਰ ਖੰਡ ਦਾ ਘੋਲ ਅਤੇ ਹੋਰ ਪ੍ਰੀਜ਼ਰਵੇਟਿਵਜ਼ ਮਿਲਾਏ ਜਾਂਦੇ ਹਨ। ਇਸ ਤੋਂ ਇਲਾਵਾ ਜੂਸ ਕੱਢਣ ਨਾਲ ਫਲਾਂ 'ਚ ਮੌਜੂਦ ਫਾਈਬਰ ਵੀ ਨਸ਼ਟ ਹੋ ਜਾਂਦਾ ਹੈ। ਡੱਬਾਬੰਦ ਜੂਸ ਵਿਚ ਮਿਲਾਏ ਗਏ ਰਸਾਇਣਕ ਤੱਤ ਜੂਸ ਨੂੰ ਖ਼ਰਾਬ ਹੋਣ ਤੋਂ ਤਾਂ ਬਚਾਉਂਦੇ ਹਨ ਪਰ ਮਨੁੱਖੀ ਸਿਹਤ ਉੱਪਰ ਮਾੜਾ ਅਸਰ ਪਾਉਂਦੇ ਹਨ। ਇਸ ਤੋਂ ਇਲਾਵਾ ਜਿਨ੍ਹਾਂ ਔਰਤਾਂ ਨੂੰ ਸ਼ੂਗਰ ਰੋਗ ਹੁੰਦਾ ਹੈ, ਉਨ੍ਹਾਂ ਨੂੰ ਉਨ੍ਹਾਂ ਫਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ, ਜਿਨ੍ਹਾਂ ਵਿਚ ਮਿਠਾਸ ਘੱਟ ਹੋਵੇ।

### ਕੈਲਸ਼ੀਅਮ ਦੀ ਕਮੀ

ਔਰਤਾਂ 'ਚ ਕੈਲਸ਼ੀਅਮ ਦੀ ਘਾਟ ਸਭ ਤੋਂ ਜ਼ਿਆਦਾ ਪਾਈ ਜਾਂਦੀ ਹੈ। ਇਸ ਦਾ ਕਾਰਨ ਉਨ੍ਹਾਂ ਦੀ ਲਾਪ੍ਰਵਾਹੀ ਹੀ ਹੋ ਸਕਦੀ ਹੈ, ਜਿਸ ਕਾਰਨ ਹੱਡੀਆਂ ਦਾ ਕਮਜ਼ੋਰ ਹੋ ਜਾਣਾ ਤੇ ਹੋਰ ਸਰੀਰਕ ਤਕਲੀਫ਼ਾਂ ਪੈਦਾ ਹੋ ਸਕਦੀਆਂ ਹਨ। ਕੈਲਸ਼ੀਅਮ ਦੀ ਘਾਟ ਨੂੰ ਦੂਰ ਕਰਨ ਲਈ ਔਰਤਾਂ ਨੂੰ ਦੁੱਧ, ਆਂਡੇ ਦੀ ਸਫ਼ੈਦੀ, ਚਾਵਲ, ਪੱਤਾ ਗੋਭੀ, ਪਨੀਰ, ਦਹੀ, ਸੋਇਆਬੀਨ ਅਤੇ ਹਰੀਆਂ ਸਬਜ਼ੀਆਂ ਆਪਣੇ ਭੋਜਨ ਵਿਚ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ।

### ਆਇਰਨ ਦੀ ਕਮੀ

ਕੈਲਸ਼ੀਅਮ ਤੋਂ ਬਾਅਦ ਔਰਤਾਂ ਵਿਚ ਸਭ ਤੋਂ ਵੱਧ ਆਇਰਨ ਦੀ ਕਮੀ ਹੋਣ ਦੀ ਸੰਭਾਵਨਾ ਹੁੰਦੀ ਹੈ। ਇਸ ਨਾਲ ਉਹ ਅਨੀਮੀਆ ਦੀਆਂ ਸ਼ਿਕਾਰ ਹੋ ਸਕਦੀਆਂ ਹਨ। ਇਸ ਲਈ ਔਰਤਾਂ ਨੂੰ ਆਪਣੇ ਭੋਜਨ ਵਿਚ ਆਇਰਨ ਤੱਤ ਵਾਲੇ ਪਦਾਰਥਾਂ ਨੂੰ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ। ਇਸ ਦੇ ਲਈ ਉਹ ਪਾਲਕ ਦੀ ਵਰਤੋਂ ਕਰ ਸਕਦੀਆਂ ਹਨ। ਪਾਲਕ ਵਿਚ ਵਿਟਾਮਿਨ ਤੇ ਆਇਰਨ ਤੱਤ ਮੌਜੂਦ ਹੁੰਦਾ ਹੈ। ਅਜਿਹੇ ਭੋਜਨ ਪਦਾਰਥ ਸਰੀਰ ਨੂੰ ਊਰਜਾ ਵੀ ਦਿੰਦੇ ਹਨ।



## ਫਲਾਂ ਤੇ ਸਬਜ਼ੀਆਂ ਦੇ ਭਰਪੂਰ ਫ਼ਾਇਦੇ

ਫਲ ਤੇ ਸਬਜ਼ੀਆਂ ਖਾਣਾ ਸਿਹਤ ਲਈ ਵਧੀਆ ਮੰਨਿਆ ਜਾਂਦਾ ਹੈ। ਸਰੀਰ ਨੂੰ ਠੀਕ ਰੱਖਣ ਲਈ ਡਾਕਟਰ ਵੀ ਕਹਿੰਦੇ ਹਨ ਕਿ ਹਰੀਆਂ ਸਬਜ਼ੀਆਂ ਤੇ ਫਲਾਂ ਦਾ ਸੇਵਨ ਕਰਨਾ ਚਾਹੀਦਾ ਹੈ। ਹਰੀਆਂ ਸਬਜ਼ੀਆਂ ਨੂੰ ਆਪਣੀ ਡਾਇਟ 'ਚ ਸਲਾਦ ਦੇ ਰੂਪ 'ਚ ਸ਼ਾਮਲ ਕਰਨਾ ਚਾਹੀਦਾ ਹੈ।

### ਕੇਲਾ

ਹਰ ਕੋਈ ਕੇਲਾ ਖਾਣਾ ਪਸੰਦ ਕਰਦਾ ਹੈ। ਇਸ ਨਾਲ ਦਿਲ, ਬਲੱਡ ਪ੍ਰੈਸ਼ਨ ਕੰਟ੍ਰੋਲ, ਹੱਡੀਆਂ ਮਜ਼ਬੂਤ ਹੁੰਦੀਆਂ ਹਨ।

### ਸੇਬ

ਸੇਬ ਖਾਣ ਨਾਲ ਕਬਜ਼ ਤੋਂ ਰਾਹਤ ਮਿਲਦੀ ਹੈ ਤੇ ਇਸ ਨਾਲ ਫੇਫੜਿਆਂ ਦੀ ਸ਼ਕਤੀ 'ਚ ਮਜ਼ਬੂਤੀ ਆਉਂਦੀ ਹੈ।

### ਸੰਤਰਾ

ਸੰਤਰੇ ਵਿਚਲੇ 'ਵਿਟਾਮਿਨ ਸੀ' ਨਾਲ ਸਰੀਰ ਤੰਦਰੁਸਤ ਤੇ ਕੈਂਸਰ ਦਾ ਖ਼ਤਰਾ ਘੱਟਦਾ ਹੈ।

### ਗਾਜਰ

ਗਾਜਰ ਖਾਣ ਨਾਲ ਮੋਟਾਪਾ ਘੱਟ ਹੁੰਦਾ ਹੈ ਤੇ ਇਸ ਦਾ ਸੇਵਨ ਕਰਨ ਨਾਲ ਕਬਜ਼ ਤੋਂ ਰਾਹਤ ਮਿਲਦੀ ਹੈ। ਜੇ ਕਿਸੇ ਦੀਆਂ ਅੱਖਾਂ ਦੀ ਸ਼ਕਤੀ ਘੱਟ ਹੋਵੇ ਤਾਂ ਡਾਕਟਰ ਜ਼ਿਆਦਾ ਗਾਜਰਾਂ ਖਾਣ ਦੀ ਸਲਾਹ ਦਿੰਦੇ ਹਨ। ਗਾਜਰ ਖਾਣ ਨਾਲ ਸਰੀਰ ਵਿਚਲੇ ਖ਼ੂਨ ਦੀ ਕਮੀ ਵੀ ਪੂਰੀ ਹੁੰਦੀ ਹੈ। ਇਸ ਲਈ ਵੱਧ ਤੋਂ ਵੱਧ ਗਾਜਰ ਖਾਣੀ ਚਾਹੀਦੀ ਹੈ।

### ਅੰਗੂਰ

ਅੰਗੂਰ ਖਾਣ ਨਾਲ ਕਈ ਤਰ੍ਹਾਂ ਦੇ ਲਾਭ ਮਿਲਦੇ ਹਨ ਜਿਵੇਂ ਖ਼ੂਨ ਦਾ ਦੌਰਾ ਵਧੀਆ ਹੋਣਾ, ਕੈਂਸਰ ਤੋਂ ਛੁਟਕਾਰਾ, ਅੱਖਾਂ ਦੇ ਲਈ ਲਾਭਕਾਰੀ।

### ਸਲਾਦ

ਸਲਾਦ ਨੂੰ ਆਪਣੀ ਡਾਇਟ 'ਚ ਜ਼ਰੂਰ ਸ਼ਾਮਲ ਕਰੋ। ਇਹ ਸਿਹਤ ਦੇ ਲਈ ਬਹੁਤ ਹੀ ਫ਼ਾਇਦੇਮੰਦ ਹੈ। ਖਾਣਾ ਖਾਣ ਤੋਂ ਪਹਿਲਾਂ ਜੇ ਸਲਾਦ ਲਿਆ ਜਾਵੇ ਤਾਂ ਇਹ ਭੋਜਨ ਨੂੰ ਚੰਗੀ ਤਰ੍ਹਾਂ ਪਚਾਉਣ 'ਚ ਮਦਦ ਕਰਦੀ ਹੈ।

• ਫ਼ੀਚਰ ਡੈਸਕ

# ਸਿਹਤ ਦਾ ਦੁਸ਼ਮਣ - ਨਸ਼ਾ



ਨਸ਼ਾ ਕਰਨਾ ਨੌਜਵਾਨਾਂ 'ਚ ਸਟਾਈਲ ਜਾਂ ਫੈਸ਼ਨ ਬਣ ਗਿਆ ਹੈ। ਕਦ ਨੌਜਵਾਨ ਹੌਲੀ-ਹੌਲੀ ਇਸ ਦੇ ਆਦੀ ਹੋ ਜਾਂਦੇ ਹਨ, ਉਨ੍ਹਾਂ ਨੂੰ ਵੀ ਇਸ ਗੱਲ ਦਾ ਪਤਾ ਨਹੀਂ ਲੱਗਦਾ ਸ਼ਰਾਬ ਪੀਣ ਜਾਂ ਸਿਗਰਟਨੋਸ਼ੀ ਵਿਚ ਉਨ੍ਹਾਂ ਨੂੰ ਕੋਈ ਵੱਡੀ ਗੱਲ ਨਹੀਂ ਲੱਗਦੀ। ਇਹ ਚੀਜ਼ਾਂ ਉਨ੍ਹਾਂ ਲਈ ਆਮ ਗੱਲ ਹੈ। ਉਹ ਆਪਣੀ ਜ਼ਿੰਦਗੀ ਵਿਚ ਨਸ਼ਿਆਂ ਨੂੰ ਥਾਂ ਦੇ ਕੇ ਖ਼ਰਾਬ ਕਰ ਲੈਂਦੇ ਹਨ ਤੇ ਆਪਣੇ ਆਪ ਨੂੰ ਮੌਤ ਦੇ ਮੂੰਹ 'ਚ ਪਾ ਦਿੰਦੇ ਹਨ।

### ਲੱਛਣ

*ਬੇਚੈਨੀ, ਘਬਰਾਟ ਹੋਣੀ, ਚਿੜਚੜ੍ਹਾਪਨ ਜਾਂ ਗੁੱਸਾ ਆਉਣਾ, ਮਾਨਸਿਕ ਥਕਾਵਟ, ਛੋਟੀਆਂ-ਛੋਟੀਆਂ ਚੀਜ਼ਾਂ ਨੂੰ ਲੈ ਕੇ ਸੋਚੀ ਜਾਣਾ, ਯਾਦਦਾਸ਼ਤ ਕਮਜ਼ੋਰ ਹੋਣੀ, ਤੇਜ਼ ਸਿਰ ਦਰਦ, ਨੀਂਦ ਨਾ ਆਉਣਾ, ਭੁੱਖ ਘੱਟ ਲੱਗਣਾ, ਦਿਲ ਦੀ ਧੜਕਣ ਵੱਧ ਜਾਣਾ, ਜ਼ਿਆਦਾ ਪਸੀਨਾ ਆਉਣਾ, ਬਿਨਾਂ ਕਾਰਨ ਉਲਟੀਆਂ ਆਉਣਾ ਨਸ਼ੇ ਦਾ ਸ਼ਿਕਾਰ ਹੋ ਚੁੱਕੇ ਵਿਅਕਤੀ ਦੀਆਂ ਅਲਾਮਤਾਂ ਹੋ ਸਕਦੀਆਂ ਹਨ।*

### ਖ਼ਤਰਨਾਕ ਹੈ ਨਸ਼ਾਖੋਰੀ

ਨਸ਼ਾ ਮਾਨਸਿਕ ਅਤੇ ਸਰੀਰਕ ਸਿਹਤ, ਦੋਵਾਂ ਉੱਪਰ ਅਸਰ ਪਾਉਂਦਾ ਹੈ। ਜ਼ਿਆਦਾ ਡਰੱਗਜ਼ ਲੈਣ ਨਾਲ ਵਿਅਕਤੀ ਦੀ ਜਾਨ ਤਕ ਜਾ ਸਕਦੀ ਹੈ। ਤੰਬਾਕੂ-ਗੁਟਕੇ ਨਾਲ ਕੈਂਸਰ ਵਰਗੀਆਂ ਖ਼ਤਰਨਾਕ ਬਿਮਾਰੀਆਂ ਹੋ ਸਕਦੀਆਂ ਹਨ। ਡਰੱਗਜ਼ ਸਰੀਰ ਵਿਚ ਕਈ ਕੈਮੀਕਲ ਤਬਦੀਲੀਆਂ ਦਾ ਕਾਰਨ ਬਣਦੀਆਂ ਹਨ। ਨਸ਼ਾ ਵਿਅਕਤੀ ਦੀ ਸੋਚਣ ਸ਼ਕਤੀ ਨੂੰ ਕਮਜ਼ੋਰ ਕਰਦਾ ਹੈ। ਨਸ਼ਾ ਕਰਨ ਵਾਲਾ ਵਿਅਕਤੀ ਆਪਣੇ ਆਪ 'ਤੇ ਕਾਬੂ ਨਹੀਂ ਪਾ ਸਕਦਾ।

### ਲਤ ਲੱਗਣ ਦੀ ਵਜ੍ਹਾ

ਪਰਿਵਾਰ 'ਚ ਜੇ ਕੋਈ ਵਿਅਕਤੀ ਨਸ਼ਾ ਕਰਦਾ ਹੈ ਤਾਂ ਬੱਚੇ ਵੀ ਉਸ ਵੱਲ ਦੇਖ ਕੇ ਇਸ ਦੀ ਵਰਤੋਂ ਸ਼ੁਰੂ ਕਰ ਸਕਦੇ ਹਨ। ਇਸ ਲਈ ਮਾਪਿਆਂ ਦੀ ਅਹਿਮ ਜ਼ਿੰਮੇਵਾਰੀ ਹੈ ਕਿ ਉਹ ਨਸ਼ੇਖੋਰੀ ਤੋਂ ਪਰਹੇਜ਼ਗਾਰ ਰਹਿਣ। ਪਰਿਵਾਰ ਜਾਂ ਰਿਸ਼ਤਿਆਂ 'ਚ ਤ੍ਰੇੜਾਂ ਪਾਉਣ ਲਈ ਵੀ ਵਿਰੋਧੀਆਂ ਵੱਲੋਂ ਨਸ਼ੇ ਦੀ ਲਤ ਲਗਾਈ ਜਾਂਦੀ ਹੈ। ਜ਼ਿਆਦਾ ਪਰੇਸ਼ਾਨੀ ਜਾਂ ਸਟ੍ਰੈਸ ਦੇ ਸ਼ਿਕਾਰ ਬੱਚੇ ਵੀ ਨਸ਼ਾ ਕਰਨਾ ਸ਼ੁਰੂ ਕਰ ਸਕਦੇ ਹਨ। ਅਜਿਹੇ ਬੱਚਿਆਂ ਦੀ ਪਰੇਸ਼ਾਨੀ 'ਚੋਂ ਨਿਕਲਣ 'ਚ ਮਦਦ ਕਰਨੀ ਚਾਹੀਦੀ ਹੈ।

• ਫ਼ੀਚਰ ਡੈਸਕ

# ਪਹਿਲਾਂ ਕੀਤਾ ਮੋਟਰਸਾਈਕਲ ਚੋਰੀ,ਫਿਰ ਪ੍ਰਮਾਤਮਾ ਨੇ ਦਿੱਤੀ ਸਜ਼ਾ

**ਮਾਛੀਵਾੜਾ ਸਾਹਿਬ, 16 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਵਿੱਚ ਆਏ ਦਿਨ ਚੋਰੀਆਂ ਤੇ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਆਮ ਹੀ ਸੁਣਨ ਨੂੰ ਮਿਲਦੀਆਂ ਹਨ ਕਦੇ ਰਾਹ ਜਾਂਦੇ ਕਿਸੇ ਦਾ ਫੋਨ ਖੋ ਲੈਣਾ ਜਾਂ ਕਿਸੇ ਦੀ ਜੇਬ ਚੋਂ ਪੈਸੇ ਖੋ ਲੈਣੇ ਜਾਂ ਘਰਾਂ ਵਿੱਚ ਵੜ ਕੇ ਚੋਰੀ ਕਰਨੀ ਅਤੇ ਹੋਰ ਇਸ ਤਰਾਂ ਦੀਆਂ ਕਈ ਘਟਨਾਵਾਂ ਸੁਣਨ ਨੂੰ ਮਿਲੀਆਂ ਹਨ। ਜਿਸ ਉੱਤੇ ਪੁਲਿਸ ਕੰਮ ਤਾਂ ਕਰ ਰਹੀ ਹੈ,ਪਰ ਚੋਰਾਂ ਦਾ ਦਿਮਾਗ ਪੁਲਿਸ ਨਾਲੋਂ ਵੀ ਵੱਧ ਤੇਜ਼ ਚੱਲਦਾ ਹੈ। ਇਸੇ ਤਰ੍ਹਾਂ ਹੀ ਮਾਛੀਵਾੜਾ ਸਾਹਿਬ ਵਿਖੇ ਇੱਕ ਨੌਜਵਾਨ ਮੋਟਰਸਾਈਕਲ ਚੋਰੀ ਕਰਕੇ ਭੱਜਿਆ ਪਰ ਉਸ ਨੂੰ ਇਹ ਨਹੀਂ ਸੀ ਪਤਾ ਕਿ ਅੱਗੇ ਪ੍ਰਮਾਤਮਾ ਉਸ ਨੂੰ ਮੌਤ ਦੀ ਸਜ਼ਾ ਦੇਣ ਲਈ ਉਸ ਦਾ ਇੰਤਜ਼ਾਰ ਕਰ ਰਿਹਾ ਹੈ। ਡੇਅਰੀ ਦਾ ਕੰਮ ਕਰਦੇ ਭੂਸ਼ਣ ਜੈਨ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਸ ਦੀ ਦੁਕਾਨ ਮੇਨ ਬਜ਼ਾਰ ਨੇੜੇ ਹੈ। ਬੀਤੀ 10 ਸਤੰਬਰ ਨੂੰ ਉਸਨੇ ਆਪਣਾ ਮੋਟਰਸਾਈਕਲ ਬਾਹਰ ਖੜ੍ਹਾ ਕਰ ਦਿੱਤਾ, ਜਿਸ ਦੀ ਚਾਬੀ ਵਿਚ ਹੀ ਲੱਗੀ ਹੋਈ ਸੀ। ਰਾਤ ਨੂੰ ਕਰੀਬ 8.45 ਵਜੇ ਇੱਕ ਨਾ ਮਲੂਮ ਨੌਜਵਾਨ ਉਸਦੀ ਦੁਕਾਨ ਬਾਹਰੋਂ ਇਹ ਮੋਟਰਸਾਈਕਲ ਚੋਰੀ ਕਰਕੇ ਲੈ ਗਿਆ। ਪੁਲਸ ਵਲੋਂ ਭੂਸ਼ਣ ਜੈਨ ਦੇ ਬਿਆਨਾਂ 'ਤੇ ਅਣਪਛਾਤੇ ਨੌਜਵਾਨ ਖ਼ਿਲਾਫ਼ ਚੋਰੀ ਦਾ ਮਾਮਲਾ ਦਰਜ ਕਰ ਲਿਆ ਗਿਆ। ਮੋਟਰਸਾਈਕਲ ਚੋਰੀ ਕਰਨ ਤੋਂ ਬਾਅਦ ਇਹ ਨੌਜਵਾਨ ਦੇਰ ਰਾਤ ਸਮਰਾਲਾ ਵੱਲ ਜਾ ਰਿਹਾ ਸੀ ਕਿ ਪਿੰਡ ਬਾਲਿਓਂ ਨੇੜੇ ਉਸਦਾ ਇਹ ਵਾਹਨ ਸਲਿੱਪ ਕਰ ਗਿਆ, ਜਿਸ ਕਾਰਨ ਉਹ ਹਾਦਸੇ ਦਾ ਸ਼ਿਕਾਰ ਹੋ ਗਿਆ। ਇਸ ਹਾਦਸੇ ਵਿਚ ਉਹ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ, ਜਿਸ ਨੂੰ ਪਹਿਲਾਂ ਸਿਵਲ ਹਸਪਤਾਲ ਸਮਰਾਲਾ ਲਿਆਂਦਾ ਗਿਆ। ਇੱਥੇ ਉਸਦੀ ਗੰਭੀਰ ਹਾਲਤ ਨੂੰ ਦੇਖਦਿਆਂ ਲੁਧਿਆਣਾ ਰੈਫ਼ਰ ਕਰ ਦਿੱਤਾ ਗਿਆ।

ਅੱਜ ਇਲਾਜ ਦੌਰਾਨ ਮੋਟਰਸਾਈਕਲ ਚੋਰੀ ਕਰਨ ਵਾਲੇ ਨੌਜਵਾਨ ਦੀ ਮੌਤ ਹੋ ਗਈ। ਮਾਮਲੇ ਦੀ ਜਾਂਚ ਕਰ ਰਹੇ ਸਮਰਾਲਾ ਥਾਣਾ ਦੇ ਸਹਾਇਕ ਥਾਣੇਦਾਰ ਜਰਨੈਲ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਕ੍ਰਿਸ਼ਨ ਲਾਲ ਵਾਸੀ ਮਾਛੀਵਾੜਾ ਵਜੋਂ ਹੋਈ ਹੈ ਅਤੇ ਜਿਸ ਮੋਟਰਸਾਈਕਲ 'ਤੇ ਉਹ ਆ ਰਿਹਾ ਸੀ, ਉਹ ਚੋਰੀ ਕੀਤਾ ਹੋਇਆ ਸੀ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੇ ਵਾਰਸਾ ਨੂੰ ਸੂਚਿਤ ਕਰ ਦਿੱਤਾ ਗਿਆ ਹੈ, ਜਿਨ੍ਹਾਂ ਦੇ ਬਿਆਨ ਦਰਜ ਕਰ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

# ਪੰਜਾਬ ਗ੍ਰਾਮੀਣ ਬੈਂਕ ਦੀ ਬਰਾਂਚ ਰੂਪਨਗਰ ਨੇ 20ਵਾਂ ਸਥਾਪਨਾ ਦਿਵਸ ਮਨਾਇਆ



**ਰੂਪਨਗਰ, 16 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਗ੍ਰਾਮੀਣ ਬੈਂਕ ਦੀ ਰੀਜਨ ਮੋਹਾਲੀ ਦੇ ਅੰਤਰਗਤ ਆਉਂਦੀ ਰੂਪਨਗਰ ਬ੍ਰਾਂਚ ਨੇ ਆਪਣਾ 20 ਵਾਂ ਸਥਾਪਨਾ ਦਿਵਸ ਬੈਂਕ ਮੈਨੇਜਰ ਸ਼੍ਰੀ ਅਨਿਲ ਕੁਮਾਰ ਦੀ ਅਗਵਾਈ ਹੇਠ ਕੇਕ ਕੱਟ ਕੇ ਮਨਾਇਆ।

ਇਸ ਸਥਾਪਨਾ ਦਿਵਸ ਮੌਕੇ ਮੁੱਖ ਮਹਿਮਾਨ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਸ਼੍ਰੀ ਕਰਨ ਮਹਿਤਾ, ਹੈੱਡ ਕਲਰਕ ਐੱਸਐੱਸਪੀ ਦਫ਼ਤਰ ਸ. ਬਲਵਿੰਦਰ ਸਿੰਘ, ਡੀ.ਈ.ਐੱਸ.ਓ. ਰੂਪਨਗਰ ਸ਼੍ਰੀ ਹਰਮੇਸ਼ ਕੁਮਾਰ, ਰਿਟਾ. ਮੈਨੇਜਰ ਪੰਜਾਬ ਗ੍ਰਾਮੀਣ ਬੈਂਕ ਸ਼੍ਰੀ ਪ੍ਰਮੋਦ ਕੁਮਾਰ ਸ਼ਰਮਾ ਅਤੇ ਵਕੀਲ ਸਤੀਸ਼ ਕੁਮਾਰ ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਜਾਣਕਾਰੀ ਦਿੰਦਿਆਂ ਬੈਂਕ ਮੈਨੇਜਰ ਸ਼੍ਰੀ ਅਨਿਲ ਕੁਮਾਰ ਨੇ ਦੱਸਿਆ ਕਿ ਪੰਜਾਬ ਗ੍ਰਾਮੀਣ ਬੈਂਕ ਵੱਲੋਂ ਗਾਹਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਅਤੇ ਹਰੇਕ ਵਿਅਕਤੀ ਦਾ ਕੰਮ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਬ੍ਰਾਂਚ ਦਾ ਸਾਰਾ ਸਟਾਫ਼ ਹੀ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਕਰਦਾ ਹੈ।ਇਸ ਮੌਕੇ ਬੈਂਕ ਸਟਾਫ਼ ਨਿਸ਼ਾ ਸ਼ਰਮਾ, ਰੀਨਾ ਚੌਧਰੀ, ਨੀਰਜ ਯਾਦਵ ਅਤੇ ਸਰਬਜੀਤ ਸਿੰਘ ਵੀ ਹਾਜ਼ਰ ਸਨ।

# 4 ਲੱਖ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮੁਹੱਈਆ ਕਰਵਾਉਣ ਲਈ ਕੀਤੇ ਗਏ ਬਦਲਵੇਂ ਪ੍ਰਬੰਧ- ਡਿਪਟੀ ਚੀਫ ਇੰਜੀਨੀਅਰ

**ਤਰਨ ਤਾਰਨ, 16 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਚੀਫ ਇੰਜੀਨੀਅਰ ਓਪਰੇਸ਼ਨ ਸਰਕਲ ਤਰਨ ਤਾਰਨ ਇੰਜੀ: ਮੋਹਤਮ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੀ.ਐਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ, ਪੰਜਾਬ ਵੱਲੋਂ ਉਹਨਾਂ ਦੀਆਂ ਮੰਗਾਂ ਦੇ ਸਬੰਧ ਵਿੱਚ ਮਿਤੀ 10.09.2024 ਤੋਂ 12.09.2024 ਤੱਕ ਅਚਨਚੇਤ ਛੁੱਟੀ ਲੈਣ ਵਿੱਚ 79% ਟੈਕਨੀਕਲ ਅਤੇ ਕਲੈਰੀਕਲ ਕਰਮਚਾਰੀ/ ਅਧਿਕਾਰੀ ਸ਼ਾਮਿਲ ਹਨ। ਇਸ ਨਾਲ ਰੋਜ਼ਾਨਾ ਖਪਤਕਾਰ ਡੀਲਿੰਗ, ਬਿੱਲਾਂ ਦੀ ਕੁਲੈਕਸ਼ਨ ਅਤੇ ਕੁਨੈਕਸ਼ਨ ਜਾਰੀ ਕਰਨ ਦੇ ਕੰਮ ਵਿੱਚ ਰੁਕਾਵਟ ਆਈ ਹੈ ਅਤੇ ਪੀ.ਐਸ.ਪੀ.ਸੀ.ਐਲ ਦੇ ਸੰਗਠਨ ਦੇ ਕੰਮ ਤੇ ਬਹੁਤ ਮਾੜਾ ਪ੍ਰਭਾਵ ਪਿਆ ਹੈ। ਇਸ ਸਮੇਂ ਗਰਮੀ ਦਾ ਸੀਜ਼ਨ ਹੋਣ ਕਰਕੇ ਬਿਜਲੀ ਦੀ ਘਰੇਲੂ, ਇੰਡਸਟ੍ਰੀਅਲ ਅਤੇ ਖੇਤੀਬਾੜੀ ਖੇਤਰ ਲਈ ਬਹੁਤ ਮੰਗ ਹੈ। ਵੱਖ-ਵੱਖ ਕੈਟਾਗਰੀਆਂ ਦੇ 4 ਲੱਖ ਤੋਂ ਵੱਧ ਖਪਤਕਾਰਾਂ ਨੂੰ ਪੀ.ਐਸ.ਪੀ.ਸੀ.ਐਲ. ਅਤੇ ਪੀ.ਐਸ.ਟੀ.ਸੀ.ਐਲ. ਦੇ ਅਫਸਰਾਂ ਵੱਲੋਂ ਵੱਖਰੇ-ਵੱਖਰੇ ਗ੍ਰਿਡਾਂ ਤੇ ਤੈਨਾਤੀ ਨਾਲ ਸਪਲਾਈ ਮੁਹੱਈਆ ਕਰਵਾਈ ਜਾ ਰਹੀ ਹੈ। ਨਿਰਵਿਘਨ ਬਿਜਲੀ ਸਪਲਾਈ ਦੇਣ ਲਈ ਹਲਕਾ ਤਰਨ ਤਾਰਨ ਵੱਲੋਂ ਤਕਰੀਬਨ 4 ਲੱਖ ਵੱਖ-ਵੱਖ ਵਰਗ ਦੇ ਖਪਤਕਾਰਾਂ ਨੂੰ ਬਿਜਲੀ ਮੁਹੱਈਆ ਕਰਵਾਉਣ ਲਈ ਬਦਲਵੇਂ ਪ੍ਰਬੰਧ ਕੀਤੇ ਗਏ ਹਨ।

ਇਹਨਾਂ ਬਦਲਵੇਂ ਪ੍ਰਬੰਧਾਂ ਵਿੱਚ ਮੁੱਖ ਤੌਰ ਤੇ ਵੱਖ-ਵੱਖ 66 ਕੇ.ਵੀ., 132 ਕੇ.ਵੀ. ਅਤੇ 220 ਕੇ.ਵੀ. ਸਬ-ਸਟੇਸ਼ਨਾਂ ਤੇ ਪੀ.ਐਸ.ਪੀ.ਸੀ.ਐਲ. ਦੇ ਓਪਰੇਸ਼ਨ ਅਤੇ ਪੀ. ਐਂਡ ਐਮ. ਸੰਗਠਨ ਦੇ ਏ.ਏ.ਈ., ਏ.ਈ., ਏ.ਈ.ਈ., ਸੀਨੀਅਰ ਐਕਸੀਅਨ ਅਤੇ ਐਡੀਸ਼ਨਲ ਐਸ.ਈ.ਜ਼ ਰੈਂਕ ਦੇ ਅਧਿਕਾਰੀ ਸਬ ਸਟੇਸ਼ਨਾਂ ਤੇ ਨਿਰਵਿਘਨ ਬਿਜਲੀ ਦੀ ਸਪਲਾਈ ਲਈ ਤੈਨਾਤ ਕੀਤੇ ਗਏ ਹਨ। ਇਸ ਕੰਮ ਨੂੰ ਸਾਰੇ ਕਰਮਚਾਰੀ ਅਤੇ ਅਧਿਕਾਰੀ ਤਨਦੇਹੀ ਨਾਲ ਨਿਭਾ ਰਹੇ ਹਨ। ਇਸ ਤਰ੍ਹਾਂ ਪੀ.ਐਸ.ਪੀ.ਸੀ.ਐਲ. ਸੰਗਠਨ ਜਿਲੇ ਦੇ ਸਾਰੇ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦੇਣ ਵਿੱਚ ਸਫਲ ਰਿਹਾ ਹੈ।

ਇਹਨਾਂ ਬਦਲਵੇਂ ਪ੍ਰਬੰਧਾਂ ਵਿੱਚ ਇਸ ਸਮੱਸਿਆ ਨੂੰ ਨਿਪਟਾਉਣ ਲਈ ਪੰਜ ਨੰ. ਨੋਡਲ ਕੰਪਲੇਂਟ ਸੈਂਟਰ ਅਤੇ 1 ਮੁੱਖ ਨੋਡਲ ਕੰਟਰੋਲ ਰੂਮ ਸਥਾਪਿਤ ਕੀਤੇ ਗਏ ਹਨ, ਜੋ ਕਿ ਸਰਕਲ ਅਤੇ ਜੋਨਲ ਪੱਧਰ ਤੇ ਸਪਲਾਈ ਦੀ ਨਿਗਰਾਨੀ ਰੱਖ ਰਹੇ ਹਨ ਅਤੇ ਇਸ ਦੀ ਸੂਚਨਾ ਉੱਚ ਅਧਿਕਾਰੀਆਂ ਨੂੰ ਦਿੱਤੀ ਜਾ ਰਹੀ ਹੈ। ਇਹ ਕੰਟਰੋਲ ਰੂਮ 24 ਘੰਟੇ ਕੰਮ ਰਹੇ ਹਨ। ਇਸ ਵਿੱਚ ਪੀ.ਐਸ.ਪੀ.ਸੀ.ਐਲ. ਦੇ ਕਰਮਚਾਰੀਆਂ/ਅਧਿਕਾਰੀਆਂ ਅਤੇ ਪੀ.ਐਸ.ਪੀ.ਸੀ.ਐਲ. ਪੀ. ਐਂਡ ਐਮ. ਵੱਲੋਂ ਮਿਲ ਕੇ ਇਸ ਚੁਣੋਤੀ ਭਰੇ ਕੰਮ ਨੂੰ ਨਜਿੱਠਣ ਲਈ ਲੋੜੀਂਦੇ ਪ੍ਰਬੰਧ ਕੀਤੇ ਹਨ।ਇਸ ਔਖੇ ਸਮੇਂ ਵਿੱਚ ਡਿਊਟੀ ਤੇ ਮੌਜੂਦ ਸਾਡੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਆਪਣੀ ਸਮਰੱਥਾ ਅਤੇ ਦੇਸ਼ ਭਗਤੀ ਦਾ ਸਬੂਤ ਦਿੱਤਾ ਹੈ। ਉਹਨਾਂ ਉਮੀਦ ਕੀਤੀ ਹੈ ਕਿ ਇਹ ਔਖਾ ਸਮਾਂ ਜਨਤਾ ਨੂੰ ਬਿਨਾਂ ਕਿਸੇ ਅਸੁਵਿਧਾ ਦੇ ਲੰਘ ਜਾਵੇਗਾ।

# ਨਗਰ ਕੌਂਸਲ ਦੇ ਪਿੱਛੇ ਖਾਲੀ ਪਈ ਸਰਕਾਰੀ ਜ਼ਮੀਨ 'ਤੇ ਕਬਜ਼ੇ, ਪਾਰਕਿੰਗ ਦੀ ਸਮੱਸਿਆ ਹੋਈ ਗੰਭੀਰ

**ਜ਼ੀਰਕਪੁਰ, 16 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**



ਇਕ ਪਾਸੇ ਜਿੱਥੇ ਮੁੱਖਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੰਚਾਇਤੀ ਅਤੇ ਹੋਰ ਸਰਕਾਰੀ ਜ਼ਮੀਨਾਂ ਨੂੰ ਨਾਜਾਇਜ਼ ਕਬਜਿਆਂ ਤੋਂ ਮੁਕਤ ਕਰਵਾਉਣ ਦੀ ਮੁਹਿਮ ਉੱਥੇ ਹੀ ਇਨ੍ਹ ਮੁਹਿਮ ਜ਼ੀਰਕਪੁਰ ਨਗਰ ਕੌਂਸਲ ਦੀ ਕੰਧ ਦੇ ਨਾਲ ਦੀਵੇ ਥੱਲੇ ਹਨੇਰਾ ਵਾਲੀ ਕਹਾਵਤ ਸਿੱਧ ਹੋ ਰਹੀ ਹੈ। ਨਗਰ ਕੌਂਸਲ ਜ਼ੀਰਕਪੁਰ ਜਿਸਤੇ ਸ਼ਹਿਰ ਚ ਨਜਾਇਜ ਉਸਾਰਿਆ ਰੋਕਣ ਦੀ ਜਿੰਮੇਵਾਰੀ ਹੈ ਵੱਲੋਂ ਆਪਣੀ ਹੀ ਕੰਧ ਦੇ ਨਾਲ ਲਗਦੀ ਸਰਕਾਰੀ ਦਾ ਧਿਆਨ ਨਹੀਂ ਰੱਖਿਆ ਜਾ ਰਿਹਾ। ਜ਼ੀਰਕਪੁਰ ਨਗਰ ਕੌਂਸਲ ਦੇ ਪਿਛੱਲੇ ਪਾਸੇ ਸਰਕਾਰੀ ਜ਼ਮੀਨਾਂ 'ਤੇ ਕਬਜ਼ੇ ਹੋ ਰਹੇ ਹਨ, ਜਦਕਿ ਨਗਰ ਕੌਂਸਲ ਕੰਪਲੈਕਸ ਵਿੱਚ ਹਡ ? ਰੋਜ ਕੰਮ ਕਰਵਾਉਣ ਆਉਣ ਵਾਲੇ ਸੈਂਕੜੇ ਲੋਕਾਂ ਨੂੰ ਪਾਰਕਿੰਗ ਦੀ ਘਾਟ ਵੀ ਮਹਿਸੂਸ ਹੋ ਰਹੀ ਹੈ। ਮਾਫੀਆ ਸਰਕਾਰੀ ਜ਼ਮੀਨਾਂ 'ਤੇ ਝੌਂਪੜੀਆਂ ਬਣਵਾ ਕੇ ਬਾਅਦ ਵਿੱਚ ਇੱਥੇ ਪੱਕੇ ਮਕਾਨ ਬਣਾ ਲਏ ਜਾਂਦੇ ਹਨ। ਜ਼ਿਕਰਯੋਗ ਹੈ ਕਿ ਇਸ ਸੰਬਧੀ ਨਗਰ ਕੌਂਸਲ ਜ਼ੀਰਕਪੁਰ ਵਿੱਚ ਕਾਬਜ਼ ਅਕਾਲੀ ਦਲ ਨਾਲ ਸੰਬੰਧਤ ਕੌਂਸਲਰ ਮਤਾ ਵੀ ਪੁਆ ਚੁੱਕੇ ਹਨ ਜਿਨ੍ਹਾਂ ਵੱਲੋਂ ਅਧਿਕਾਰੀਆਂ ਨੂੰ ਨਗਰ ਕੌਂਸਲ ਦੇ ਪਿੱਛੇ ਪਈ ਖਾਲੀ ਜ਼ਮੀਨ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਪਾਰਕਿੰਗ ਵਿੱਚ ਵਾਧਾ ਕਰਨ ਦੀ ਮੰਗ ਕੀਤੀ ਜਾ ਚੁੱਕੀ ਹੈ। ਜਦਕਿ ਨਗਰ ਕੌਂਸਲ ਦੀ ਕੰਧ ਨਾਲ ਲਗਦੀ ਕਰੋੜਾਂ ਦੀ ਸਰਕਾਰੀ ਜ਼ਮੀਨ 'ਤੇ ਲੋਕਾਂ ਨੇ ਕਬਜ਼ਾ ਕਰਕੇ ਪੱਕੇ ਮਕਾਨ ਬਣਾ ਲਏ ਹਨ। ਨਗਰ ਕੌਂਸਲ ਅਤੇ ਮਾਲ ਅਧਿਕਾਰੀਆਂ ਦੀ ਅਣਗਹਿਲੀ ਕਾਰਨ ਲੋਕਾਂ ਨੇ ਅਣਜਾਣੇ ਵਿੱਚ ਸਰਕਾਰੀ ਜ਼ਮੀਨਾਂ 'ਤੇ ਕਬਜ਼ੇ ਕਰਕੇ ਮਕਾਨ ਬਣਾ ਲਏ ਹਨ। ਕਥਿਤ ਰੂਪ ਵਿਚ ਨਗਰ ਕੌਂਸਲ ਦੇ ਕਰਮਚਾਰੀਆਂ ਦੀ ਮਿਲੀਭੁਗਤ ਨਾਲ ਕਬਜ਼ਾਧਾਰਕਾਂ ਨੇ ਆਪਣੇ ਘਰਾਂ ਵਿੱਚ ਪਾਣੀ ਦੇ ਕੁਨੈਕਸ਼ਨ ਅਤੇ ਬਿਜਲੀ ਦੇ ਮੀਟਰ ਵੀ ਲਗਵਾ ਲੈ ਹਨ। ਹੁਣ ਕਬਜ਼ਾਧਾਰੀ ਨਗਰ ਕੌਂਸਲ ਦੇ ਜਮ੍ਹਾ ਟੈਕਸ ਦੀ ਰਸੀਦ ਦਿਖਾ ਕੇ ਆਪਣੇ ਕਬਜ਼ੇ ਦਾ ਐਲਾਨ ਕਰ ਰਹੇ ਹਨ। ਸੂਤਰਾਂ ਤੋਂ ਹਾਸਲ ਜਾਣਕਾਰੀ ਅਨੁਸਾਰ ਇਸ ਸਰਕਾਰੀ ਜ਼ਮੀਨ 'ਤੇ ਕਬਜ਼ੇ ਕਰਕੇ ਇਸ ਦੀ ਨਾਜਾਇਜ਼ ਖਰੀਦ-ਵੇਚ ਦਾ ਧੰਦਾ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ। ਨੇੜੇ ਤੇੜੇ ਦੇ ਲੋਕਾਂ ਨੇ ਵੀ ਆ ਕੇ ਸਰਕਾਰੀ ਜ਼ਮੀਨ 'ਤੇ ਕਬਜ਼ੇ ਕਰ ਲਏ ਹਨ ਅਤੇ ਮਕਾਨ ਬਣਾਉਣ ਦਾ ਕੰਮ ਜ਼ੋਰਾਂ 'ਤੇ ਚੱਲ ਰਿਹਾ ਹੈ ਪਰ ਪ੍ਰਸ਼ਾਸਨ ਦੇ ਨਾਲ-ਨਾਲ ਨਗਰ ਕੌਂਸਲ ਦੇ ਅਧਿਕਾਰੀਆਂ ਨੇ ਚੁੱਪ ਵੱਟੀ ਹੋਈ ਹੈ। ਇਹ ਵੀ ਦੱਸਣਯੋਗ ਹੈ ਕਿ ਜ਼ੀਰਕਪੁਰ ਸ਼ਹਿਰ ਦੇ ਕੋਹਿਨੂਰ ਢਾਬੇ ਤੋਂ ਜਾਂਦੀ ਸੜਕ ਜਿਸ 'ਤੇ ਸ਼ਹਿਰ ਦੇ ਕਈ ਮਹੱਤਵਪੂਰਨ ਦਫ਼ਤਰ ਹੋਣ ਦੇ ਬਾਵਜੂਦ ਇਸ ਸੜਕ ਤੇ ਨਿੱਤ ਜਾਮ ਲੱਗਦਾ ਹੈ ਜਦਕਿ ਅਧਿਕਾਰੀ ਇਸ ਸਮੱਸਿਆ ਵੱਲੋਂ ਧਿਆਨ ਨਹੀਂ ਦੇ ਰਹੇ। ਇਸ ਸੜਕ ਤੇ ਜ਼ੀਰਕਪੁਰ ਨਗਰ ਕੌਂਸਲ, ਪੁਲਿਸ ਥਾਣਾ, ਸਬ ਤਹਿਸੀਲ ਦਫ਼ਤਰ, ਡੀਐੱਸਪੀ ਸਬ ਡਵੀਜ਼ਨ ਜ਼ੀਰਕਪੁਰ ਦਫ਼ਤਰ, ਸੁਵਿਧਾ ਕੇਂਦਰ ਦੇ ਨਾਲ-ਨਾਲ ਸ਼ਮਸ਼ਾਨਘਾਟ ਤੇ ਗਊਸ਼ਾਲਾ ਜੋ ਅਜਿਹੇ ਸਰਕਾਰੀ ਅਦਾਰੇ ਹਨ, ਜਿੱਥੇ ਹਰ ਰੋਜ਼ ਸ਼ਹਿਰ ਦੇ ਜ਼ਿੰਮੇਵਾਰ ਅਧਿਕਾਰੀਆਂ ਦੇ ਨਾਲ-ਨਾਲ ਅਣਗਿਣਤ ਲੋਕਾਂ ਦਾ ਅਉਣਾ-ਜਾਣਾ ਲੱਗਾ ਹੀ ਰਹਿੰਦਾ ਹੈ। ਸ਼ਹਿਰ ਦੇ ਵਿਕਾਸ ਲਈ ਜ਼ਿੰਮੇਵਾਰ ਅਧਿਕਾਰੀਆਂ ਦੇ ਇਸ ਸੜਕ 'ਤੇ ਰੋਜ਼ਾਨਾ ਲੱਗਦੇ ਜਾਮ ਵਰਗੀ ਚੁਣੌਤੀਆਂ ਨਾਲ ਭਰਪੂਰ ਇਸ ਸੜਕ ਲੰਘਣ ਦੇ ਬਾਵਜੂਦ ਕੋਈ ਵੀ ਇਸ ਸਮੱਸਿਆ ਵੱਲ ਧਿਆਨ ਨਹੀਂ ਦੇ ਰਿਹਾ। ਇਹ ਸਾਰੇ ਦਫ਼ਤਰ ਅਜਿਹੀ ਥਾਂ 'ਤੇ ਬਣਾਏ ਗਏ ਹਨ ਜਿੱਥੇ ਪੁੱਜਣਾ ਹਰ ਕਿਸੇ ਲਈ ਕਿਸੇ ਚੁਣੌਤੀ ਤੋਂ ਘੱਟ ਨਹੀਂ। ਇਸ ਸੜਕ ਦੀ ਮਾਸਟਰਪਲਾਨ 'ਚ ਤਾਂ ਚੋੜਾਈ ਕੇਵਲ਼ ਕਾਗਜ਼ੀ ਹੀ ਹੈ। ਪਰ ਮੌਕੇ 'ਤੇ ਇਸਦੀ ਚੋੜਾਈ 30 ਫੁੱਟ ਦੇ ਕਰੀਬ ਹੀ ਹੈ। ਜਿੱਥੇ ਲੋਕਾਂ ਵੱਲੋਂ ਬੇਸਮਝੀ ਤੇ ਗੈਰ ਜ਼ਿੰਮੇਦਾਰੀ ਨਾਲ਼ੀ ਸੜਕ 'ਤੇ ਪਾਰਕ ਕੀਤੇ ਜਾਂਦੇ ਵਾਹਨਾਂ ਕਰਕੇ ਦਫ਼ਤਰੀ ਸਮੇਂ 'ਚ ਅਧਿਕਾਰੀਆਂ ਦੇ ਨਾਲ-ਨਾਲ ਆਮ ਲੋਕਾਂ ਨੂੰ ਵੀ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਅੱਜ ਤਕ ਕਿਸੇ ਵੀ ਜ਼ਿੰਮੇਵਾਰ ਅਧਿਕਾਰੀ ਨੇ ਇਸ ਸਮੱਸਿਆ ਵੱਲ ਧਿਆਨ ਨਹੀਂ ਦਿੱਤਾ ਤੇ ਸੜਕ 'ਤੇ ਜਾਮ ਲੱਗਣ ਕਾਰਨ ਅਕਸਰ ਲੰਬੀਆਂ-ਲੰਬੀਆਂ ਕਤਾਰਾਂ ਲੱਗੀਆਂ ਰਹਿੰਦੀਆਂ ਹਨ ਜਦਕਿ ਨਗਰ ਕੌਂਸਲ ਦੇ ਪਿੱਛੇ ਜਿੱਥੇ ਸਰਕਾਰੀ ਜ਼ਮੀਨ ਤੇ ਕਬਜੇ ਹੋ ਰਹੇ ਹਨ ਨੂੰ ਆਪਣੇ ਕਬਜੇ ਵਿੱਚ ਲੈ ਕੇ ਪਾਰਕਿੰਗ ਵਿੱਚ ਵਾਧਾ ਕਰ ਇਸ ਸਮੱਸਿਆ ਤੇ ਨੱਥ ਪਾਈ ਜਾ ਸਕਦੀ ਹੈ। ਇਸ ਸੰਬਧੀ ਜ਼ੀਰਕਪੁਰ ਨਗਰ ਕੌਂਸਲ ਦੇ ਐੱਮ.ਈ ਸੁਖਵਿੰਦਰ ਸਿੰਘ ਨੇ ਨਜਾਇਜ਼ ਕਬਜ਼ੇ ਵਾਲਿਆ ਨੂੰ ਸਖ਼ਤ ਹਦਾਇਤ ਦਿੰਦੇ ਕਿਹਾ ਕਿ ਜੇਕਰ ਸਰਕਾਰੀ ਜ਼ਮੀਨਾ ਤੋਂ ਕਬਜ਼ੇ ਨਹੀਂ ਛੱਡੇ ਤਾਂ ਉਨ੍ਹਾਂ ਲੋਕਾਂ 'ਤੇ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਹੋਵੇਗੀ।

# ਡਿਪਟੀ ਕਮਿਸ਼ਨਰ ਵਲੋਂ 'ਹਾਟ ਸਪੋਟ ' ਵਾਲੇ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨਾਲ ਕੀਤੀ ਮੀਟਿੰਗ

**ਬਟਾਲਾ, 16 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਨੇ ਆਗਾਮੀ ਝੋਨੇ ਦੇ ਸੀਜ਼ਨ ਦੌਰਾਨ ਪਰਾਲੀ ਦੇ ਯੋਗ ਨਿਪਟਾਰੇ ਲਈ ਸਮੂਹ ਕਿਸਾਨਾਂ ਨੂੰ ਮੋਹਰੀ ਭੂਮਿਕਾ ਨਿਭਾਉਣ ਦਾ ਸੱਦਾ ਦਿੰਦਿਆਂ ਕਿਹਾ ਹੈ ਕਿ ਪੰਜਾਬ ਸਰਕਾਰ ਵਲੋਂ ਸਬਸਿਡੀ ਉੱਪਰ ਮੁਹੱਈਆ ਕਰਵਾਈ ਗਈ ਖੇਤੀ ਮਸ਼ੀਨਰੀ ਦਾ ਯੋਗ ਇਸਤੇਮਾਲ ਯਕੀਨੀ ਬਣਾਇਆ ਜਾਵੇ।

ਬਟਾਲਾ ਤਹਿਸੀਲ ਦੇ ਪਿੰਡਾਂ ਚੌਧਰੀਵਾਲ, ਐਨੇਕੋਟ ਤੇ ਬੱਦੋਵਾਲ ਵਿਖੇ ਡਿਪਟੀ ਕਮਿਸ਼ਨਰ ਵਲੋਂ ਕਿਸਾਨਾਂ ਖਾਸਕਰਕੇ ਪਿਛਲੇ ਸਾਲ ਨਾੜ ਨੂੰ ਅੱਗ ਲਗਾਉਣ ਵਾਲੇ ਕਿਸਾਨਾਂ ਨਾਲ ਗੱਲ ਕਰਕੇ, ਉਨ੍ਹਾਂ ਕੋਲੋ ਅੱਗ ਲਗਾਉਣ ਦੇ ਕਾਰਨਾਂ ਦੀ ਜਾਣਕਾਰੀ ਲਈ। ਕਿਸਾਨਾਂ ਦੱਸਿਆ ਕਿ ਕੋ-ਆਪਰੇਟਿਵ ਸੁਸਾਇਟੀ ਅਤੇ ਖੇਤੀ ਮਸ਼ੀਨਰੀ ਦੇ ਸਾਧਨ ਮੁਹੱਈਆ ਹੋ ਜਾਣ ਨਾਲ ਇਸ ਸਮੱਸਿਆ ਨੂੰ ਹੱਲ ਕੀਤਾ ਜਾ ਸਕਦਾ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅੱਜ ਉਨ੍ਹਾਂ ਦਾ ਇਥੇ ਆਉਣ ਦਾ ਮਕਸਦ ਇਹੀ ਹੈ ਕਿ ਕਿਸਾਨਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੀ ਮੁਸ਼ਕਿਲਾਂ ਸੁਣਕੇ ਹੱਲ ਕੀਤੀਆਂ ਜਾਣ। ਉਨਾਂ ਨੇ ਕਿਸਾਨਾਂ ਨੂੰ ਯਕੀਨ ਦਿਵਾਇਆ ਕਿ ਉਨ੍ਹਾ ਨੂੰ ਸੁਪਰਸੀਡਰ, ਬੇਲਰ ਸਮੇਤ ਲੋੜੀਦੇ ਖੇਤੀ ਸਾਧਨ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਸਹਿਕਾਰੀ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਕੋ-ਆਪਰੇਟਿਵ ਸੁਸਾਇਟੀ ਖੋਲਣ ਸਬੰਧੀ ਕਾਰਵਾਈ ਅਮਲ ਵਿੱਚ ਲਿਆਉਣ ਤਾਂ ਜੋ ਛੋਟੇ ਕਿਸਾਨਾਂ ਨੂੰ ਖੇਤੀ ਮਸ਼ੀਨਰੀ ਖਰੀਦਣ ਵਿੱਚ ਕੋਈ ਮੁਸ਼ਕਿਲ ਪੇਸ਼ ਨਾ ਆਵੇ।

# ਜ਼ੀਰਕਪੁਰ ਦੀਆਂ ਕਲੋਨੀਆਂ ਵਿੱਚ ਸੜਕਾਂ ਤੇ ਵਾਹਨ ਪਾਰਕਿਨਗ ਬਣੀ ਪ੍ਰੇਸ਼ਾਨੀ

**ਜ਼ੀਰਕਪੁਰ, 16 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**



ਜ਼ੀਰਕਪੁਰ ਵਿੱਚ ਜਿਆਦਾਤਰ ਕਲੋਨੀਆਂ ਅਤੇ ਸੁਸਾਇਟੀਆਂ ਵਿੱਚ ਪਾਰਕਿੰਗ ਇਕ ਗੰਭੀਰ ਮਸਲਾ ਬਣਦਾ ਜਾ ਰਿਹਾ ਹੈ, ਜਿਸ ਕਾਰਨ ਅਕਸਰ ਹੀ ਲੜਾਈ ਝਗੜੇ ਵੀ ਆਮ ਹੋ ਚੱਲੇ ਹਨ। ਸ਼ਹਿਰ ਦੀਆਂ ਕਲੋਨੀਆਂ ਦੀਆਂ ਗਲੀਆਂ ਅਤੇ ਫੁੱਟਪਾਥ ਪਾਰਕਿੰਗ ਸਥਾਨਾਂ ਵਿੱਚ ਤਬਦੀਲ ਹੋ ਗਏ ਹਨ, ਜਿਸ ਨਾਲ ਨਿਵਾਸੀਆਂ ਅਤੇ ਸੈਲਾਨੀਆਂ ਲਈ ਇੱਕ ਵੱਡੀ ਅਸੁਵਿਧਾ ਪੈਦਾ ਹੋ ਰਹੀ ਹੈ। ਸਥਾਨਕ ਵਸਨੀਕਾਂ ਵੱਲੋਂ ਗੈਰ-ਕਾਨੂੰਨੀ ਪਾਰਕਿੰਗ 'ਤੇ ਰੋਕ ਲਗਾਉਣ ਦੇ ਯਤਨਾਂ ਦੇ ਬਾਵਜੂਦ ਸਥਿਤੀ ਨਾਜ਼ੁਕ ਬਣੀ ਹੋਈ ਹੈ, ਸ਼ਹਿਰ ਦੇ ਹੋਟਲਾਂ ਦੇ ਸਾਹਮਣੇ ਸਰਵਿਸ ਸੜਕ 'ਤੇ ਅਣ-ਅਧਿਕਾਰਤ ਵਾਹਨਾਂ ਦੀ ਭਰਮਾਰ ਰਹਿੰਦੀ ਹੈ ਹੈ। ਇਸ ਨਾਲ ਨਾ ਸਿਰਫ ਸਥਾਨਕ ਵਸਨੀਕਾਂ ਵਿਚਕਾਰ ਰੋਜ਼ਾਨਾ ਝੜਪਾਂ ਹੁੰਦੀਆਂ ਹਨ, ਸਗੋਂ ਐਮਰਜੈਂਸੀ ਸੇਵਾਵਾਂ ਲਈ ਵੀ ਗੰਭੀਰ ਖਤਰਾ ਪੈਦਾ ਹੁੰਦਾ ਹੈ। ਸਥਾਨਕ ਵਸਨੀਕਾਂ ਮੁਤਾਬਕ ਨਗਰ ਕੌਂਸਲ ਜ਼ੀਰਕਪੁਰ ਵੱਲੋਂ ਬਿਨਾਂ ਕੀਤੇ ਚੈਕਿੰਗ ਅਤੇ ਢੁਕਵੀਂ ਪਾਰਕਿੰਗ ਦੀ ਵਿਵਸਥਾ ਕੀਤੇ ਬਿਨਾਂ ਨਕਸ਼ੇ ਪਾਸ ਕਰਨ ਕਾਰਨ ਇਹ ਸਮੱਸਿਆ ਗੰਭੀਰ ਹੋ ਚੱਲੀ ਹੈ ਜਿਸ ਕਾਰਨ ਪਿਛਲੇ ਲੰਬੇ ਸਮੇਂ ਤੋਂ ਗੈਰ-ਕਾਨੂੰਨੀ ਪਾਰਕਿੰਗ ਦਾ ਮੁੱਦਾ ਲਗਾਤਾਰ ਬਣਿਆ ਹੋਇਆ ਹੈ। ਨਗਰ ਕੌਂਸਲ ਦੇ ਸਖ਼ਤ ਨਿਯਮਾਂ ਅਤੇ ਜੁਰਮਾਨਿਆਂ ਦੀ ਅਣਹੋਂਦ ਕਾਰਨ ਵਾਹਨਾਂ ਦੇ ਮਾਲਕ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਹਨ ਅਤੇ ਸੇਵਾ ਸੜਕਾਂ ਅਤੇ ਫੁੱਟਪਾਥਾਂ ਸਮੇਤ ਅਣਅਧਿਕਾਰਤ ਥਾਵਾਂ 'ਤੇ ਆਪਣੇ ਵਾਹਨ ਪਾਰਕ ਕਰਦੇ ਹਨ। ਇਹ ਨਾ ਸਿਰਫ ਆਵਾਜਾਈ ਦੇ ਪ੍ਰਵਾਹ ਵਿੱਚ ਰੁਕਾਵਟ ਪਾਉਂਦੇ ਹਨ, ਸਗੋਂ ਐਮਰਜੈਂਸੀ ਵਾਹਨਾਂ ਜਿਵੇਂ ਕਿ ਐਂਬੂਲੈਂਸਾਂ ਅਤੇ ਫਾਇਰ ਬ੍ਰਿਗੇਡ ਲਈ ਭੀੜ-ਭੜੱਕੇ ਵਾਲੀਆਂ ਸੜਕਾਂ ਵਿੱਚੋਂ ਲੰਘਣਾ ਵੀ ਮੁਸ਼ਕਲ ਬਣਾਉਂਦਾ ਹੈ। ਅੰਦਰੂਨੀ ਸੜਕਾਂ ਤੇ ਗੈਰ-ਕਾਨੂੰਨੀ ਪਾਰਕਿੰਗ ਦੇ ਨਤੀਜੇ ਬਹੁਤ ਦੂਰਗਾਮੀ ਹਨ।

ਪੈਦਲ ਚੱਲਣ ਵਾਲਿਆਂ ਅਤੇ ਐਮਰਜੈਂਸੀ ਸੇਵਾਵਾਂ ਨੂੰ ਅਸੁਵਿਧਾ ਪੈਦਾ ਕਰਨ ਦੇ ਨਾਲ-ਨਾਲ ਇਸ ਕਾਰਨ ਰਾਹਗੀਰਾਂ ਵਿੱਚ ਅਕਸਰ ਝੜਪਾਂ ਵੀ ਹੁੰਦੀਆਂ ਰਹਿੰਦੀਆਂ ਹਨ। ਇਸ ਨਾਲ ਨਾ ਸਿਰਫ਼ ਸਥਾਨਕ ਭਾਈਚਾਰੇ ਵਿੱਚ ਤਣਾਅ ਵਾਲਾ ਮਾਹੌਲ ਪੈਦਾ ਹੋਇਆ ਹੈ, ਸਗੋਂ ਇਸ ਨਾਲ ਸਥਾਨਕ ਲੋਕਾਂ ਲਈ ਸੁਰੱਖਿਆ ਦਾ ਖਤਰਾ ਵੀ ਹੈ। ਇਲਾਕੇ ਵਿੱਚ ਪਾਰਕਿੰਗ ਦੀ ਢੁਕਵੀਂ ਵਿਵਸਥਾ ਨਾ ਹੋਣ ਕਾਰਨ ਸਥਿਤੀ ਹੋਰ ਵਿਗੜ ਗਈ ਹੈ, ਜਿਸ ਕਾਰਨ ਵਾਹਨ ਮਾਲਕਾਂ ਨੂੰ ਨਾਜਾਇਜ਼ ਪਾਰਕਿੰਗ ਦਾ ਸਹਾਰਾ ਲੈਣਾ ਪੈ ਰਿਹਾ ਹੈ। ਜਦਕਿ ਨਗਰ ਕੌਂਸਲ ਦੇ ਅਧਿਕਾਰੀ ਵਸਨੀਕਾਂ ਅਤੇ ਸੈਲਾਨੀਆਂ ਨੂੰ ਕਲੋਨੀਆਂ ਅਤੇ ਸੁਸਾਇਟੀਆਂ ਵਿੱਚ ਪਾਰਕਿੰਗ ਨਿਯਮਾਂ ਦੀ ਪਾਲਣਾ ਕਰਨ ਅਤੇ ਹੋਰ ਹਫੜਾ-ਦਫੜੀ ਅਤੇ ਅਸੁਵਿਧਾ ਤੋਂ ਬਚਣ ਲਈ ਘਰ ਦੇ ਅੰਦਰ ਬਣਾਈ ਪਾਰਕਿੰਗ ਦੀ ਵਰਤੋਂ ਕਰਨ ਦੀ ਅਪੀਲ ਕਰ ਰਹੇ ਹਨ। ਜਿਨ੍ਹਾਂ ਦਾ ਕਹਿਣਾ ਹੈ ਕਿ ਉਹ ਵਧੇਰੇ ਜਨਤਕ ਪਾਰਕਿੰਗ ਥਾਵਾਂ ਬਣਾ ਕੇ ਅਤੇ ਸਖ਼ਤ ਲਾਗੂ ਕਰਨ ਵਾਲੇ ਉਪਾਵਾਂ ਨੂੰ ਲਾਗੂ ਕਰਕੇ ਇਸ ਮੁੱਦੇ ਦਾ ਲੰਬੇ ਸਮੇਂ ਦਾ ਹੱਲ ਲੱਭਣ ਲਈ ਵੀ ਕੰਮ ਕਰ ਰਹੇ ਹਨ।

# ਵਿਧਾਇਕ ਰੰਧਾਵਾ ਨੇ ਦਿੱਲੀ ਵਿਖੇ ਪੰਚਾਇਤੀ ਰਾਜ ਇਕਾਈਆਂ ਦੀ ਪ੍ਰਧਾਨ ਮੰਤਰੀ ਵੱਲੋਂ ਘਰਾਂ ਦੀ ਪਹਿਲੀ ਕਿਸ਼ਤ ਜਾਰੀ ਕਰਨ ਦੀ ਮੀਟਿੰਗ ਵਿੱਚ ਕੀਤੀ ਸ਼ਿਰਕਤ, 15 ਸਤੰਬਰ ਨੂੰ ਜਾਰੀ ਹੋਵੇਗੀ ਪਹਿਲੀ ਕਿਸ਼ਤ

**ਡੇਰਾ ਬਸੀ, 16 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**



ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਵੀਰਵਾਰ ਨੂੰ ਦਿੱਲੀ ਦੇ ਪੰਜਾਬ ਭਵਨ ਕੋਪਰਨਿਕਸ ਮਾਰਗ ਵਿਖੇ ਆਯੋਜਿਤ ਪੰਜਾਬ ਵਿਧਾਨ ਸਭਾ ਪੰਚਾਇਤੀ ਰਾਜ ਇਕਾਈਆਂ ਦੀ ਮੀਟਿੰਗ ਵਿੱਚ ਸ਼ਿਰਕਤ ਕੀਤੀ। ਇਸ ਮੀਟਿੰਗ ਵਿੱਚ ਵਿਧਾਇਕਾਂ ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ (ਪੀਐਮਏਵਾਈ) ਅਤੇ ਇਸ ਦੇ ਲਾਭਪਾਤਰੀਆਂ ਦੇ ਸਬੰਧ ਵਿੱਚ 15 ਸਤੰਬਰ ਨੂੰ ਜਮਸ਼ੇਦਪੁਰ (ਝਾਰਖੰਡ) ਵਿੱਚ ਹੋਣ ਵਾਲੇ ਉਦਘਾਟਨ ਸਮਾਰੋਹ ਬਾਰੇ ਜਾਣਕਾਰੀ ਦਿੱਤੀ ਗਈ। ਜਾਣਕਾਰੀ ਦਿੰਦਿਆਂ ਵਿਧਾਇਕ ਰੰਧਾਵਾ ਨੇ ਦੱਸਿਆ ਕਿ ਪ੍ਰਧਾਨ ਮੰਤਰੀ 15 ਸਤੰਬਰ ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਬਣੇ ਮਕਾਨਾਂ ਦੇ 10 ਲੱਖ ਲਾਭਪਾਤਰੀਆਂ ਨੂੰ 30 ਹਜ਼ਾਰ ਰੁਪਏ ਦੀ ਪਹਿਲੀ ਕਿਸ਼ਤ ਜਾਰੀ ਕਰਨ ਦਾ ਉਦਘਾਟਨ ਕਰਨਗੇ । ਸਮਾਜ ਦੇ ਵਾਂਝੇ ਅਤੇ ਹਾਸ਼ੀਏ 'ਤੇ ਪਏ ਵਰਗਾਂ ਨੂੰ ਸਸਤੇ ਘਰ ਮੁਹੱਈਆ ਕਰਵਾਉਣ ਲਈ ਸਰਕਾਰ ਦਾ ਇਹ ਇੱਕ ਵੱਡਾ ਕਦਮ ਹੈ।

ਰੰਧਾਵਾ ਨੇ ਦੱਸਿਆ ਕਿ ਇਸ ਤੋਂ ਇਲਾਵਾ ਮੀਟਿੰਗ ਵਿੱਚ ਇਹ ਵੀ ਦੱਸਿਆ ਗਿਆ ਕਿ ਆਵਾਸ ਪਲੱਸ ਐਪਲੀਕੇਸ਼ਨ 2024 ਵੀ ਇਸੇ ਈਵੈਂਟ ਵਿੱਚ ਲਾਂਚ ਕੀਤੀ ਜਾਵੇਗੀ। ਇਹ ਐਪਲੀਕੇਸ਼ਨ ਪੀ.ਐੱਮ.ਏ.ਵਾਈ ਨਾਲ ਸਬੰਧਤ ਸਾਰੇ ਸਵਾਲਾਂ ਲਈ ਇੱਕ-ਸਟਾਪ ਹੱਲ ਵਜੋਂ ਕੰਮ ਕਰੇਗੀ ਅਤੇ ਸਕੀਮ ਦੇ ਤਹਿਤ ਲਾਭ ਪ੍ਰਾਪਤ ਕਰਨ ਦੀ ਪ੍ਰਕਿਰਿਆ ਨੂੰ ਵਧੇਰੇ ਪਹੁੰਚਯੋਗ ਅਤੇ ਪਾਰਦਰਸ਼ੀ ਬਣਾਏਗੀ। ਇਸ ਐਪਲੀਕੇਸ਼ਨ ਦੇ ਸ਼ੁਰੂ ਹੋਣ ਨਾਲ ਲਾਭਪਾਤਰੀਆਂ ਦੇ ਜੀਵਨ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਲਿਆਉਣ ਦੀ ਉਮੀਦ ਹੈ ਅਤੇ ਉਹਨਾਂ ਨੂੰ ਆਪਣਾ ਘਰ ਖਰੀਦਣ ਦਾ ਸੁਪਨਾ ਪੂਰਾ ਕਰਨ ਵਿੱਚ ਮਦਦ ਮਿਲੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਵਿਧਾਨ ਸਭਾ ਪੰਚਾਇਤੀ ਰਾਜ ਇਕਾਈਆਂ ਦੀ ਮੀਟਿੰਗ ਵਿੱਚ ਪੰਜਾਬ ਦੇ ਵੱਖ-ਵੱਖ ਮੰਤਰੀਆਂ, ਵਿਧਾਇਕਾਂ ਅਤੇ ਸਰਕਾਰੀ ਅਧਿਕਾਰੀਆਂ ਨੇ ਸ਼ਿਰਕਤ ਕੀਤੀ। ਮੀਟਿੰਗ ਵਿੱਚ ਵੱਖ-ਵੱਖ ਸਰਕਾਰੀ ਸਕੀਮਾਂ ਅਤੇ ਪਹਿਲਕਦਮੀਆਂ ਦੀ ਪ੍ਰਗਤੀ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਵੱਲੋਂ 15 ਸਤੰਬਰ ਨੂੰ ਉਦਘਾਟਨ ਕਰਨ ਉਪਰੰਤ ਸਾਰੇ ਲਾਭਪਾਤਰੀਆਂ ਦਾ ਗ੍ਰਹਿ ਪ੍ਰਵੇਸ਼ ਉਸੇ ਦਿਨ ਹੋਵੇਗਾ।

ਰੰਧਾਵਾ ਨੇ ਦੱਸਿਆ ਕਿ ਇਸ ਸਕੀਮ ਤਹਿਤ ਵਿਧਾਨ ਸਭਾ ਹਲਕਾ ਡੇਰਾਬੱਸੀ ਦੇ 87 ਪਰਿਵਾਰਾਂ ਵੱਲੋਂ 1.5 ਲੱਖ ਪ੍ਰਵਾਨਗੀਆਂ ਪ੍ਰਾਪਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚੋਂ 30 ਹਜ਼ਾਰ ਰੁਪਏ ਦੀ ਪਹਿਲੀ ਕਿਸ਼ਤ 15 ਸਤੰਬਰ ਨੂੰ 27 ਪਰਿਵਾਰਾਂ ਦੇ ਖਾਤੇ ਵਿੱਚ ਟਰਾਂਸਫਰ ਕਰ ਦਿੱਤੀ ਜਾਵੇਗੀ। ਬਾਅਦ ਵਿੱਚ 70 ਹਜ਼ਾਰ ਰੁਪਏ ਦੀ ਦੂਜੀ ਕਿਸ਼ਤ ਅਤੇ 20 ਹਜ਼ਾਰ ਰੁਪਏ ਦੀ ਤੀਜੀ ਕਿਸ਼ਤ ਤੋਂ ਇਲਾਵਾ 24 ਹਜ਼ਾਰ ਰੁਪਏ ਦੀ ਮਨਰੇਗਾ ਕਿਸ਼ਤ ਜਾਰੀ ਕੀਤੀ ਜਾਵੇਗੀ। ਸਰਕਾਰ ਨੇ ਇਸ ਸਕੀਮ ਨੂੰ ਆਮ ਲੋਕਾਂ ਤੱਕ ਪਹੁੰਚਾਉਣਾ ਆਸਾਨ ਕਰ ਦਿੱਤਾ ਹੈ, ਤਾਂ ਜੋ ਕੋਈ ਵੀ ਵਿਅਕਤੀ ਲਾਭ ਤੋਂ ਵਾਂਝਾ ਨਾ ਰਹੇ।

ਸਰਕਾਰ ਨੇ ਇਸ ਸਕੀਮ ਨਾਲ ਸਬੰਧਤ ਕਈ ਨਿਯਮਾਂ ਅਤੇ ਸ਼ਰਤਾਂ ਨੂੰ ਹਟਾ ਕੇ ਸਰਲ ਕੀਤਾ ਹੈ। ਨਵੇਂ ਨਿਯਮ ਮੁਤਾਬਕ ਪਰਿਵਾਰ ਦੇ ਮੈਂਬਰ ਦੀ ਮਾਸਿਕ ਆਮਦਨ ਸੀਮਾ 10,000 ਰੁਪਏ ਤੋਂ ਵਧਾ ਕੇ 15,000 ਰੁਪਏ ਕਰ ਦਿੱਤੀ ਗਈ ਹੈ।

ਇਸ ਦੇ ਨਾਲ ਹੀ ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਆਵਾਸ ਪਲੱਸ ਦੀ ਸੂਚੀ ਵਿੱਚ ਅਜੇ ਵੀ ਗਾਇਬ ਰਹਿਣ ਵਾਲੇ ਯੋਗ ਨਾਗਰਿਕਾਂ ਦੇ ਨਾਂ 15 ਸਤੰਬਰ ਤੋਂ ਬਾਅਦ ਸ਼ਾਮਲ ਕੀਤੇ ਜਾ ਸਕਣ।

# ਸ਼੍ਰੀ ਰਾਧਾ ਅਸ਼ਟਮੀ ਦੇ ਸ਼ੁਭ ਮੌਕੇ ਤੇ ਕਰਵਾਇਆ ਕੀਰਤਨ



**ਧੂਰੀ, 16 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਰਾਧਾ ਅਸ਼ਟਮੀ ਦੇ ਸ਼ੁਭ ਦਿਹਾੜੇ 'ਤੇ ਸ਼੍ਰੀ ਸ਼ਿਆਮ ਪਰਿਵਾਰ ਵੱਲੋਂ ਧਾਰਮਿਕ ਸਮਾਗਮ ਕਰਵਾਇਆ ਗਿਆ। ਜਿਸਦੀ ਸ਼ੁਰੂਆਤ ਭਾਜਪਾ ਮਹਿਲਾ ਮੋਰਚਾ ਦੀ ਬਲਾਕ ਪ੍ਰਧਾਨ ਸੁਨੇਹੇ ਲਤਾ ਵੱਲੋਂ ਪੂਜਾ ਕਰਕੇ ਕੀਤੀ ਗਈ। ਇਸ ਦੌਰਾਨ ਸ਼ਿਵਮ ਨਰਾਇਣ ਸ਼ਾਹਬਾਦ ਮੰਡਲੀ ਵੱਲੋਂ ਆਪਣੇ ਭਜਨਾਂ ਰਾਹੀਂ ਸ਼੍ਰੀ ਰਾਧਾ ਕ੍ਰਿਸ਼ਨ ਜੀ ਦਾ ਗੁਣਗਾਨ ਕਰਦੇ ਹੋਏ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਦੌਰਾਨ ਸ਼ਰਧਾਲੂ ਵੀ ਸ਼੍ਰੀ ਰਾਧਾ ਕ੍ਰਿਸ਼ਨ ਦੇ ਰੰਗ ਵਿੱਚ ਰੰਗਦੇ ਹੋਏ ਝੂਮਦੇ ਨਜ਼ਰ ਆਏ, ਜਿੰਨਾ ਵੱਲੋਂ ਫੁੱਲਾਂ ਦੀ ਵਰਖਾ ਵੀ ਕੀਤੀ ਗਈ । ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਦੂਲਟ, ਭਾਜਪਾ ਮਹਿਲਾ ਮੋਰਚਾ ਦੀ ਜ਼ਿਲ੍ਹਾ ਪ੍ਰਧਾਨ ਮੰਜੂਲਾ ਸ਼ਰਮਾ, ਵਾਈਸ ਪ੍ਰਧਾਨ ਨੀਲੂ ਮਿੱਤਲ, ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਸ਼ੁਭਮ ਸ਼ਰਮਾ ਆਦਿ ਨੇ ਵੀ ਸ਼੍ਰੀ ਰਾਧਾ ਕ੍ਰਿਸ਼ਨ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

# ਜ਼ੀਰਕਪੁਰ ਦੀਆਂ ਸੜਕਾਂ 'ਤੇ ਜਾਮ ਹੋਇਆ ਆਮ

**ਜ਼ੀਰਕਪੁਰ, 16 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**



ਟਰੈਫਿਕ ਪੁਲੀਸ ਵੱਲੋਂ ਸ਼ਹਿਰ ਵਿੱਚ ਟ੍ਰੈਫਿਕ ਵਿਵਸਥਾ ਨੂੰ ਸੁਚਾਰੂ ਰੱਖਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਪਰ ਸਚਾਈ ਇਹ ਹੈ ਕਿ ਇਨ੍ਹੀਂ ਦਿਨੀਂ ਟ੍ਰੈਫਿਕ ਕਰਮਚਾਰੀਆਂ ਦੀ ਭਾਰੀ ਘਾਟ ਕਾਰਨ ਸ਼ਹਿਰ ਵਿੱਚ ਅਕਸਰ ਟ੍ਰੈਫਿਕ ਜਾਮ ਰਹਿੰਦਾ ਹੈ ਅਤੇ ਕਈ ਪੁਆਇੰਟ ਵੀ ਹਨ ਜਿੱਥੇ ਟ੍ਰੈਫਿਕ ਮੁਲਾਜ਼ਮਾਂ ਦੀ ਘੱਟ ਤਾਇਨਾਤੀ ਕਰਕੇ ਲੋਕ ਵਨ-ਵੇਅ ਟਰੈਫਿਕ ਨਿਯਮਾਂ ਦੀ ਉਲੰਘਣਾ ਕਰ ਰਹੇ ਹਨ, ਜਿਸ ਕਾਰਨ ਸ਼ਹਿਰ ਦੇ ਵੱਖ-ਵੱਖ ਥਾਵਾਂ 'ਤੇ ਜਾਮ ਲੱਗਣ ਦੀ ਸਥਿਤੀ ਨੇ ਰਾਹਗੀਰਾਂ ਨੂੰ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਹੈ।

ਸ਼ਹਿਰ ਵਿੱਚ ਇਸ ਵੇਲੇ ਟਰੈਫਿਕ ਸਮੱਸਿਆ ਵਾਲੇ 15 ਪੁਆਇੰਟ ਹਨ ਜਦੋਂ ਕਿ ਮੁਲਾਜ਼ਮਾਂ ਦੀ ਗਿਣਤੀ ਕੇਵਲ 24 ਹੀ ਹੈ ਜਦਕਿ ਸ਼ਹਿਰ ਵਿੱਚ 40 ਦੇ ਕਰੀਬ ਕਰਮਚਾਰੀਆਂ ਦੀ ਲੋੜ ਹੈ, ਜਦਕਿ ਰਾਤ 8 ਵਜੇ ਟਰੈਫਿਕ ਕਰਮਚਾਰੀਆਂ ਦੇ ਜਾਣ ਤੋਂ ਬਾਅਦ ਸਵੇਰੇ 8 ਵਜੇ ਤੱਕ ਟਰੈਫਿਕ ਵਿਵਸਥਾ ਰੱਬ ਆਸਰੇ ਹੀ ਰਹਿੰਦੀ ਹੈ, ਜਿਸ ਕਾਰਨ ਵਾਹਨਾਂ ਦੇ ਘੜਮਸ ਦੇ ਨਾਲ ਇਕ ਦੂਜੇ ਤੋਂ ਅੱਗੇ ਨਿਕਲਣ ਲਈ ਲੜਾਈ ਝਗੜੇ ਵੀ ਹੁੰਦੇ ਰਹਿੰਦੇ ਹਨ। ਹਾਲਾਂਕਿ ਬੀਤੇ ਸਮੇਂ ਵਿੱਚ ਪਟਿਆਲਾ ਚੌਕ ਤੋਂ ਛੱਤ ਲਾਈਟ ਪੁਆਇੰਟ ਤੱਕ ਕਰੀਬ ਸਾਢੇ ਤਿੰਨ ਕਿਲੋਮੀਟਰ ਦੀ ਇਸ ਸੜਕ 'ਤੇ 3 ਕੱਟਾ ਲੋਹਗੜ੍ਹ ਟੀ ਪੁਆਇੰਟ, ਏਅਰ ਫੋਰਸ ਹਾਈ ਗਰਾਊਂਡ ਰੋਡ- ਨਾਭਾ ਪੈਟਰੋਲ ਪੰਪ ਦੇ ਸਾਹਮਣੇ ਅਤੇ ਗੁਰਦੁਆਰਾ ਸ੍ਰੀ ਨਾਭਾ ਸਾਹਿਬ ਦੇ ਸਾਹਮਣੇ ਵੀਆਈਪੀ ਰੋਡ ਵੱਲ ਜਾਣ ਵਾਲੀ ਸੜਕ ਤੇ ਤਿੰਨ ਪੁਆਇੰਟਾ ਤੇ ਜਾਮ ਤੋਂ ਨਿਜ਼ਾਤ ਦਵਾਉਣ ਲਈ ਟਰੈਫਿਕ ਸਿਗਨਲ ਲਗਾਏ ਗਏ ਸਨ। ਜਿੱਥੇ ਅਕਸਰ ਵਾਹਨਾਂ ਦਾ ਘੜਮੱਸ ਮਚਿਆ ਰਹਿੰਦਾ ਹੈ ਅਤੇ ਕੌਮੀ ਸ਼ਾਹਰਾਹ ਤੇ ਜਾਮ ਦਾ ਕਾਰਣ ਬਣਦੇ ਹਨ। ਜਦਕਿ ਸ਼ਹਿਰ ਵਿੱਚ ਸਿੰਘਪੁਰਾ ਚੋਕ, ਕੋਹਿਨੂਰ ਢਾਬਾ ਮੋੜ ਅਤੇ ਮੈਕਡੋਨਲਡ ਚੋਕ 'ਤੇ ਕੋਈ ਟ੍ਰੈਫਿਕ ਸਿਗਨਲ ਹੀ ਨਹੀਂ ਹੈ। ਸ਼ਹਿਰ ਦੇ ਹੋਰ ਚੌਂਕਾਂ ਵਿੱਚ ਵੀ ਘੱਟ ਮੁਲਾਜ਼ਮ ਹਨ, ਜਦਕਿ ਸ਼ਹਿਰ ਵਿਚੋਂ ਰੋਜਾਨਾਂ ਲੱਖਾਂ ਦੀ ਗਿਣਤੀ ਵਿੱਚ ਵਾਹਨ ਗੁਜ਼ਰਦੇ ਹਨ। ਕੌਮੀ ਸ਼ਾਹਰਾਹ ਅਥਾਰਟੀ ਵੱਲੋਂ ਵੀ ਟ੍ਰੈਫਿਕ ਵਿਵਸਥਾ ਨੂੰ ਮਜ਼ਬੂਤ ਕਰਨ ਲਈ ਕੋਈ ਕਦਮ ਨਾ ਚੁੱਕੇ ਜਾਣ ਕਾਰਨ ਕਈ ਵਾਰ ਸ਼ਹਿਰ ਦੀਆਂ ਸੜਕਾਂ 'ਤੇ ਐਂਬੂਲੈਂਸ ਜਾਮ 'ਚ ਫਸ ਜਾਂਦੀਆਂ ਹਨ ਅਤੇ ਕਈ ਵਾਰ ਸੜਕਾਂ 'ਤੇ ਪਾਣੀ ਭਰ ਜਾਣ ਕਾਰਨ ਲੋਕਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉੱਤੋ ਕਰਮਚਾਰੀਆਂ ਦੀ ਘਾਟ ਦੇ ਕਾਰਨ ਸ਼ਹਿਰ ਵਿੱਚ ਸਵੇਰੇ-ਸ਼ਾਮ ਜਿਸ ਕਾਰਨ ਸਟਾਫ਼ ਸੜਕਾਂ ਹਰ ਰੋਜ਼ ਜਾਮ ਹੋ ਰਹੀਆਂ ਹਨ। ਸਿਸਟਮ ਦਾ ਵੀ ਐਨਾ ਬੁਰਾ ਹਾਲ ਹੈ ਕਿ ਉੱਚ ਪੱਧਰੀ ਪ੍ਰਸ਼ਾਸਨਿਕ ਅਧਿਕਾਰੀ ਇਸ ਨੂੰ ਠੀਕ ਕਰਵਾਉਣ ਵਿਚ ਕੋਈ ਦਿਲਚਸਪੀ ਨਹੀਂ ਦਿਖਾ ਰਹੇ ਹਨ। ਇਸ ਦੇ ਨਾਲ ਹੀ ਸ਼ਹਿਰ ਵਿੱਚੋਂ ਲੰਘਣ ਵਾਲੇ ਵਾਹਨਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਤੰਗ ਸੜਕਾਂ ਅਤੇ ਕਬਜ਼ਿਆਂ ਕਾਰਨ ਲੋਕਾਂ ਨੂੰ ਆਵਾਜਾਈ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਨਗਰ ਕੌਂਸਲ ਅਤੇ ਕੌਮੀ ਸ਼ਾਹਰਾਹ ਅਥਾਰਟੀ ਵੀ ਬਰਾਬਰ ਦੇ ਜ਼ਿੰਮੇਵਾਰ ਹੈ। ਸੜਕਾਂ ਕਿਨਾਰੇ ਨਜਾਇਜ਼ ਕਬਜ਼ਿਆਂ ਕਾਰਨ ਸੜਕਾਂ ਤੇ ਜਾਮ ਲੱਗ ਰਹੇ ਹਨ। ਨਗਰ ਕੌਂਸਲ ਵੱਲੋਂ ਗੋਗਲੂਆ ਤੋਂ ਮਿੱਟੀ ਝਾੜਨ ਲਈ ਕਬਜ਼ੇ ਹਟਾਉਣ ਲਈ ਮੁਹਿੰਮ ਤਾਂ ਚਲਾਈ ਜਾਂਦੀ ਹੈ, ਪਰ ਸਿਆਸੀ ਸਰਪ੍ਰਸਤੀ ਵਾਲੇ ਦੁਕਾਨਦਾਰਾਂ ਮੁੜ ਸੜਕਾਂ 'ਤੇ ਨਾਜਾਇਜ਼ ਕਬਜ਼ੇ ਕਰ ਲੈਂਦੇ ਹਨ। ਇਸ ਕਾਰਨ ਲੋਕਾਂ ਨੂੰ ਸੜਕਾਂ 'ਤੇ ਟ੍ਰੈਫਿਕ ਜਾਮ ਨਾਲ ਜੂਝਣਾ ਪੈਂਦਾ ਹੈ। ਦੱਸਣਯੋਗ ਹੈ ਕਿ ਸ਼ਹਿਰ ਵਿੱਚ ਟਰੈਫਿਕ ਪੁਲਿਸ ਵੱਲੋਂ ਮੈਕਡੋਨਲਡ ਚੌਂਕ, ਸਿੰਘਪੁਰਾ ਚੌਂਕ, ਪਟਿਆਲਾ ਚੌਂਕ, ਪੰਚਕੂਲਾ ਮੋੜ, ਚੰਡੀਗੜ੍ਹ ਬੈਰੀਅਰ, ਕੇ ਏਰੀਆ ਲਾਈਟ, ਪੀ.ਆਰ.7 ਰੋਡ, ਛੱਤ ਚੋਕ, ਨਾਭਾ ਸਾਹਿਬ-ਵੀ.ਆਈ.ਪੀ. ਮੋੜ, ਸ. ਨਾਭਾ ਸਾਹਿਬ-ਹਾਈ ਗਰਾਊਂਡ ਰੋਡ, ਵੀ.ਆਈ.ਪੀ ਰੋਡ, ਢਕੋਲੀ ਦੇ ਗੇਟ, ਹਰਮਿਲਾਪ ਨਗਰ ਗੇਟ ਅਤੇ ਮੈਟਰੋ ਆਦਿ 'ਤੇ ਟਰੈਫਿਕ ਵਿਵਸਥਾ ਨੂੰ ਕੰਟਰੋਲ ਕਰਨ ਲਈ ਟ੍ਰੈਫਿਕ ਕਰਮਚਾਰੀ ਤਾਇਨਾਤ ਕੀਤੇ ਜਾਂਦੇ ਹਨ ਪਰ ਹੁਣ ਸਥਿਤੀ ਇਹ ਹੈ ਕਿ ਕਰਮਚਾਰੀਆਂ ਦੀ ਘਾਟ ਕਰਕੇ ਇਨ੍ਹਾਂ 'ਚੋਂ ਕਈ ਪੁਆਇੰਟਾਂ ਤੇ ਟ੍ਰੈਫਿਕ ਕਰਮਚਾਰੀ ਤਾਇਨਾਤ ਨਹੀਂ ਹਨ ਜਿਸ ਕਰਕੇ ਜਾਮ ਲੱਗ ਜਾਂਦਾ ਹੈ।

# ਵਿਧਾਇਕ ਸ਼ਾਮ ਚੁਰਾਸੀ ਡਾ. ਰਵਜੋਤ ਸਿੰਘ ਅਤੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਸੁਣੀਆਂ ਸਮੱਸਿਆਵਾਂ।

**ਹੁਸ਼ਿਆਰਪੁਰ, 16 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ 'ਤੇ ਲੋਕਾਂ ਨੂੰ ਵੱਖ-ਵੱਖ ਸਰਕਾਰੀ ਸੇਵਾਵਾਂ ਉਨ੍ਹਾਂ ਦੇ ਘਰਾਂ ਦੇ ਨੇੜੇ ਪਹੁੰਚਾਉਣ ਲਈ ਸ਼ੁਰੂ ਕੀਤੀ ਮੁਹਿੰਮ'ਆਪ ਦੀ ਸਰਕਾਰ, ਆਪ ਦੀ ਦੁਆਰ' ਤਹਿਤ ਅੱਜ ਹੁਸ਼ਿਆਰਪੁਰ ਸਬ-ਡਵੀਜ਼ਨ ਦੇ ਕੰਢੀ ਖੇਤਰ ਦੇ ਪਿੰਡ ਬਹੇੜਾ ਦੇ ਸਰਕਾਰੀ ਹਾਈ ਸਕੂਲ ਵਿਚ ਪਿੰਡ ਬਹੇੜਾ, ਬਾੜੀ ਖੱਡ, ਕੋਟ ਅਤੇ ਟੱਪਾ ਦੇ ਪਿੰਡਾਂ ਦੇ ਲੋਕਾਂ ਲਈ ਸ਼ਿਕਾਇਤ ਨਿਵਾਰਨ ਕੈਂਪ ਲਗਾਇਆ ਗਿਆ। ਇਸ ਦੌਰਾਨ ਵਿਧਾਇਕ ਸ਼ਾਮਚੁਰਾਸੀ ਡਾ. ਰਵਜੋਤ ਸਿੰਘ ਨੇ ਇਸ ਕੈਂਪ ਦੀ ਸ਼ੁਰੂਆਤ ਕਰਦਿਆਂ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਬੈਠ ਕੇ ਇਲਾਕੇ ਦੇ ਪਿੰਡਾਂ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ।

ਇਸ ਦੌਰਾਨ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਅਤੇ ਐਸ.ਡੀ.ਐਮ. ਹੁਸ਼ਿਆਰਪੁਰ ਸੰਜੀਵ ਸ਼ਰਮਾ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ। ਕੈਂਪ ਦੌਰਾਨ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੇ ਲੋਕਾਂ ਨੂੰ ਆਪੋ-ਆਪਣੇ ਵਿਭਾਗਾਂ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਲੋਕਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਦਿੰਦੇ ਹੋਏ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ।

ਵਿਧਾਇਕ ਸ਼ਾਮਚੁਰਾਸੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਹਰ ਸਹੂਲਤ ਦੇਣ ਲਈ ਵਚਨਬੱਧ ਹੈ, ਜਿਸ ਲਈ ਪੰਜਾਬ ਸਰਕਾਰ ਵੱਲੋਂ ਪੂਰੇ ਸੂਬੇ ਵਿੱਚ ਇਹ ਉਪਰਾਲਾ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸ਼ਿਕਾਇਤ ਨਿਵਾਰਨ ਕੈਂਪਾਂ ਵਿੱਚ ਸਮੂਹ ਵਿਭਾਗਾਂ ਦੇ ਅਧਿਕਾਰੀ ਲੋਕਾਂ ਤੱਕ ਪਹੁੰਚ ਕਰ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਹੁਣ ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਅਧਿਕਾਰੀਆਂ ਕੋਲ ਜਾਣ ਦੀ ਲੋੜ ਨਹੀਂ ਹੈ, ਸਗੋਂ ਅਧਿਕਾਰੀ ਹੀ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਕੰਢੀ ਦੇ ਇਨ੍ਹਾਂ ਪਿੰਡਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਹਨ ਅਤੇ ਜਲਦੀ ਹੀ ਇਨ੍ਹਾਂ ਦਾ ਹੱਲ ਕਰ ਦਿੱਤਾ ਜਾਵੇਗਾ। ਉਨ੍ਹਾਂ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਦਾ ਹੱਲ ਕੀਤਾ ਜਾਵੇਗਾ।



ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਕੈਂਪ ਦੌਰਾਨ ਸਮੂਹ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ, ਤਾਂ ਜੋ ਥੋੜ੍ਹੇ ਸਮੇਂ ਵਿੱਚ ਸਮੱਸਿਆਵਾਂ ਦਾ ਹੱਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਕੰਢੀ ਦਾ ਇਲਾਕਾ ਹੋਣ ਕਾਰਨ ਇੱਥੇ ਬਾਰਸ਼ਾਂ ਦੌਰਾਨ ਕਾਫੀ ਨੁਕਸਾਨ ਹੋਇਆ ਹੈ, ਜਿਸ ਦੇ ਹੱਲ ਲਈ ਪ੍ਰਸ਼ਾਸਨ ਆਪਣੇ ਪੱਧਰ 'ਤੇ ਕੰਮ ਕਰ ਰਿਹਾ ਹੈ। ਜਿੱਥੋਂ ਤੱਕ ਵੱਡੇ ਕੰਮਾਂ ਦਾ ਸਬੰਧ ਹੈ, ਵਿਭਾਗਾਂ ਵੱਲੋਂ ਤਜਵੀਜ਼ਾਂ ਬਣਾ ਕੇ ਸਰਕਾਰ ਨੂੰ ਭੇਜ ਦਿੱਤੀਆਂ ਗਈਆਂ ਹਨ ਅਤੇ ਜਲਦੀ ਹੀ ਇਨ੍ਹਾਂ ਸਮੱਸਿਆਵਾਂ ਦਾ ਵੀ ਹੱਲ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਮਾਲ ਵਿਭਾਗ , ਲੋਕ ਨਿਰਮਾਣ ਵਿਭਾਗ, ਸਿਹਤ ਵਿਭਾਗ, ਰੁਜ਼ਗਾਰ ਵਿਭਾਗ, ਪੰਚਾਇਤ ਵਿਭਾਗ, ਰੋਡਵੇਜ਼, ਪੇਂਡੂ ਵਿਕਾਸ ਵਿਭਾਗ, ਸਮਾਜਿਕ ਸੁਰੱਖਿਆ ਵਿਭਾਗ, ਖੇਤੀਬਾੜੀ, ਬਿਜਲੀ, ਜੰਗਲਾਤ ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੇ ਮੌਕੇ 'ਤੇ ਦਰਖਾਸਤ ਪ੍ਰਾਪਤ ਕਰਕੇ ਬਣਦੀ ਕਾਰਵਾਈ ਕੀਤੀ।ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਜਿਹੜੀਆਂ ਸ਼ਿਕਾਇਤਾਂ ਦਾ ਮੌਕੇ 'ਤੇ ਨਿਪਟਾਰਾ ਨਹੀਂ ਹੁੰਦਾ, ਉਨ੍ਹਾਂ ਦਾ ਨਿਪਟਾਰਾ ਸਮਾਂਬੱਧ ਕੀਤਾ ਜਾਵੇ। ਇਸ ਸਬੰਧੀ ਸਬੰਧਤ ਐਸ.ਡੀ.ਐਮ ਵੱਲੋਂ ਸ਼ਿਕਾਇਤਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ , ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਮੌਕੇ ਸਰਪੰਚ ਬਾੜੀ ਖੱਡ ਮੀਨਾ ਕੁਮਾਰੀ, ਸਰਪੰਚ ਟੱਪਾ ਨੀਲਮ ਕੁਮਾਰੀ, ਸਰਪੰਚ ਕੋਟ ਕਮਲਜੀਤ, ਸਰਪੰਚ ਬਹੇੜਾ ਤਿਲਕ ਰਾਜ, ਸਰਪੰਚ ਕੁਕਾਨੇਟ ਕੇਵਲ ਕ੍ਰਿਸ਼ਨ, ਰਾਕੇਸ਼ ਕੁਮਾਰ ਟੱਪਾ, ਕੈਪਟਨ ਹੁਸ਼ਿਆਰ ਸਿੰਘ, ਪਰਮਜੀਤ ਸਿੰਘ, ਸਰੋਜ ਬਾਲਾ, ਅਸ਼ਵਨੀ ਕੁਮਾਰ ਆਦਿ ਹਾਜ਼ਰ ਸਨ ।

## ਸੰਪਾਦਕੀ

# ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਜ਼ਮਾਨਤ

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਲੰਮੀ ਕੈਦ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਕੁਝ ਹਫ਼ਤੇ ਪਹਿਲਾਂ ਖ਼ਤਮ ਹੋ ਗਈ ਹੈ। ਸੁਪਰੀਮ ਕੋਰਟ ਨੇ ਸੀਬੀਆਈ (ਕੇਂਦਰੀ ਜਾਂਚ ਬਿਊਰੋ) ਵੱਲੋਂ ਦਰਜ ਕੀਤੇ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਉਨ੍ਹਾਂ ਨੂੰ ਨਿਯਮਤ ਜ਼ਮਾਨਤ ਦੇ ਦਿੱਤੀ ਹੈ। ਦਿੱਲੀ ਦੇ ਮੁੱਖ ਮੰਤਰੀ ਖ਼ਿਲਾਫ਼ ਰਾਜ ਦੀ ਆਬਕਾਰੀ ਨੀਤੀ 'ਘੁਟਾਲੇ' ਨਾਲ ਸਬੰਧਿਤ ਹੈ। ਹੁਣ ਉਹ 'ਆਪ' ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕਰ ਸਕਦੇ ਹਨ ਪਰ ਕੇਸ ਬਾਰੇ ਜਨਤਕ ਤੌਰ 'ਤੇ ਕੋਈ ਟਿੱਪਣੀ ਨਹੀਂ ਕਰ ਸਕਦੇ। ਨਾ ਹੀ ਉਹ ਮੁੱਖ ਮੰਤਰੀ ਵਜੋਂ ਆਮ ਵਾਂਗ ਆਪਣਾ ਕੰਮ ਕਰ ਸਕਦੇ ਹਨ। ਪਾਬੰਦੀਆਂ ਤੇ ਸ਼ਰਤਾਂ ਦੇ ਬਾਵਜੂਦ ਮੁੱਖ ਮੰਤਰੀ ਕੇਜਰੀਵਾਲ ਤੇ ਉਨ੍ਹਾਂ ਦੀ ਪਾਰਟੀ (ਆਪ) ਕੋਲ ਰਾਹਤ ਮਹਿਸੂਸ ਕਰਨ ਦੇ ਕਈ ਕਾਰਨ ਹਨ। ਸੁਪਰੀਮ ਕੋਰਟ ਦੇ ਜੱਜ ਉੱਜਲ ਭੂਈਆਂ ਵੱਲੋਂ ਗ੍ਰਿਫ਼ਤਾਰੀ ਨਾਲ ਜੁੜੀ ਸੀਬੀਆਈ ਦੀ ਕਾਰਵਾਈ 'ਤੇ ਸਵਾਲ ਚੁੱਕਣ 'ਤੇ ਉਹ ਦੋਸ਼ਮੁਕਤ ਵੀ ਮਹਿਸੂਸ ਕਰ ਰਹੇ ਹੋਣ। ਸੁਪਰੀਮ ਕੋਰਟ ਦੇ ਜੱਜ ਨੇ ਕਿਹਾ ਹੈ ਕਿ ਜਾਂਚ ਏਜੰਸੀ (ਸੀਬੀਆਈ) ਦਾ ਉਦੇਸ਼ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਦਰਜ ਮਨੀ ਲਾਂਡਰਿੰਗ ਕੇਸ ਵਿੱਚ ਕੇਜਰੀਵਾਲ ਨੂੰ ਮਿਲੀ ਜ਼ਮਾਨਤ ਨੂੰ ਕਿਸੇ ਤਰ੍ਹਾਂ ਢਾਹੁਣਾ ਸੀ।

ਪਿਛਲੇ ਕੁਝ ਮਹੀਨਿਆਂ ਤੋਂ ਦਿੱਲੀ ਦੇ ਮੁੱਖ ਮੰਤਰੀ ਬੇਵੱਸ ਜਿਹੇ ਹੋ ਕੇ ਦੋਵਾਂ ਏਜੰਸੀਆਂ ਵਿਚਾਲੇ ਪਿਸ ਰਹੇ ਹਨ। ਦੋਵੇਂ ਉਨ੍ਹਾਂ 'ਤੇ ਕੋਈ ਰਹਿਮ ਨਹੀਂ ਕਰ ਰਹੀਆਂ ਸਨ। ਜੁਲਾਈ ਵਿੱਚ ਸਿਖ਼ਰਲੀ ਅਦਾਲਤ ਵੱਲੋਂ ਈਡੀ ਦੇ ਕੇਸ ਵਿੱਚ ਮਨਜ਼ੂਰ ਕੀਤੀ ਗਈ ਅੰਤ੍ਰਿਮ ਜ਼ਮਾਨਤ ਵੀ ਉਨ੍ਹਾਂ ਲਈ ਕੋਈ ਰਾਹਤ ਲੈ ਕੇ ਨਹੀਂ ਆਈ ਕਿਉਂਕਿ ਉਹ ਸੀਬੀਆਈ ਕੇਸ ਵਿੱਚ ਨਿਰੰਤਰ ਸਲਾਖ਼ਾਂ ਪਿੱਛੇ ਰਹੇ। ਇਸ ਜ਼ਮੀਨੀ ਹਕੀਕਤ ਤੋਂ ਜਾਣੂ ਹੋ ਕੇ ਕਿ ਕੇਸ ਦੀ ਸੁਣਵਾਈ ਨੇੜ ਭਵਿੱਖ ਵਿੱਚ ਮੁਕੰਮਲ ਹੋਣ ਦੀ ਸੰਭਾਵਨਾ ਘੱਟ ਹੀ ਹੈ, ਅਦਾਲਤ ਨੇ ਕੇਜਰੀਵਾਲ ਦੀ ਰਿਹਾਈ ਮਨਜ਼ੂਰ ਕਰ ਕੇ ਸੰਵਿਧਾਨਕ ਅਤੇ ਕਾਨੂੰਨੀ ਤੌਰ 'ਤੇ ਬਿਲਕੁਲ ਸਹੀ ਫ਼ੈਸਲਾ ਸੁਣਾਇਆ ਹੈ। ਅਦਾਲਤ ਵੱਲੋਂ ਇਸ ਖ਼ਦਸ਼ੇ ਨੂੰ ਖਾਰਜ ਕਰਨਾ ਵੀ ਘੱਟ ਮਹੱਤਵਪੂਰਨ ਨਹੀਂ ਹੈ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸਬੂਤਾਂ ਨਾਲ ਛੇੜਛਾੜ ਕਰ ਸਕਦੇ ਹਨ।

ਫੇਰ ਵੀ ਕੇਜਰੀਵਾਲ ਨਿਆਂਇਕ ਨਿਗਰਾਨੀ ਹੇਠ ਰਹਿਣਗੇ ਅਤੇ ਸੀਬੀਆਈ ਵੀ ਰਹੇਗੀ। ਜਸਟਿਸ ਉੱਜਲ ਨੇ ਸਿੱਧੇ ਤੌਰ 'ਤੇ ਏਜੰਸੀ ਨੂੰ ਕਿਹਾ ਹੈ ਕਿ ਇਹ ਇਸ ਬਾਰੇ ਬਣੀ 'ਪਿੰਜਰੇ 'ਚ ਕੈਦ ਤੋਤੇ' ਦੀ ਧਾਰਨਾ ਨੂੰ ਖ਼ਤਮ ਕਰਨ ਲਈ ਯਤਨ ਕਰੇ। ਇਹ ਇੱਕ ਅਜਿਹਾ ਬਦਨਾਮੀ ਦਾ ਠੱਪਾ ਹੈ ਜੋ ਇਸ ਲਈ ਮਿਟਾਉਣਾ ਕਾਫੀ ਮੁਸ਼ਕਿਲ ਹੋ ਰਿਹਾ ਹੈ। ਜੇ ਸੀਬੀਆਈ ਕੋਲ ਮੁੱਖ ਮੰਤਰੀ ਖ਼ਿਲਾਫ਼ ਠੋਸ ਕੇਸ ਹੈ ਤਾਂ ਇਸ ਨੂੰ ਇਹ ਫ਼ਿਕਰ ਨਹੀਂ ਹੋਣੀ ਚਾਹੀਦੀ ਕਿ ਉਹ ਜ਼ਮਾਨਤ 'ਤੇ ਹਨ ਜਾਂ ਜੇਲ੍ਹ ਵਿੱਚ ਹਨ। ਜੇਕਰ ਕੇਸ ਅਜਿਹਾ ਨਹੀਂ ਹੈ ਤਾਂ ਸੀਬੀਆਈ ਦੀ ਭਰੋਸੇਯੋਗਤਾ ਨੂੰ ਇੱਕ ਵਾਰ ਫੇਰ ਸੱਟ ਵੱਜੇਗੀ ਅਤੇ ਸਿਆਸੀ ਬਦਲਾਖੋਰੀ ਦੇ ਵਿਰੋਧੀ ਧਿਰ ਦੇ ਇਲਜ਼ਾਮਾਂ ਨੂੰ ਵੀ ਬਲ ਮਿਲੇਗਾ।

# ਪੰਜਾਬ 'ਚ ਨਸ਼ਿਆਂ ਖ਼ਿਲਾਫ਼ ਲੜਾਈ ਦੀਆਂ ਖਾਮੀਆਂ

ਪੰਜਾਬ ਵਿੱਚ ਪੁਲੀਸ ਵੱਲੋਂ ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਡਰੱਗ ਇੰਸਪੈਕਟਰ ਸ਼ੀਸ਼ਨ ਮਿੱਤਲ ਜਿਸ ਉੱਪਰ ਨਸ਼ਾ ਤਸਕਰਾਂ ਨਾਲ ਮਿਲੀਭੁਗਤ ਦੇ ਦੋਸ਼ ਲੱਗੇ ਹਨ, ਦੀ ਗ੍ਰਿਫ਼ਤਾਰੀ ਨੇ ਅਹਿਮ ਸਵਾਲ ਖੜ੍ਹੇ ਕੀਤੇ ਹਨ। ਐਂਟੀ ਨਾਰਕੌਟਿਕਸ ਟਾਸਕ ਫੋਰਸ (ਏਐਨਟੀਐਫ) ਨੇ ਨਸ਼ਿਆਂ ਦੇ ਗ਼ੈਰ-ਕਾਨੂੰਨੀ ਕਾਰੋਬਾਰ ਵਿੱਚ ਸ਼ੀਸ਼ਨ ਮਿੱਤਲ ਦੀ ਗਹਿਰੀ ਸ਼ਮੂਲੀਅਤ ਦਾ ਖ਼ੁਲਾਸਾ ਕਰਦਿਆਂ ਪਤਾ ਲਗਾਇਆ ਹੈ ਕਿ ਉਸ ਦੇ ਬੈਂਕ ਖਾਤਿਆਂ ਰਾਹੀਂ ਕਾਲੇ ਧਨ ਦੇ ਰੂਪ ਵਿੱਚ 7 ਕਰੋੜ ਰੁਪਏ ਤੋਂ ਜ਼ਿਆਦਾ ਰਕਮ ਦਾ ਲੈਣ ਦੇਣ ਹੋਇਆ ਸੀ। ਡਰੱਗ ਇੰਸਪੈਕਟਰ ਦਾ ਜ਼ਿੰਮਾ ਨਸ਼ਿਆਂ ਦੇ ਗ਼ੈਰ-ਕਾਨੂੰਨੀ ਕਾਰੋਬਾਰ ਦੀ ਰੋਕਥਾਮ ਦੇ ਨੇਮਾਂ ਨੂੰ ਅਮਲ ਵਿੱਚ ਲਿਆਉਣਾ ਹੁੰਦਾ ਹੈ ਪਰ ਉਸ ਦੇ ਕਿਰਦਾਰ ਦਾ ਖ਼ੁਲਾਸਾ ਹੋਣ ਤੋਂ ਸੰਕੇਤ ਮਿਲਦੇ ਹਨ ਕਿ ਨਸ਼ਾ ਤਸਕਰੀ ਦਾ ਜਾਲ ਰਾਜ ਦੇ ਡਰੱਗ ਕੰਟਰੋਲ ਢਾਂਚੇ ਨੂੰ ਕਲਾਵੇ ਵਿੱਚ ਲੈ ਚੁੱਕਿਆ ਹੈ।

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਭ੍ਰਿਸ਼ਟਾਚਾਰ ਕਾਰਨ ਨਸ਼ਿਆਂ ਖ਼ਿਲਾਫ਼ ਲੜਾਈ ਨੂੰ ਆਂਚ ਪਹੁੰਚੀ ਹੈ। 2017 ਵਿੱਚ ਇੱਕ ਜਨਹਿਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪੰਜਾਬ ਹਰਿਆਣਾ ਹਾਈਕੋਰਟ ਨੇ ਨਸ਼ਿਆਂ ਦੀ ਤਸਕਰੀ ਵਿੱਚ ਸੀਨੀਅਰ ਪੁਲੀਸ ਅਫ਼ਸਰਾਂ ਦੀ ਮਿਲੀਭੁਗਤ ਦੇ ਦੋਸ਼ਾਂ ਦੀ ਜਾਂਚ ਕਰਾਉਣ ਲਈ ਇੱਕ ਵਿਸ਼ੇਸ਼ ਜਾਂਚ ਟੀਮ (ਸਿਟ) ਕਾਇਮ ਕੀਤੀ ਸੀ। ਉਸ ਸਿਟ ਦੀਆਂ ਲੱਭਤਾਂ ਇਸ ਸਾਲ ਅਪਰੈਲ ਵਿੱਚ ਜਨਤਕ ਕੀਤੀਆਂ ਗਈਆਂ ਸਨ ਜਿਸ ਵਿੱਚ ਪਾਇਆ ਗਿਆ ਸੀ ਕਿ ਪੁਲੀਸ ਇੰਸਪੈਕਟਰ ਇੰਦਰਜੀਤ ਸਿੰਘ ਉਸ ਵੇਲੇ ਮੋਗਾ ਦੇ ਐੱਸਐੱਸਪੀ ਰਾਜਜੀਤ ਸਿੰਘ ਨਾਲ ਰਲ਼ ਕੇ ਬੀਐੱਸਐੱਫ ਦੇ ਕੁਝ ਬਰਤਰਫ਼ ਮੁਲਾਜ਼ਮਾਂ ਦੀ ਮਦਦ ਨਾਲ ਪਾਕਿਸਤਾਨ ਤੋਂ ਨਸ਼ਿਆਂ ਦੀ ਤਸਕਰੀ ਕਰਵਾਉਂਦੇ ਸਨ। ਇਸ ਤੋਂ ਇਲਾਵਾ ਉਹ ਲੋਕਾਂ ਨੂੰ ਨਸ਼ਿਆਂ ਦੇ ਝੂਠੇ ਕੇਸਾਂ ਵਿੱਚ ਫਸਾ ਕੇ ਉਨ੍ਹਾਂ ਤੋਂ ਫਿਰੌਤੀ ਰਕਮਾਂ ਲੈਂਦੇ ਸਨ ਅਤੇ ਨਸ਼ੇ ਵਿਕਵਾਉਂਦੇ ਸਨ। ਐੱਸਐੱਸਪੀ ਰਾਜਜੀਤ ਸਿੰਘ ਨੇ ਇੰਦਰਜੀਤ ਸਿੰਘ ਦੇ ਖ਼ਿਲਾਫ਼ ਦੋਸ਼ ਲੱਗੇ ਹੋਣ ਦੇ ਬਾਵਜੂਦ ਉਸ ਦੀ ਦੋਹਰੀ ਤਰੱਕੀ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਨਸ਼ਿਆਂ ਖ਼ਿਲਾਫ਼ ਮੁਹਿੰਮ ਭ੍ਰਿਸ਼ਟਾਚਾਰ ਵਿੱਚ ਉਲਝ ਕੇ ਰਹਿ ਗਈ ਅਤੇ ਲੋਕਾਂ ਦਾ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਤੋਂ ਵਿਸ਼ਵਾਸ ਉੱਠ ਗਿਆ। ਨੌਕਰਸ਼ਾਹੀ ਦੀ ਨਾਕਾਮੀ ਤੇ ਢਾਂਚਾਗਤ ਖਾਮੀਆਂ ਇਸ ਤਰ੍ਹਾਂ ਦੇ ਵਿਅਕਤੀਆਂ ਦਾ ਰਾਹ ਸੌਖਾ ਕਰ ਰਹੀਆਂ ਹਨ ਤੇ ਉਹ ਬੇਰੋਕ ਆਪਣਾ ਕੰਮ ਕਰ ਰਹੇ ਹਨ। ਸਰਕਾਰ ਦੀ ਪ੍ਰਤੀਕਿਰਿਆ, ਜਿਸ 'ਚ ਮਿੱਤਲ ਦੇ ਅਸਾਸਿਆਂ 'ਤੇ ਰੋਕ ਲਾਉਣਾ ਅਤੇ ਦੇਰੀ ਨਾਲ ਜਾਂਚ ਆਰੰਭਣਾ ਸ਼ਾਮਿਲ ਹੈ, 'ਚੋਂ ਮਜ਼ਬੂਤ ਰੋਕਥਾਮ ਤੰਤਰ ਦੀ ਲੋੜ ਉੱਭਰਦੀ ਹੈ। ਵਿਅਕਤੀਗਤ ਗ੍ਰਿਫ਼ਤਾਰੀਆਂ ਤੋਂ ਇਲਾਵਾ ਰਾਜ ਨੂੰ ਵਿਆਪਕ ਸੁਧਾਰਾਂ ਦੀ ਵੀ ਲੋੜ ਹੈ। ਇਨ੍ਹਾਂ ਵਿੱਚ ਅਧਿਕਾਰੀਆਂ ਦੀ ਸਖ਼ਤੀ ਨਾਲ ਜਾਂਚ-ਪੜਤਾਲ, ਵਿਸ਼ੇਸ਼ ਐੱਨਡੀਪੀਐੱਸ ਅਦਾਲਤਾਂ (ਜਿਸ ਉੱਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਵੀ ਜ਼ੋਰ ਦਿੱਤਾ ਹੈ), ਜੇਲ੍ਹਾਂ 'ਚ ਵੱਧ ਨਿਗਰਾਨੀ ਤੇ ਏਜੰਸੀਆਂ ਵਿਚਾਲੇ ਬਿਹਤਰ ਤਾਲਮੇਲ ਸ਼ਾਮਿਲ ਹੈ। ਅੰਦਰੂਨੀ ਭ੍ਰਿਸ਼ਟਾਚਾਰ ਤੇ ਜ਼ਮੀਨੀ ਪੱਧਰ 'ਤੇ ਨਸ਼ਿਆਂ ਦੀ ਵਰਤੋਂ ਨਾਲ ਨਜਿੱਠਣ ਲਈ ਮੁਖ਼ਬਰਾਂ ਦੀ ਰਾਖੀ ਤੇ ਸਮਾਜਿਕ ਪੱਧਰ 'ਤੇ ਪਹਿਰੇਦਾਰੀ ਨੂੰ ਵੀ ਤਰਜੀਹ ਦੇਣੀ ਚਾਹੀਦੀ ਹੈ। ਵਿਆਪਕ ਸੁਧਾਰਾਂ ਤੋਂ ਬਿਨਾਂ ਰਾਜ ਦੀ ਨਸ਼ਿਆਂ ਖ਼ਿਲਾਫ਼ ਲੜਾਈ ਹਮੇਸ਼ਾ ਇੱਕ ਮੁਸ਼ਕਿਲ ਕਾਰਜ ਬਣੀ ਰਹੇਗੀ ਤੇ ਆਖ਼ਰ ਵਿੱਚ ਨਾਕਾਮੀ ਦਾ ਮੂੰਹ ਦੇਖਣਾ ਪਏਗਾ।

-ਪੀਤਾਂਬਰ ਸ਼ਰਮਾ

# ਫਲਿੱਪਕਾਰਟ ਨੇ ਵਿਕਰੇਤਾ ਸੰਮੇਲਨ ਦਾ ਆਯੋਜਨ ਕੀਤਾ

**ਜਲੰਧਰ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫਲਿੱਪਕਾਰਟ ਨੇ ਭਾਰਤ ਦੇ ਨੌਂ ਪ੍ਰਮੁੱਖ ਸ਼ਹਿਰਾਂ ਵਿੱਚ ਸਫਲਤਾਪੂਰਵਕ ਆਪਣੇ ਵਿਕਰੇਤਾ ਸੰਮੇਲਨ ਦਾ ਆਯੋਜਨ ਕੀਤਾ ਹੈ। ਇਹ ਵਿਕਰੇਤਾ ਸੰਮੇਲਨ ਫਲਿੱਪਕਾਰਟ ਦੀ ਦੇਸ਼ ਵਿਆਪੀ ਪਹਿਲਕਦਮੀ ਦਾ ਹਿੱਸਾ ਹਨ ਜਿਸਦਾ ਉਦੇਸ਼ 14 ਲੱਖ ਤੋਂ ਵੱਧ ਉੱਦਮੀਆਂ ਅਤੇ ਵਿਕਰੇਤਾਵਾਂ ਨੂੰ ਆਪਣੇ ਕਾਰੋਬਾਰ ਨੂੰ ਵਧਾਉਣ ਲਈ ਨਵੇਂ ਮੌਕੇ ਪ੍ਰਦਾਨ ਕਰਨਾ ਹੈ। ਇਹ ਬਿਗ ਬਿਲੀਅਨ ਡੇਜ਼ ਦੇ 11ਵੇਂ ਐਡੀਸ਼ਨ ਦੌਰਾਨ ਤਿਉਹਾਰਾਂ ਦੀ ਮੰਗ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕਰਨ ਲਈ ਵਿਕਰੇਤਾਵਾਂ ਨੂੰ ਸਹੀ ਸਾਧਨਾਂ ਨਾਲ ਲੈਸ ਕਰਨ ਲਈ ਤਿਆਰ ਕੀਤੇ ਗਏ ਸਨ।

ਫਲਿੱਪਕਾਰਟ ਨੇ 15 ਸਤੰਬਰ, 2024 ਤੋਂ ਲਾਈਵ ਹੋਣ ਵਾਲੀ ਬਿਗ ਸੇਲ ਆਫ ਸਮਾਲ ਥਿੰਗਜ਼ ਸੇਲ ਈਵੈਂਟ ਨਾਲ ਆਪਣੇ ਤਿਉਹਾਰੀ ਸੀਜ਼ਨ ਦੀ ਸ਼ੁਰੂਆਤ ਕੀਤੀ ਹੈ। ਬਿਗ ਬਿਲੀਅਨ ਡੇਜ਼ ਦੀ ਤਿਆਰੀ ਕਰ ਰਹੇ ਬਾਜ਼ਾਰ ਦੇ ਵਿਕਰੇਤਾ ਪਲੇਟਫਾਰਮ 'ਤੇ ਆਪਣੇ ਜ਼ਰੂਰੀ ਅਤੇ ਮਹੱਤਵਪੂਰਨ ਉਤਪਾਦਾਂ ਦਾ ਪ੍ਰਦਰਸ਼ਨ ਕਰਨਗੇ। ਇਨ੍ਹਾਂ ਵਿੱਚ ਫੈਸ਼ਨ, ਸੁੰਦਰਤਾ, ਘਰੇਲੂ ਸਜਾਵਟ, ਛੋਟੇ ਇਲੈਕਟ੍ਰੋਨਿਕਸ ਸਮੇਤ ਵੱਖ-ਵੱਖ ਸ਼੍ਰੇਣੀਆਂ ਦੇ ਉਤਪਾਦ ਸ਼ਾਮਲ ਹੋਣਗੇ।ਸਾਕੇਤ ਚੌਧਰੀ, ਬਿਜ਼ਨਸ ਹੈੱਡ - ਮਾਰਕੀਟਪਲੇਸ, ਫਲਿੱਪਕਾਰਟ ਨੇ ਕਿਹਾ ਕਿ ਫਲਿੱਪਕਾਰਟ 'ਤੇ, ਅਸੀਂ ਆਪਣੇ 14 ਲੱਖ ਤੋਂ ਵੱਧ ਵਿਕਰੇਤਾਵਾਂ ਨੂੰ ਸ਼ਕਤੀ ਪ੍ਰਦਾਨ ਕਰਨ ਲਈ ਵਚਨਬੱਧ ਹਾਂ। 4,500 ਤੋਂ ਵੱਧ ਵਿਕਰੇਤਾਵਾਂ ਨੇ ਪੂਰੇ ਭਾਰਤ ਵਿੱਚ ਆਯੋਜਿਤ ਆਨ-ਗਰਾਊਂਡ ਵਿਕਰੇਤਾ ਸੰਮੇਲਨ ਵਿੱਚ ਭਾਗ ਲਿਆ ਅਤੇ ਅਸੀਂ ਉਹਨਾਂ ਨੂੰ ਬਿਗ ਬਿਲੀਅਨ ਡੇਜ਼ ਦੇ 11ਵੇਂ ਐਡੀਸ਼ਨ ਦੌਰਾਨ ਮਾਪਣ ਲਈ ਮੁੱਖ ਸੂਝ ਅਤੇ ਰਣਨੀਤੀਆਂ ਨਾਲ ਲੈਸ ਕੀਤਾ। ਅਸੀਂ ਕਈ ਨਵੇਂ ਪ੍ਰੋਗਰਾਮ ਵੀ ਪੇਸ਼ ਕੀਤੇ ਹਨ, ਜਿਸ ਵਿੱਚ ਰੇਟ ਕਾਰਡ ਸਰਲੀਕਰਨ ਅਤੇ ਉਦਯੋਗ ਵਿੱਚ ਆਪਣੀ ਕਿਸਮ ਦੀਆਂ ਪਹਿਲੀਆਂ ਨੀਤੀਗਤ ਤਬਦੀਲੀਆਂ ਸ਼ਾਮਲ ਹਨ।

# ਭਾਜਪਾ ਨੂੰ ਨਵੇਂ ਸਿਰਿਓਂ ਉਲੀਕਣੀ ਪਵੇਗੀ ਜੰਮੂ ਲਈ ਰਣਨੀਤੀ

**ਜਯੋਤੀ ਮਲਹੋਤਰਾ**

ਜੰਮੂ ਤੋਂ ਕਠੂਆ ਤੱਕ ਦਾ ਰਾਸ਼ਟਰੀ ਰਾਜਮਾਰਗ ਭਾਜਪਾ ਦੇ ਇੱਕ ਵਾਕ ਵਾਲੇ ਇਸ਼ਤਿਹਾਰੀ ਬੋਰਡਾਂ ਨਾਲ ਭਰਿਆ ਪਿਆ ਹੈ ਜਿਨ੍ਹਾਂ ਦੀ ਚਾਹਤ ਹੈ ਕਿ ਲੋਕ 2014 ਤੋਂ 'ਪਹਿਲਾਂ' ਤੇ 'ਬਾਅਦ' ਦੇ ਸਮਿਆਂ 'ਚੋਂ ਇੱਕ ਸਿੱਧਾ-ਸਰਲ ਜਿਹਾ ਸੁਨੇਹਾ ਹੀ ਘਰਾਂ ਨੂੰ ਲੈ ਕੇ ਜਾਣ- ਸਾਲ 2014, ਜਦ ਸਾਬਕਾ ਜੰਮੂ ਕਸ਼ਮੀਰ ਰਾਜ ਨੇ ਆਖ਼ਰੀ ਵਾਰ ਵੋਟ ਪਾਈ ਸੀ, ਤੋਂ ਲੈ ਕੇ ਹੁਣ ਤੱਕ ਦੀ ਸਥਿਤੀ- ਜਦ ਕੇਂਦਰ ਸ਼ਾਸਿਤ ਪ੍ਰਦੇਸ਼ ਕੁਝ ਦਿਨਾਂ ਵਿੱਚ ਮੁੜ ਵੋਟ ਪਾਉਣ ਜਾ ਰਿਹਾ ਹੈ, ਪੂਰੇ ਇੱਕ ਦਹਾਕੇ ਬਾਅਦ।

ਇਸ਼ਤਿਹਾਰੀ ਬੋਰਡਾਂ ਦੇ ਇੱਕ ਪਾਸੇ ਧੂੰਏਂ, ਪਿੱਟਦੇ ਹੱਥਾਂ ਤੇ ਸੜਦੀਆਂ ਕਾਰਾਂ ਦੀਆਂ ਹਨੇਰੀਆਂ ਤਸਵੀਰਾਂ; ਦੂਜੇ ਪਾਸੇ ਚਮਕਦੀਆਂ, ਲਿਸ਼ਕਦੀਆਂ ਤਸਵੀਰਾਂ ਦਾ ਮੁਕਾਬਲਾ ਕਰ ਰਹੀਆਂ ਹਨ, ਜੋ ਉਮੀਦ ਤੇ ਖ਼ੁਸ਼ਹਾਲੀ ਦਾ ਪ੍ਰਤੀਕ ਬਣਨ ਦੀ ਆਸ ਰੱਖਦੀਆਂ ਹਨ। ਭਾਜਪਾ ਦੀ ਇਸ਼ਤਿਹਾਰੀ ਮੁਹਿੰਮ ਦੇ ਕੇਂਦਰ ਬਿੰਦੂ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫੋਟੋ ਫਰੇਮ ਦੇ ਬਿਲਕੁਲ ਵਿਚਾਲੇ ਲਾਈ ਗਈ ਹੈ।

ਵੱਡਾ ਸਵਾਲ ਬਿਲਕੁਲ ਇਹੀ ਹੈ ਕਿ ਕੀ ਜੰਮੂ ਮੋਦੀ ਦੇ ਨਾਲ-ਨਾਲ ਭਾਜਪਾ ਦੇ ਉਨ੍ਹਾਂ ਮੁਕਾਮੀ ਉਮੀਦਵਾਰਾਂ 'ਤੇ ਭਰੋਸਾ ਪ੍ਰਗਟਾਏਗਾ ਜੋ ਪੀਰ ਪੰਜਾਲ ਦੇ ਦੱਖਣ ਵਿੱਚ ਪੈਂਦੇ ਇਸ ਵੱਡੇ ਤੇ ਦੁਰਗਮ ਖੇਤਰ 'ਚ 43 ਹਲਕਿਆਂ 'ਤੇ ਦਾਅਵੇਦਾਰੀ ਜਤਾ ਰਹੇ ਹਨ। ਹਾਲਾਂਕਿ ਇਹ ਵਿਧਾਨ ਸਭਾ ਚੋਣ ਹਲਕਿਆਂ ਦੀ ਹਾਲੀਆ ਹੱਦਬੰਦੀ ਤੋਂ ਬਾਅਦ ਇੱਕ ਬਦਲੇ ਹੋਏ ਤੇ ਮੁੜ ਮਿੱਥੇ ਗਏ ਭੂ-ਦ੍ਰਿਸ਼ ਵਿੱਚ ਪਹਿਲੀ ਵਾਰ ਲੜੀ ਜਾ ਰਹੀ ਹੈ। ਹੱਦਬੰਦੀ ਤੋਂ ਬਾਅਦ ਖਿੱਤੇ ਦੀਆਂ ਸੀਟਾਂ ਵਿੱਚ ਛੇ ਹੋਰ ਸੀਟਾਂ ਦਾ ਵਾਧਾ ਕੀਤਾ ਗਿਆ ਹੈ ਜਦੋਂਕਿ ਪੰਜ ਹੋਰ ਉਮੀਦਵਾਰ ਨਵੀਂ ਅਸੈਂਬਲੀ ਲਈ ਨਾਮਜ਼ਦ ਕੀਤੇ ਜਾਣਗੇ। ਜਸ ਨਾਲ ਅਸੈਂਬਲੀ ਮੈਂਬਰਾਂ ?ਦੀ ਗਿਣਤੀ ਪਿਛਲੇ 87 ਦੇ ਮੁਕਾਬਲੇ ਹੁਣ 95 ਹੋ ਜਾਵੇਗੀ। ਅਜਿਹੀ ਚੋਣ, ਜਿੱਥੇ ਹਰ ਸੀਟ ਅਹਿਮੀਅਤ ਰੱਖਦੀ ਹੈ, ਜੰਮੂ ਜਿੱਤ ਤੇ ਹਾਰ ਵਿੱਚ ਫੈਸਲਾਕੁਨ ਸਾਬਿਤ ਹੋ ਸਕਦਾ ਹੈ।

ਸਾਮ, ਦਾਮ, ਦੰਡ, ਭੇਦ। ਦੁਨੀਆ ਦੇ ਇਸ ਹਿੱਸੇ ਵਿੱਚ, ਜਿੱਥੇ ਸਾਡੀ ਕੌਮਾਂਤਰੀ ਸਰਹੱਦ ਬਿਲਕੁਲ ਪਾਕਿਸਤਾਨ ਨਾਲ ਜਾ ਲੱਗਦੀ ਹੈ, ਉੱਥੇ ਸਾਰੀਆਂ ਸਿਆਸੀ ਧਿਰਾਂ ਵੱਲੋਂ ਲੋਕਾਂ ਦਾ ਦਿਲ ਜਿੱਤਣ ਲਈ ਮੋਹ, ਭ੍ਰਿਸ਼ਟਾਚਾਰ, ਦੰਡ ਤੇ ਧੋਖਾਧੜੀ ਵਾਲੀ ਚਾਣਕਿਆ ਨੀਤੀ ਵਰਤੀ ਜਾਵੇਗੀ। ਭਾਜਪਾ, ਜਿਸ ਨੇ 2014 ਵਿੱਚ ਜੰਮੂ ਤੋਂ ਸਾਰੀਆਂ 25 ਸੀਟਾਂ ਜਿੱਤੀਆਂ ਸਨ ਪਰ ਵਾਦੀ ਵਿੱਚੋਂ ਕੋਈ ਵੀ ਸੀਟ ਜਿੱਤਣ 'ਚ ਨਾਕਾਮ ਰਹੀ ਸੀ, ਦਾ ਬਹੁਤ ਕੁਝ ਦਾਅ ਉੱਤੇ ਲੱਗਾ ਹੋਇਆ ਹੈ।

ਇਥੇ ਸਥਿਤੀ ਭੰਬਲਭੂਸੇ ਵਾਲੀ ਹੈ। ਜੇ ਭਾਜਪਾ-ਪੱਖੀ ਜੰਮੂ ਦੇ ਲੋਕਾਂਵਿੱਚ 'ਸਾਨੂੰ ਕੀ ਮਿਲਿਆ' ਦਾ ਬਰਤਾਂਤ ਪਕੇਰਾ ਹੁੰਦਾ ਗਿਆ ਤਾਂ ਸ਼ਾਇਦ ਪਾਰਟੀ ਦਾ ਇਹ ਕਿਲ੍ਹਾ ਵੀ ਢਹਿ ਸਕਦਾ ਹੈ। ਜੰਮੂ, ਜਿੱਥੇ ਪਹਿਲੀ ਅਕਤੂਬਰ ਨੂੰ ਵੋਟਾਂ ਪੈਣੀਆਂ ?ਹਨ, 'ਚ ਵੋਟਰ ਨਿੱਤ ਟਰੈਫਿਕ ਦੀ ਭਿਆਨਕ ਸਮੱਸਿਆ ਨਾਲ ਜੂਝ ਰਹੇ ਹਨ (ਨਿਤਿਨ ਗਡਕਰੀ ਦਾ ਮੰਤਰਾਲਾ ਪੁਲ਼ ਤੇ ਨਵੇਂ ਫਲਾਈਓਵਰ ਬਣਾ ਰਿਹਾ ਹੈ), ਜਦੋਂਕਿ 'ਸਮਾਰਟ ਸਿਟੀ' ਦੇ ਖੁੱਲ੍ਹੀਆਂ ਡਰੇਨਾਂ ਨੂੰ ਢਕਣ ਤੇ ਕੂੜੇ ਦੇ ਢੇਰਾਂ ਨੂੰ ਸਾਫ਼ ਕਰਨ ਦੇ ਕੀਤੇ ਵਾਅਦੇ ਵੀ ਕਿਸੇ ਤਣ-ਪੱਤਣ ਨਹੀਂ ਲੱਗੇ ਹਨ। ਪੈਨਸ਼ਨਾਂ ਦੇਰੀ ਨਾਲ ਮਿਲ ਰਹੀਆਂ ਹਨ ਤੇ ਸਰਕਾਰੀ ਸਕੀਮਾਂ ਦੇ ਲਾਭਪਾਤਰੀ 'ਫੇਸਲੈੱਸ' ਆਨਲਾਈਨ ਪ੍ਰਕਿਰਿਆਵਾਂ ਨਿਪਟਾਉਣ 'ਚ ਔਖ ਮਹਿਸੂਸ ਕਰ ਰਹੇ ਹਨ ਜੋ ਕਿ ਨਿਰੰਤਰ ਠੱਪ ਹੋਈਆਂ ਰਹਿੰਦੀਆਂ ਹਨ ਅਤੇ ਅੰਤ 'ਚ ਜੋ ਵੀ ਹੋਵੇ ਆਪਣੇ ਕੰਮ ਕਰਾਉਣ ਲਈ ਤੁਹਾਨੂੰ ਉਨ੍ਹਾਂ ਪੁਰਾਣੇ ਲੋਕਾਂ ਨੂੰ ਹੀ ਰਿਸ਼ਵਤ ਦੇਣੀ ਪੈਂਦੀ ਹੈ।



ਦੂਜੇ ਪਾਸੇ, ਬਾਕੀ ਦਾ ਭਾਰਤ ਆਪਣੀਆਂ ਇੰਸਟਾ ਯਾਦਾਂ ਤਾਜ਼ਾ ਕਰਨ ਲਈ ਵਾਦੀ ਦੇ ਟਿਊਲਿਪ ਗਾਰਡਨ, ਗਰਮੀਆਂ ਵਿਚ ਡੱਲ ਝੀਲ ਅਤੇ ਸਰਦੀਆਂ ਵਿੱਚ ਗੁਲਮਰਗ-ਪਹਿਲਗਾਮ ਦੀਆਂ ਸੈਰਾਂ ਕਰਨ ਹੀ ਜਾਂਦਾ ਹੈ। ਹਰ ਕੋਈ ਜੰਮੂ ਤੋਂ ਬਚ ਕੇ ਲੰਘ ਜਾਂਦਾ ਹੈ। ਸੈਲਾਨੀਆਂ ਨਾਲ ਖਚਾਖਚ ਭਰੀਆਂ 25 'ਚੋਂ 15 ਰੇਲਗੱਡੀਆਂ ਸਿੱਧੀਆਂ ਕਟੜਾ ਦੇ ਵੈਸ਼ਨੂੰ ਦੇਵੀ ਮੰਦਰ ਲਈ ਚਲੀਆਂ ਜਾਂਦੀਆਂ ਹਨ। ਕਾਰੋਬਾਰ ਮੱਠਾ ਚੱਲ ਰਿਹਾ ਹੈ। ਬਾਹਰਲਿਆਂ ਦਾ ਡਰ ਹਕੀਕੀ ਵੀ ਹੈ ਅਤੇ ਗ਼ੈਰਹਕੀਕੀ ਵੀ ਕਿਉਂਕਿ ਇੱਥੇ ਨਿਵੇਸ਼ ਕਰਨਾ ਚਾਹੁੰਦੇ ਕੁਝ ਕਾਰਪੋਰੇਟਸ ਹਾਲੇ ਵੀ ਵੱਡੇ ਪੱਧਰ 'ਤੇ ਨਿਵੇਸ਼ ਕਰਨ ਤੋਂ ਝਿਜਕ ਰਹੇ ਹਨ। ਇੱਥੋਂ ਤੱਕ ਕਿ 2015-2018 ਤੱਕ ਰਹੀ ਭਾਜਪਾ-ਪੀਡੀਪੀ ਸਰਕਾਰ ਵੇਲੇ ਦੋ ਨਵੇਂ ਏਮਸ ਹਸਪਤਾਲਾਂ, ਇੱਕ ਆਈਆਈਐਮ ਅਤੇ ਆਈਆਈਟੀ ਦੇ ਵਾਅਦੇ ਵੀ ਪੂਰੇ ਹੋਣ ਦੀ ਉਡੀਕ ਵਿੱਚ ਹਨ। ਇਸ ਵਿੱਚ ਕੁਝ ਵੀ ਨਵਾਂ ਨਹੀਂ ਹੈ। ਜੰਮੂ ਨੂੰ ਅੱਜ ਜੋ ਕਨਸੋਆਂ ਮਿਲ ਰਹੀਆਂ ਹਨ, ਉਹ ਉੱਤਰ ਪ੍ਰਦੇਸ਼ ਅਤੇ ਬਿਹਾਰ ਚਿਰਾਂ ਤੋਂ ਜਾਣਦੇ ਹਨ ਕਿ ਸਿਆਸਤਦਾਨ ਵਾਅਦੇ ਕਰ ਲੈਂਦੇ ਹਨ ਪਰ ਇਹ ਧੂੰਏਂ ਵਿੱਚ ਗੁਆਚ ਜਾਂਦੇ ਹਨ। ਬੇਸ਼ੱਕ, ਜੰਮੂ ਆਪਣੇ ਨਾਲ ਗਰੀਬੜੇ ਚਚੇਰੇ ਭਰਾ ਜਿਹਾ ਸਲੂਕ ਪਸੰਦ ਨਹੀਂ ਕਰਦਾ।

ਭਾਜਪਾ ਲੀਡਰਸ਼ਿਪ ਅਤੇ ਇਸ ਦੇ ਹਮਾਇਤੀਆਂ ਵਿਚਕਾਰ ਇਸ ਸੰਗੀਨ ਅਤੇ ਭਖਵੀਂ ਹਕੀਕੀ ਸਮੱਸਿਆ ਨੂੰ ਬੇਸ਼ੱਕ ਸੁਲਝਾਇਆ ਜਾ ਸਕਦਾ ਹੈ ਪਰ ਸਵਾਲ ਇਹ ਹੈ ਕਿ ਕੀ ਇਸ ਵਿੱਚ ਪਹਿਲਾਂ ਹੀ ਦੇਰ ਹੋ ਚੁੱਕੀ ਹੈ। ਭਾਜਪਾ ਨੂੰ ਇਹ ਗੱਲ ਰਾਸ ਆਉਂਦੀ ਹੈ ਕਿ ਇਸ ਖਿੱਤੇ ਵਿੱਚ ਕਾਂਗਰਸ-ਨੈਸ਼ਨਲ ਕਾਨਫਰੰਸ ਗੱਠਜੋੜ ਡਾਵਾਂਡੋਲ ਹੋ ਜਾਵੇ ਜਾਂ ਇਹ ਬਿਲਕੁਲ ਹੋਵੇ ਹੀ ਨਾ। ਇਹ ਸਵਾਲ ਵਾਕਈ ਅਹਿਮ ਹੈ ਕਿ ਆਰਐੱਸਐੱਸ ਦੇ ਚਿੰਤਕ ਰਾਮ ਮਾਧਵ, ਜਿਸ ਨੇ ਭਾਜਪਾ-ਪੀਡੀਪੀ ਗੱਠਜੋੜ ਕਾਇਮ ਕਰਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ ਅਤੇ ਫਿਰ ਮੋਦੀ ਸਰਕਾਰ ਨੇ ਉਨ੍ਹਾਂ ਨੂੰ ਚੁੱਪ ਵੀ ਕਰਵਾ ਦਿੱਤਾ ਸੀ, ਨੂੰ ਹੁਣੇ ਜਿਹੇ ਵਾਪਸੀ ਲਿਆਂਦਾ ਗਿਆ ਹੈ। ਕੀ ਹੁਣ ਉਹ ਵਾਕਈ ਪਾਰਟੀ ਲਈ ਕੁਝ ਕਰ ਸਕਦੇ ਹਨ? ਪਾਰਟੀ ਨੂੰ ਬੇਸਬਰੀ ਨਾਲ ਆਸ ਹੈ ਕਿ ਅਗਲੇ ਕੁਝ ਦਿਨਾਂ ਵਿੱਚ ਪ੍ਰਧਾਨ ਮੰਤਰੀ ਮੋਦੀ ਦੀਆਂ ਹੋਣ ਵਾਲੀਆਂ ਰੈਲੀਆਂ ਨਾਲ ਪਾਸਾ ਪਲਟਣ ਵਿੱਚ ਮਦਦ ਮਿਲੇਗੀ।

ਸਵਾਲ ਇਹ ਹੈ ਕਿ ਭਾਜਪਾ ਨੇ ਜੰਮੂ ਨਾਲ ਕੋਈ ਵੀ ਸ਼ਿਕਵਾ ਨਾ ਕਰਨ ਵਾਲੀ ਪਤਨੀ ਦੀ ਤਰ੍ਹਾਂ ਸਲੂਕ ਕਿਉਂ ਕੀਤਾ ਹੈ, ਇਸ ਕਰ ਕੇ ਕਿਉਂਕਿ ਜੰਮੂ ਹਮੇਸ਼ਾ ਭਾਜਪਾ ਦੇ ਪੱਖ ਵਿੱਚ ਹੀ ਭੁਗਤਦਾ ਰਿਹਾ ਹੈ। ਦੋਵੇਂ ਪਾਰਟੀਆਂ ਜਾਣਦੀਆਂ ਹਨ ਕਿ ਇਹ ਵਿਚਾਰਧਾਰਕ ਲੜਾਈ ਦੀ ਧੁਰੀ ਹੈ, ਇੱਕ ਅਜਿਹਾ ਦਾਗ ਜੋ ਦਹਾਕਿਆਂ ਤੋਂ ਹਿੰਦੂਤਵ ਦੇ ਦਿਲ ਦੀਆਂ ਤਰਬਾਂ ਛੇੜਦਾ ਰਿਹਾ ਹੈ।

ਜਦੋਂ ਜੂਨ 1953 ਵਿੱਚ ਲਖਨਪੁਰ ਵਿੱਚ ਭਾਰਤੀ ਜਨ ਸੰਘ ਦੇ ਵਿਚਾਰਕ ਸ਼ਿਆਮਾ ਪ੍ਰਸ਼ਾਦ ਮੁਕਰਜੀ ਦੀ ਦਿਲ ਦਾ ਦੌਰਾ ਪੈਣ ਕਰ ਕੇ ਮੌਤ ਹੋ ਗਈ ਸੀ ਤਾਂ ਉਹ ਜਵਾਹਰਲਾਲ ਨਹਿਰੂ ਅਤੇ ਸ਼ੇਖ ਅਬਦੁੱਲ੍ਹਾ ਦੀ ਜ਼ਬਰਦਸਤ ਕ੍ਰਿਸ਼ਮਈ ਜੋੜੀ ਵੱਲੋਂ ਧਾਰਾ 370 ਦੇ ਅਮਲ ਖਿਲਾਫ਼ ਜੰਮੂ ਵਿੱਚ ਦਾਖ਼ਲ ਹੋਣ ਦਾ ਯਤਨ ਕਰ ਰਹੇ ਸਨ। ਉਸ ਸੰਵਿਧਾਨਕ ਧਾਰਾ ਨੇ ਪਾਕਿਸਤਾਨ ਨਾਲ ਜਾਣ ਤੋਂ ਨਾਂਹ ਕਰਨ ਮਗਰੋਂ ਭਾਰਤ ਨਾਲ ਰਲੇਵਾਂ ਕਰ ਕੇ ਦੋ ਕੌਮਾਂ ਦੇ ਸਿਧਾਂਤ ਨੂੰ ਰੱਦ ਕਰਨ ਵਾਲੀ ਬਹੁਗਿਣਤੀ ਕਸ਼ਮੀਰੀ ਮੁਸਲਿਮ ਆਬਾਦੀ ਨੂੰ ਇਹ ਯਕੀਨਦਹਾਨੀ ਕਰਾਈ ਸੀ ਕਿ ਉਹ ਹਿੰਦੂ ਬਹੁਗਿਣਤੀ ਭਾਰਤ ਵਿੱਚ ਮਹਿਫ਼ੂਜ਼ ਰਹਿ ਸਕਦੀ ਹੈ।

ਲਖਨਪੁਰ ਵਿੱਚ ਮੁਕਰਜੀ ਦੀ ਮੌਤ ਨਾਲ ਆਰਐੱਸਐੱਸ-ਜਨ ਸੰਘ ਨੂੰ ਧਾਰਾ 370 ਦੀ ਮਨਸੂਖੀ ਨੂੰ ਆਪਣੀ ਵਿਚਾਰਧਾਰਾ ਦਾ ਕੇਂਦਰ ਬਿੰਦੂ ਬਣਾਉਣ ਦਾ ਮੌਕਾ ਮਿਲ ਗਿਆ, ਪਰ ਕੁਝ ਸਮੇਂ ਬਾਅਦ ਇਹ ਬਹਿਸ ਇਤਿਹਾਸ ਵਿੱਚ ਗੁਆਚ ਕੇ ਰਹਿ ਗਈ ਸੀ। ਇਹ ਮਾਮਲਾ ਉਦੋਂ ਤੱਕ ਡੂੰਘਾ ਦਫ਼ਨ ਰਿਹਾ ਜਦੋਂ ਤੱਕ ਅਗਸਤ 2019 ਵਿੱਚ ਨਰਿੰਦਰ ਮੋਦੀ ਨੇ ਇਸ ਤਰਕ ਨੂੰ ਸਥਾਈ ਤੌਰ 'ਤੇ ਠੱਪ ਕਰਨ ਦਾ ਫ਼ੈਸਲਾ ਨਾ ਕਰ ਲਿਆ। ਧਾਰਾ 370 ਇਸ ਲਈ ਰੱਦ ਕੀਤੀ ਗਈ ਕਿਉਂਕਿ ਆਰਐੱਸਐੱਸ-ਭਾਜਪਾ ਦਾ ਮੰਨਣਾ ਸੀ ਕਿ ਹਿੰਦੂ ਬਹੁਗਿਣਤੀ ਵਾਲੇ ਜੰਮੂ ਨੂੰ ਵਾਦੀ ਵਿੱਚ ਭਾਰੂ ਕਸ਼ਮੀਰ ਮੁਸਲਿਮ ਕੁਲੀਨਾਂ ਤੋਂ ਦੋਇਮ ਦਰਜੇ 'ਤੇ ਨਹੀਂ ਵੇਖਿਆ ਜਾਣਾ ਚਾਹੀਦਾ।

ਜੰਮੂ ਹਮੇਸ਼ਾ ਆਪਣੇ ਹਿੱਸੇ ਦੀ ਸੌਦੇਬਾਜ਼ੀ ਕਰਦਾ ਰਿਹਾ ਹੈ। ਜਦੋਂ ਧਾਰਾ 370 ਰੱਦ ਕੀਤੀ ਗਈ ਸੀ ਤਾਂ ਇਸ ਨੇ ਗਲੀਆਂ ਵਿੱਚ ਆ ਕੇ ਜਸ਼ਨ ਮਨਾਏ ਸਨ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਵਾਦੀ ਵਿੱਚ ਸੰਨਾਟਾ ਛਾਇਆ ਹੋਇਆ ਸੀ, ਇੰਟਰਨੈੱਟ ਬੰਦ ਕਰ ਦਿੱਤਾ ਗਿਆ ਸੀ, ਰੋਸ ਮੁਜ਼ਾਹਰਿਆਂ 'ਤੇ ਪਾਬੰਦੀ ਸੀ ਅਤੇ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਇਸੇ ਲਈ ਜ਼ਮੀਨੀ ਪੱਧਰ 'ਤੇ ਹਲਕਾ-ਦਰ-ਹਲਕਾ, ਮੁਹੱਲਾ-ਦਰ-ਮੁਹੱਲਾ, ਪਿੰਡ-ਦਰ-ਪਿੰਡ ਲੜੀਆਂ ਜਾਣ ਵਾਲੀਆਂ ਇਹ ਚੋਣਾਂ ਬਹੁਤ ਅਹਿਮੀਅਤ ਰੱਖਦੀਆਂ ਹਨ। ਕੀ ਜੋ ਭਾਜਪਾ ਚਾਹੁੰਦੀ ਹੈ, ਜੰਮੂ ਉਸ ਨੂੰ ਦੇਵੇਗਾ- ਮੁੜ ਗਠਿਤ ਜੰਮੂ ਕਸ਼ਮੀਰ ਵਿਧਾਨ ਸਭਾ ਵਿੱਚ ਐਨੀਆਂ ਕੁ ਸੀਟਾਂ ਜਿਸ ਦੇ ਆਸਰੇ ਇਹ ਮੁੜ ਸੱਤਾ ਵਿੱਚ ਆਉਣ ਲਾਇਕ ਲੈਣ ਦੇਣ ਕਰ ਸਕੇ? ਜਾਂ ਫਿਰ ਖਿੱਤੇ ਵੱਲੋਂ ਆਪਣੇ ਆਕਾਵਾਂ ਨੂੰ ਮੁੜ ਨਵੇਂ ਸਿਰਿਓਂ ਵੱਖਰੇ ਨੇਮਾਂ ਮੁਤਾਬਿਕ ਮੈਦਾਨ 'ਚ ਨਿੱਤਰਨ ਲਈ ਆਖੇਗਾ।

ਭਾਵ ਧਾਰਾ 370 ਨੂੰ ਹਮੇਸ਼ਾ ਲਈ ਦਫ਼ਨ ਕਰ ਦਿੱਤਾ ਜਾਵੇ ਪਰ ਨਾਲ ਹੀ ਵਿਚਾਰਧਾਰਕ ਪਾੜੇ ਨੂੰ ਪੂਰਦਿਆਂ ਵਾਦੀ ਅਤੇ ਜੰਮੂ ਨੂੰ ਇਕਜੁੱਟ ਕਰ ਦਿੱਤਾ ਜਾਵੇ ਤਾਂ ਕਿ ਇਸ ਹਿਮਾਲਿਆ ਜਿੱਡੇ ਖੱਪੇ ਨੂੰ ਪੂਰ ਦਿੱਤਾ ਜਾਵੇ ਅਤੇ ਸਮੁੱਚੇ ਜੰਮੂ ਕਸ਼ਮੀਰ ਰਾਜ ਨੂੰ ਇੱਕ ਵਾਰ ਫਿਰ ਊਰਜਾ ਨਾਲ ਸਿੰਜਿਆ ਜਾਵੇ।

# ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਵਾਨ ਹੋਣ ਤੋਂ ਬਾਅਦ ਹੜਤਾਲ ਖਤਮ

## ਕੰਮ ਦੌਰਾਨ ਹਾਦਸਾ ਹੋਣ ਦੀ ਸੂਰਤ 'ਚ ਐਕਸਗ੍ਰੇਸ਼ੀਆ ਰਕਮ ਵਧਾਈ; ਤਰੱਕੀਆਂ ਦੇ ਨਿਯਮਾਂ 'ਚ ਵੀ ਬਦਲਾਅ ਕੀਤਾ

**ਪਟਿਆਲਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਵਰਕੌਮ ਨੇ ਬਿਜਲੀ ਮੁਲਾਜ਼ਮਾਂ ਦੀਆਂ ਅਹਿਮ ਮੰਗਾਂ ਮੰਨਣ ਦਾ ਐਲਾਨ ਕਰ ਦਿੱਤਾ ਹੈ, ਜਿਸ ਮਗਰੋਂ ਮੁਲਾਜ਼ਮਾਂ ਨੇ ਹੜਤਾਲ ਖਤਮ ਕਰ ਦਿੱਤੀ ਹੈ। ਅੱਜ ਬਿਜਲੀ ਮੰਤਰੀ ਹਰਭਜਨ ਸਿੰਘ ਵੱਲੋਂ ਸਕੱਤਰ ਰਾਹੁਲ ਤਿਵਾੜੀ, ਸੀਐੱਮਡੀ ਬਲਦੇਵ ਸਿੰਘ ਸਰਾ ਤੇ ਹੋਰ ਅਧਿਕਾਰੀਆਂ ਨਾਲ ਕਈ ਗੇੜ ਦੀ ਗੱਲਬਾਤ ਕੀਤੀ ਗਈ। ਇਸ ਮੌਕੇ ਅਹਿਮ ਮੰਗਾਂ 'ਤੇ ਸਹਿਮਤੀ ਬਣੀ ਜਿਸ ਤੋਂ ਬਾਅਦ ਬਿਜਲੀ ਮੁਲਾਜ਼ਮਾਂ ਦਾ ਸੰਘਰਸ਼ ਅੱਜ ਸਮਾਪਤ ਹੋ ਗਿਆ। ਆਗੂਆਂ ਰਤਨ ਸਿੰਘ ਮਜਾਰੀ, ਗੁਰਪ੍ਰੀਤ ਸਿੰਘ ਗੰਡੀਵਿੰਡ, ਗੁਰਵੇਲ ਸਿੰਘ ਬੱਲਪੁਰੀਆਂ ਨੇ ਦੱਸਿਆ ਕਿ ਸਰਕਾਰ ਨੇ ਲਟਕਦੇ ਮਸਲੇ ਹੱਲ ਕਰ ਦਿੱਤੇ ਹਨ। ਜਥੇਬੰਦੀ ਦੇ ਬੁਲਾਰੇ ਮਨਜੀਤ ਸਿੰਘ ਚਾਹਲ ਨੇ ਦੱਸਿਆ ਕਿ ਰੈਗੂਲਰ ਟੀਮੇਟ ਕਰਮਚਾਰੀ ਦੇ ਗਰੁੱਪ 3 ਦੇ ਸਕੇਲ ਵਿੱਚ 1.12.11 ਤੋਂ 9800 ਦੀ ਬਜਾਏ 14300 ਦਾ ਵਾਧਾ ਕੀਤਾ ਜਾਵੇਗਾ, ਪੀਐਸਪੀਸੀਐਲ ਦੇ ਵੰਡ ਸਿਸਟਮ, ਟਰਾਂਸਮਿਸ਼ਨ, ਜਨਰੇਸ਼ਨ ਸਿਸਟਮ ਵਿੱਚ ਕੰਮ ਦੌਰਾਨ ਹਾਦਸਾ ਹੋਣ ਦੀ ਸੂਰਤ ਵਿਚ ਮੌਤ ਐਕਸਗਰੇਸ਼ੀਆ 10 ਲੱਖ ਤੋਂ ਵਧਾ ਕੇ 30 ਲੱਖ ਰੁਪਏ ਅਤੇ ਠੇਕਾ, ਆਊਟ ਸੋਰਸਿਸ ਰਾਹੀਂ ਕੰਮ ਕਰਦੇ ਕਾਮਿਆਂ ਨੂੰ 10 ਲੱਖ ਦੀ ਬਜਾਏ 20 ਲੱਖ ਰੁਪਏ ਅਤੇ 10 ਲੱਖ ਰੁਪਏ ਗਰੁੱਪ ਬੀਮਾ ਇਸ ਤੋਂ ਵੱਖਰਾ ਦਿੱਤਾ ਜਾਵੇਗਾ, 23 ਸਾਲਾ ਐਡਵਾਂਸ ਤਰੱਕੀ ਦਾ ਵਾਧਾ ਤੀਜੀ ਤਰੱਕੀ ਤੱਕ ਜਾਰੀ ਰਹੇਗਾ, ਆਰਟੀਐਮ ਕਰਮਚਾਰੀਆਂ ਦੀ ਤਰੱਕੀ ਕਰ ਕੇ 5 ਸਾਲਾਂ ਬਾਅਦ ਸਹਾਇਕ ਲਾਇਨਮੈਨ ਬਣਾਇਆ ਜਾਵੇਗਾ, ਬਿਜਲੀ ਨਿਗਮ ਦੀ ਮੈਨੇਜਮੈਂਟ ਨੇ 10 ਤੋਂ 13 ਸਤੰਬਰ ਤੱਕ ਮੁਲਾਜ਼ਮਾਂ ਦੀ ਲਗਾਈ ਗੈਰਹਾਜ਼ਰੀ ਨੂੰ ਬਣਦੀ ਛੁੱਟੀ ਤਬਦੀਲ ਕਰਕੇ ਗੈਰਹਾਜ਼ਰੀ ਦਾ ਸਮਾਂ ਨਿਯਮਤ ਕਰਨ ਦਾ ਫੈਸਲਾ ਕੀਤਾ ਹੈ।



# ਰਾਜਿੰਦਰਾ ਹਸਪਤਾਲ 'ਚ ਮਹਿਲਾ ਡਾਕਟਰ ਨਾਲ ਛੇੜਛਾੜ

**ਪਟਿਆਲਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿਚ ਇੱਕ ਪਾਸੇ ਡਾਕਟਰਾਂ ਦੀ ਸੁਰੱਖਿਆ ਅਤੇ ਹੋਰ ਮੰਗਾਂ ਲਈ ਚਾਰ ਦਿਨਾਂ ਤੋਂ ਰਾਜ ਵਿਆਪੀ ਹੜਤਾਲ ਚੱਲ ਰਹੀ ਹੈ, ਇਸ ਦੌਰਾਨ ਪਟਿਆਲਾ ਵਿਚ ਗੌਰਮਿੰਟ ਮੈਡੀਕਲ ਕਾਲਜ ਤੇ ਰਾਜਿੰਦਰਾ ਹਸਪਤਾਲ ਦੀ ਡਾਕਟਰ ਵੱਲੋਂ ਇਥੋਂ ਦੇ ਹੀ ਮੁਲਾਜ਼ਮ 'ਤੇ ਉਸ ਨਾਲ ਛੇੜਛਾੜ ਕਰਨ ਦੇ ਦੋਸ਼ ਲਾਏ ਗਏ ਹਨ। ਅਧਿਕਾਰੀਆਂ ਨੇ ਇਹ ਮਾਮਲਾ ਸੈਕਸ਼ੁਅਲ ਹਰਾਸਮੈਂਟ ਕਮੇਟੀ ਨੂੰ ਸੌਂਪ ਕੇ ਰਿਪੋਰਟ ਮੰਗ ਲਈ ਹੈ। ਇਸ ਸਬੰਧੀ ਜੂਨੀਅਰ ਰੈਜ਼ੀਡੈਂਟ ਮਹਿਲਾ ਡਾਕਟਰ ਵੱਲੋਂ ਬਾਕਾਇਦਾ ਕਾਲਜ ਪ੍ਰਿੰਸੀਪਲ ਕਮ ਡਾਇਰੈਕਟਰ ਨੂੰ ਲਿਖਤੀ ਸ਼ਿਕਾਇਤ ਕੀਤੀ ਗਈ ਹੈ। ਉਸ ਦਾ ਕਹਿਣਾ ਹੈ ਕਿ ਜਦੋਂ ਮਰੀਜ਼ ਦੀ ਈਸੀਜੀ ਕੀਤੀ ਜਾ ਰਹੀ ਸੀ ਤਾਂ ਈਸੀਜੀ ਤਕਨੀਸ਼ੀਅਨ ਨੇ ਉਸ ਨਾਲ ਛੇੜਛਾੜ ਕੀਤੀ।

ਕਾਲਜ ਪ੍ਰਿੰਸੀਪਲ ਕਮ ਡਾਇਰੈਕਟਰ ਡਾ. ਰਾਜਨ ਸਿੰਗਲਾ ਨੇ ਅਜਿਹੀ ਸ਼ਿਕਾਇਤ ਮਿਲਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਜਦੋਂ ਮਹਿਲਾ ਡਾਕਟਰ ਨੇ ਸਬੰਧਤ ਤਕਨੀਸ਼ੀਅਨ ਦੀ ਅਜਿਹੀ ਹਰਕਤ 'ਤੇ ਇਤਰਾਜ਼ ਕੀਤਾ ਤਾਂ ਤਕਨੀਸ਼ੀਅਨ ਦਾ ਕਹਿਣਾ ਸੀ ਕਿ ਉਸ ਨੇ ਉਨ੍ਹਾਂ ਤੋਂ ਲੰਘਣ ਲਈ ਰਸਤਾ ਮੰਗਿਆ ਸੀ ਪਰ ਉਹ ਜਦੋਂ ਲਾਂਭੇ ਨਾ ਹੋਏ ਤਾਂ ਉਸ ਦਾ ਹੱਥ ਲੱਗ ਗਿਆ ਪਰ ਮਹਿਲਾ ਡਾਕਟਰ ਦਾ ਤਰਕ ਹੈ ਕਿ ਉਸ ਨੇ ਤਾਂ ਰਸਤਾ ਮੰਗਣ ਦੀ ਗੱਲ ਸੁਣੀ ਹੀ ਨਹੀਂ ਕਿਉਂਕਿ ਉਹ ਮਰੀਜ਼ ਨਾਲ ਗੱਲ ਕਰ ਰਹੀ ਸੀ। ਜੇ ਤਕਨੀਸ਼ਨ ਨੂੰ ਰਸਤਾ ਨਹੀਂ ਸੀ ਮਿਲਿਆ ਤਾਂ ਇਹੀ ਗੱਲ ਉਸ ਨੂੰ ਦੁਬਾਰਾ ਆਖ ਸਕਦਾ ਸੀ। ਮਹਿਲਾ ਡਾਕਟਰ ਨੇ ਤਕਨੀਸ਼ੀਅਨ ਖਿਲਾਫ਼ ਬਣਦੀ ਕਾਰਵਾਈ ਕਰਨ 'ਤੇ ਜ਼ੋਰ ਦਿੱਤਾ ਹੈ।

# ਡਾ: ਸੇਨੂ ਦੁੱਗਲ ਨੇ ਕੀਤਾ ਫਾਜ਼ਿਲਕਾ ਦੇ ਲੋਕਾਂ ਦਾ ਧੰਨਵਾਦ

**ਫਾਜ਼ਿਲਕਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਰਹੇ ਡਾ ਸੇਨੂ ਦੁੱਗਲ ਨੇ ਅੱਜ ਗੈਸਟ ਹਾਊਸ ਦੇ ਉਦਘਾਟਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਸ਼ੇਸ ਤੌਰ ਤੇ ਫਾਜ਼ਿਲਕਾ ਠਹਿਰਾਓ ਦੌਰਾਨ ਲੋਕਾਂ ਤੋਂ ਮਿਲੇ ਸਹਿਯੋਗ ਲਈ ਸਮੂਹ ਜ਼ਿਲ੍ਹਾ ਵਾਸੀਆਂ ਦਾ ਧੰਨਵਾਦ ਕੀਤਾ। ਜਿਕਰਯੋਗ ਹੈ ਕਿ ਡਾ ਸੇਨੂ ਦੁੱਗਲ ਪਿਛਲੇ ਦੋ ਸਾਲ ਤੋਂ ਫਾਜ਼ਿਲਕਾ ਵਿਖੇ ਬਤੌਰ ਡਿਪਟੀ ਕਮਿਸ਼ਨਰ ਕੰਮ ਕਰ ਰਹੇ ਸਨ ਅਤੇ ਉਹਨਾਂ ਕੋਲ ਨਗਰ ਨਿਗਮ ਅਬੋਹਰ ਦੇ ਕਮਿਸ਼ਨਰ ਦਾ ਵਾਧੂ ਚਾਰਜ ਵੀ ਸੀ ਅਤੇ ਹੁਣ ਉਹਨਾਂ ਦਾ ਇਥੋਂ ਤਬਾਦਲਾ ਹੋ ਗਿਆ ਹੈ।

ਇਸ ਮੌਕੇ ਫਾਜ਼ਿਲਕਾ ਨਾਲ ਬਣੀ ਆਪਣੀ ਭਾਵੁਕ ਸਾਂਝ ਦਾ ਜ਼ਿਕਰ ਕਰਦਿਆਂ ਡਾ ਸੇਨੂ ਦੁੱਗਲ ਨੇ ਆਖਿਆ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਉਹਨਾਂ ਨੇ ਫਾਜ਼ਿਲਕਾ ਵਿੱਚ ਬਤੌਰ ਡਿਪਟੀ ਕਮਿਸ਼ਨਰ ਕੰਮ ਕਰਦਿਆਂ ਸਰਕਾਰ ਦੇ ਪ੍ਰੋਗਰਾਮਾਂ ਅਤੇ ਨੀਤੀਆਂ ਨੂੰ ਪ੍ਰਭਾਵੀ ਤਰੀਕੇ ਨਾਲ ਲਾਗੂ ਕਰਨ ਲਈ ਹਮੇਸ਼ਾ ਹੀ ਤਤਪਰਤਾ ਦਿਖਾਈ

ਉਹਨਾਂ ਆਖਿਆ ਕਿ ਇਸ ਸਮੇਂ ਦੌਰਾਨ ਜਿਲ੍ਹੇ ਵਿੱਚ ਅਨੇਕਾਂ ਨਵੇਂ ਪ੍ਰੋਜੈਕਟ ਸ਼ੁਰੂ ਹੋਏ ਜਿਨਾਂ ਦੇ ਆਮ ਲੋਕਾਂ ਤੇ ਦੂਰਗਾਮੀ ਪ੍ਰਭਾਵ ਪੈਣਗੇ ਅਤੇ ਇਹ ਜਿਲੇ ਦੀ ਵਿਕਾਸ ਨੂੰ ਨਵੀਆਂ ਉਚਾਈਆਂ ਤੇ ਲੈ ਕੇ ਜਾਣ ਵਾਲੇ ਸਾਬਤ ਹੋਣਗੇ। ਉਨ੍ਹਾਂ ਨੇ ਦੱਸਿਆ ਕਿ ਅਬੋਹਰ ਵਿੱਚ ਇੱਕ ਸਟੇਟ ਆਫ ਲਈ ਆਰਟ ਲਾਈਬਰੇਰੀ ਬਣਾਈ ਗਈ ਹੈ ਜੋ ਕਿ ਇਲਾਕੇ ਭਰ ਦੇ ਨੌਜਵਾਨਾਂ ਲਈ ਆਪਣੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਲਈ ਆਦਰਸ਼ ਸਥਾਨ ਹੈ।

ਇਸੇ ਤਰ੍ਹਾਂ ਅਬੋਹਰ ਦੇ ਆਭਾ ਸਕੇਅਰ ਪ੍ਰੋਪਰਟੀ ਨੂੰ ਰੇਰਾ ਤੋਂ ਪ੍ਰਵਾਨਗੀ ਦਵਾਈ ਗਈ ਹੈ ਜਿਸ ਨਾਲ ਹੁਣ ਨਗਰ ਨਿਗਮ ਆਪਣੀ ਕਮਰਸ਼ੀਅਲ ਪ੍ਰੋਪਰਟੀ ਜੋ ਉਸਨੇ ਨਿਲਾਮ ਕਰਨ ਦੇ ਉਦੇਸ਼ ਨਾਲ ਤਿਆਰ ਕੀਤੀ ਹੈ ਦੀ ਨਿਲਾਮੀ ਕਰਕੇ ਇਥੋਂ ਆਉਣ ਵਾਲੇ ਪੈਸੇ ਨਾਲ ਸ਼ਹਿਰ ਦਾ ਵਿਕਾਸ ਕਰਵਾ ਸਕੇਗੀ। ਇਸੇ ਤਰ੍ਹਾਂ ਹੀ ਅਬੋਹਰ ਦੇ ਪੁਰਾਣੇ ਬਸ ਅੱਡੇ ਨੂੰ ਵੀ ਨਵੀਨੀਕਰਨ ਉਹਨਾਂ ਦੇ ਇੱਥੇ ਠਹਿਰਾਓ ਦੌਰਾਨ ਹੋਇਆ ਹੈ।



ਡਾ: ਸੇਨੂ ਦੁੱਗਲ ਨੇ ਦੱਸਿਆ ਕਿ ਉਹਨਾਂ ਵੱਲੋਂ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਦੇ ਉਦੇਸ਼ ਨਾਲ ਜ਼ਿਲ੍ਹੇ ਵਿੱਚ ਦੋ ਪ੍ਰਮੁੱਖ ਪ੍ਰੋਜੈਕਟ ਸ਼ੁਰੂ ਕੀਤੇ ਗਏ ਜਿਸ ਵਿੱਚੋਂ ਇੱਕ ਸੀ ਲਰਨ ਐਂਡ ਗਰੋ ਅਤੇ ਦੂਜਾ ਸੀ ਬੈਗ ਫਰੀ ਡੇ। ਉਹਨਾਂ ਕਿਹਾ ਕਿ ਲਰਨ ਐਂਡ ਗਰੋ ਪ੍ਰੋਗਰਾਮ ਤਹਿਤ ਸੀਨੀਅਰ ਅਧਿਕਾਰੀ ਅਤੇ ਸਮਾਜ ਦੇ ਹੋਰ ਸਫਲ ਲੋਕ ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਜਾ ਕੇ ਚੰਗੇ ਭਵਿੱਖ ਲਈ ਤਿਆਰ ਕਰਦੇ ਹਨ ਜਦਕਿ ਬੈਗ ਫਰੀ ਡੇ ਤਹਿਤ ਮਹੀਨੇ ਦੇ ਆਖਰੀ ਸ਼ਨੀਵਾਰ ਜ਼ਿਲ੍ਹੇ ਦੇ ਪ੍ਰਾਈਮਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਤਨਾਵ ਤੋਂ ਮੁਕਤ ਰੱਖਦੇ ਹੋਏ ਵੱਖ ਵੱਖ ਸਹਿ ਵਿਦਿਅਕ ਗਤੀਵਿਧੀਆਂ ਰਾਹੀਂ ਉਹਨਾਂ ਦੇ ਸਰਬਪੱਖੀ ਵਿਕਾਸ ਦੀ ਯੋਜਨਾ ਉਲੀਕੀ ਗਈ ਹੈ।

ਇਸ ਤੋਂ ਬਿਨਾਂ ਡਾ: ਸੇਨੂ ਦੁੱਗਲ ਨੇ ਦੱਸਿਆ ਕਿ ਜਿਲੇ ਵਿੱਚ ਸਰਫੇਸ ਵਾਟਰ ਅਧਾਰਿਤ ਦੋ ਮੈਗਾ ਪ੍ਰੋਜੈਕਟ ਪੱਤਰੇ ਵਾਲਾ ਅਤੇ ਘੱਟਿਆ ਵਾਲੀ ਬੋਦਲਾ ਦੇ ਕੰਮ ਵੀ ਉਹਨਾਂ ਦੇ ਕਾਰਜਕਾਲ ਵਿੱਚ ਸ਼ੁਰੂ ਹੋਏ ਅਤੇ ਇਹ ਪ੍ਰੋਜੈਕਟ ਤੇਜੀ ਨਾਲ ਨੇਪਰੇ ਚੜਨ ਵੱਲ ਵੱਧ ਰਹੇ ਹਨ ਅਤੇ ਬਹੁਤ ਜਲਦੀ ਇਹਨਾਂ ਪ੍ਰੋਜੈਕਟਾਂ ਦੇ ਪੂਰੇ ਹੋਣ ਨਾਲ ਜਿਲਾ ਫਾਜ਼ਲਕਾ ਦੇ ਲਗਭਗ ਸਾਰੇ ਪਿੰਡਾਂ ਤੱਕ ਪੀਣ ਦਾ ਸਾਫ ਪਾਣੀ ਪਹੁੰਚੇਗਾ।

ਜਿਕਰ ਯੋਗ ਹੈ ਕਿ ਡਿਪਟੀ ਕਮਿਸ਼ਨਰ ਡਾਕਟਰ ਸੇਨੂ ਦੁੱਗਲ ਆਮ ਲੋਕਾਂ ਦੇ ਗੱਲ ਸੁਣਨ ਵਾਲੇ ਅਧਿਕਾਰੀ ਵਜੋਂ ਜਾਣੇ ਜਾਂਦੇ ਹਨ ਅਤੇ ਹਰ ਰੋਜ਼ ਵੱਡੀ ਗਿਣਤੀ ਵਿੱਚ ਲੋਕ ਉਹਨਾਂ ਦੇ ਦਫਤਰ ਵਿਖੇ ਆਪਣੀਆਂ ਮੁਸ਼ਕਿਲਾਂ ਲੈ ਕੇ ਪਹੁੰਚਦੇ ਸਨ ਜਿੱਥੇ ਉਹਨਾਂ ਵੱਲੋਂ ਹਰੇਕ ਦੀ ਗੱਲ ਸੁਣ ਕੇ ਉਸ ਦੀ ਸਮੱਸਿਆ ਦਾ ਹੱਲ ਕਰਵਾਇਆ ਜਾਂਦਾ ਸੀ। ਇਸ ਤੋਂ ਬਿਨਾਂ ਉਹਨਾਂ ਦੇ ਸਮੇਂ ਦੌਰਾਨ ਸਰਕਾਰ ਦੇ ਪ੍ਰੋਗਰਾਮ ਅਨੁਸਾਰ ਉਹਨਾਂ ਵੱਲੋਂ ਖੁਦ ਪਿੰਡਾਂ ਵਿੱਚ ਜਾ ਕੇ ਵੀ ਅਨੇਕਾਂ ਕੈਂਪ ਲਗਵਾਏ ਗਏ। ਉਹ ਕਿਸਾਨਾਂ ਦੇ ਮਸਲਿਆਂ ਦੇ ਹੱਲ ਲਈ ਵੀ ਸਦੈਵ ਤਤਪਰ ਰਹੇ ਅਤੇ ਉਹਨਾਂ ਦੇ ਮਾਰਗਦਰਸ਼ਨ ਵਿੱਚ ਖੇਤੀਬਾੜੀ ਵਿਭਾਗ ਅਤੇ ਕਿਸਾਨਾਂ ਦੇ ਸਾਂਝੇ ਯਤਨਾਂ ਨਾਲ ਪਿਛਲੇ ਸਾਲ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ 35 ਫੀਸਦੀ ਦੀ ਕਮੀ ਦਰਜ ਕੀਤੀ ਗਈ ਸੀ। ਆਪਣੇ ਤਬਾਦਲੇ ਤੋਂ ਬਾਅਦ ਇਥੋਂ ਜਾਣ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾਕਟਰ ਸੇਨੂ ਦੁੱਗਲ ਨੇ ਕਿਹਾ ਕਿ ਫਾਜ਼ਿਲਕਾ ਵਿਖੇ ਕੰਮ ਕਰਨਾ ਉਹਨਾਂ ਲਈ ਮਾਣ ਦੀ ਗੱਲ ਸੀ ਅਤੇ ਉਹਨਾਂ ਨੇ ਹਮੇਸ਼ਾ ਹੀ ਯਤਨ ਕੀਤਾ ਕਿ ਉਹ ਸਰਕਾਰ ਦੇ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਸਮਾਜ ਦੇ ਹਰ ਇੱਕ ਯੋਗ ਵਿਅਕਤੀ ਤੱਕ ਪਹੁੰਚਾਉਣ ਲਈ ਕੰਮ ਕਰਨ ਅਤੇ ਉਹਨਾਂ ਨੂੰ ਸੰਤੁਸ਼ਟੀ ਹੈ ਕਿ ਉਹ ਇਸ ਨੇਕ ਕਾਰਜ ਵਿੱਚ ਸਫਲ ਹੋਏ ਹਨ। ਉਨ੍ਹਾਂ ਨੇ ਇਸ ਮੌਕੇ ਮੀਡੀਆ ਕਰਮੀਆਂ ਦਾ ਵੀ ਵਿਸੇ ?ਸ ਤੌਰ ਤੇ ਧੰਨਵਾਦ ਕੀਤਾ।

# ਆਪ ਆਗੂਆਂ ਅਤੇ ਵਲੰਟੀਅਰਾਂ ਨੇ ਚੰਡੀਗੜ੍ਹ ਪਾਰਟੀ ਦਫਤਰ ਵਿਖੇ ਢੋਲ, ਭੰਗੜੇ ਅਤੇ ਮਠਿਆਈਆਂ ਵੰਡ ਕੇ "ਸੱਚ ਅਤੇ ਜਮਹੂਰੀਅਤ ਦੀ ਜਿੱਤ" ਦਾ ਮਨਾਇਆ ਜਸ਼ਨ

## ਸਾਡੇ ਦੇਸ਼ ਦੀ ਨਿਆਂਪਾਲਿਕਾ 'ਤੇ ਲੋਕਾਂ ਦਾ ਭਰੋਸਾ ਹੋਰ ਮਜ਼ਬੂਤ ਹੋਇਆ: ਹਰਭਜਨ ਸਿੰਘ ਈ.ਟੀ.ਓ

**ਚੰਡੀਗੜ੍ਹ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਕਿਹਾ ਕਿ ਮਾਣਯੋਗ ਸੁਪਰੀਮ ਕੋਰਟ ਦਾ ਫੈਸਲਾ ਸਾਡੇ ਸੰਵਿਧਾਨ ਦੀ ਜਿੱਤ ਨੂੰ ਦਰਸਾਉਂਦਾ ਹੈ ਅਤੇ ਅੱਜ ਲੋਕਾਂ ਦਾ ਨਿਆਂ ਪ੍ਰਣਾਲੀ ਵਿੱਚ ਵਿਸ਼ਵਾਸ ਹੋਰ ਵੀ ਮਜ਼ਬੂਤ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਫਰਜ਼ੀ ਸ਼ਰਾਬ ਨੀਤੀ ਕੇਸ ਹੈ ਅਤੇ ਅਰਵਿੰਦ ਕੇਜਰੀਵਾਲ ਦੀ ਜ਼ਮਾਨਤ ਹੋਣੀ ਲਾਜ਼ਮੀ ਸੀ।

'ਆਪ' ਦੇ ਸੀਨੀਅਰ ਬੁਲਾਰੇ ਨੀਲ ਗਰਗ ਨੇ ਸੁਪਰੀਮ ਕੋਰਟ ਦੇ ਤਾਜ਼ਾ ਫੈਸਲੇ ਦੀ ਤਾਰੀਫ ਕਰਦੇ ਹੋਏ ਕਿਹਾ ਕਿ ਭਾਵੇਂ ਸੱਚਾਈ ਨੂੰ ਚੁਣੌਤੀ ਦਿੱਤੀ ਜਾ ਸਕਦੀ ਹੈ, ਪਰੰਤੂ ਇਸ ਨੂੰ ਹਰਾਇਆ ਨਹੀਂ ਜਾ ਸਕਦਾ। ਉਨ੍ਹਾਂ ਇਹ ਪੁਸ਼ਟੀ ਕਰਨ ਲਈ ਅਦਾਲਤ ਦੀ ਤਾਰੀਫ਼ ਕੀਤੀ ਕਿ ਭਾਰਤ ਵਿੱਚ ਕੋਈ ਵੀ ਕਾਨੂੰਨ ਤੋਂ ਉੱਪਰ ਨਹੀਂ ਹੈ ਅਤੇ ਸੀਬੀਆਈ ਦੇ ਵਿਵਹਾਰ ਦੀ ਆਲੋਚਨਾ ਕੀਤੀ, ਇਸ ਨੂੰ ਪਿੰਜਰੇ ਵਿੱਚ ਬੰਦ ਤੋਤੇ ਵਜੋਂ ਦੇਖਣ ਤੋਂ ਬਚਣ ਦੀ ਅਪੀਲ ਕੀਤੀ। ਗਰਗ ਨੇ ਅਰਵਿੰਦ ਕੇਜਰੀਵਾਲ ਦੀ ਜੇਲ੍ਹ ਤੋਂ ਰਿਹਾਈ 'ਤੇ ਤਸੱਲੀ ਪ੍ਰਗਟ ਕਰਦਿਆਂ ਇਸ ਨੂੰ ਇਮਾਨਦਾਰ ਰਾਜਨੀਤੀ ਦੀ ਜਿੱਤ ਦੱਸਿਆ।ਉਨ੍ਹਾਂ ਕਿਹਾ ਕਿ ਕੇਜਰੀਵਾਲ ਨੇ ਸਿੱਖਿਆ, ਸਿਹਤ, ਰੁਜ਼ਗਾਰ, ਬਿਜਲੀ ਅਤੇ ਪਾਣੀ ਵਰਗੇ ਮੁੱਦਿਆਂ 'ਤੇ ਧਿਆਨ ਕੇਂਦ੍ਰਤ ਕਰਕੇ ਭਾਰਤੀ ਰਾਜਨੀਤੀ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ। ਗਰਗ ਨੇ ਉਜਾਗਰ ਕੀਤਾ ਕਿ ਹਰਿਆਣਾ ਚੋਣ ਮੁਹਿੰਮ ਵਿਚ ਕੇਜਰੀਵਾਲ ਦੀ ਸ਼ਮੂਲੀਅਤ ਵੋਟਰਾਂ 'ਤੇ ਮਹੱਤਵਪੂਰਨ ਪ੍ਰਭਾਵ ਪਾਵੇਗੀ, ਕਿਉਂਕਿ ਹਰਿਆਣਾ ਦੇ ਕਿਸਾਨ ਅਤੇ ਨੌਜਵਾਨ ਦੋਵੇਂ ਹੀ ਬਦਲਾਅ ਦੀ ਮੰਗ ਕਰ ਰਹੇ ਹਨ ਅਤੇ ਲੀਡਰਸ਼ਿਪ ਲਈ ਕੇਜਰੀਵਾਲ ਅਤੇ 'ਆਪ' ਵੱਲ ਦੇਖ ਰਹੇ ਹਨ।

ਵਿਧਾਇਕ ਰੁਪਿੰਦਰ ਹੈਪੀ ਨੇ ਅਰਵਿੰਦ ਕੇਜਰੀਵਾਲ ਨੂੰ ਜ਼ਮਾਨਤ ਦੇਣ ਲਈ ਸੁਪਰੀਮ ਕੋਰਟ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਹੁਣ ਉਹ ਇੱਕ ਵਾਰ ਫਿਰ 'ਆਪ' ਦੀ ਅਗਵਾਈ ਕਰਨਗੇ ਅਤੇ ਪਾਰਟੀ ਨੂੰ ਭਾਰਤ ਵਿੱਚ ਨਵੀਆਂ ਉਚਾਈਆਂ 'ਤੇ ਲੈ ਜਾਣਗੇ।



**ਇਹ ਇੱਕ ਇਮਾਨਦਾਰ ਨੇਤਾ ਦੀ ਜਿੱਤ ਹੈ, ਮੈਂ ਸਾਰੇ ਆਪ ਵਰਕਰਾਂ ਅਤੇ ਕਾਨੂੰਨ ਅਤੇ ਨਿਆਂ ਵਿੱਚ ਵਿਸ਼ਵਾਸ ਰੱਖਣ ਵਾਲੇ ਲੋਕਾਂ ਨੂੰ ਵਧਾਈ ਦਿੰਦੀ ਹਾਂ: ਮੰਤਰੀ ਅਨਮੋਲ ਗਗਨ ਮਾਨ**

ਮੰਤਰੀ ਅਨਮੋਲ ਗਗਨ ਮਾਨ ਨੇ ਅਰਵਿੰਦ ਕੇਜਰੀਵਾਲ ਦੀ ਜ਼ਮਾਨਤ 'ਤੇ 'ਆਪ' ਵਰਕਰਾਂ ਨਾਲ ਜਸ਼ਨ ਮਨਾਉਣ ਲਈ ਪਾਰਟੀ ਦਫਤਰ ਦਾ ਦੌਰਾ ਕੀਤਾ ਅਤੇ ਉਨ੍ਹਾਂ ਦੀ ਜਮਾਨਤ ਨੂੰ ਇਮਾਨਦਾਰੀ ਅਤੇ ਇਮਾਨਦਾਰ ਨੇਤਾ ਦੀ ਜਿੱਤ ਕਰਾਰ ਦਿੱਤਾ।ਉਨ੍ਹਾਂ ਕਿਹਾ ਕਿ ਇਹ ਫੈਸਲਾ ਸਾਡੇ ਸੰਵਿਧਾਨ ਦੀ ਵੀ ਜਿੱਤ ਹੈ ਅਤੇ ਕਿਹਾ ਕਿ ਹਰ 'ਆਪ' ਵਾਲੰਟੀਅਰ ਸੁਪਰੀਮ ਕੋਰਟ ਦੇ ਫੈਸਲੇ ਤੋਂ ਖੁਸ਼ ਹੈ। ਉਨ੍ਹਾਂ ਸਾਰੇ 'ਆਪ' ਵਰਕਰਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਸ ਫੈਸਲੇ ਨਾਲ ਨਿਆਂ ਅਤੇ ਨਿਆਂ ਪ੍ਰਣਾਲੀ ਵਿੱਚ ਵਿਸ਼ਵਾਸ ਰੱਖਣ ਵਾਲੇ ਸਾਰੇ ਲੋਕ ਬਹੁਤ ਖੁਸ਼ ਹਨ।

**ਇਹ ਸਚਾਈ ਦੀ ਜਿੱਤ ਹੈ ਅਤੇ ਭਾਜਪਾ ਦੀ 'ਆਪ' ਖਿਲਾਫ ਰਚੀ ਗਈ ਗੈਰ-ਸੰਵਿਧਾਨਕ ਸਾਜ਼ਿਸ਼ ਦੀ ਹਾਰ: ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ**

ਆਪ ਦੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਸੁਪਰੀਮ ਕੋਰਟ ਦੇ ਫੈਸਲੇ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਕਿਹਾ ਕਿ ਅਦਾਲਤ ਨੇ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਨੂੰ ਉਜਾਗਰ ਕੀਤਾ ਹੈ। ਉਨ੍ਹਾਂ ਐਲਾਨ ਕੀਤਾ ਕਿ ਅਰਵਿੰਦ ਕੇਜਰੀਵਾਲ ਦੀ ਜ਼ਮਾਨਤ ਸੱਚਾਈ ਦੀ ਜਿੱਤ ਅਤੇ ਭਾਜਪਾ ਦੀਆਂ ਗੈਰ-ਸੰਵਿਧਾਨਕ ਯੋਜਨਾਵਾਂ ਨੂੰ ਝਟਕਾ ਹੈ। ਕੰਗ ਨੇ ਕਿਹਾ ਕਿ ਇਸ ਦੇ ਨਤੀਜੇ ਵਜੋਂ ਹਰਿਆਣਾ ਵਿੱਚ ਪਾਰਟੀ ਦੀ ਮੌਜੂਦਗੀ ਅਤੇ ਪ੍ਰਭਾਵ ਹੋਰ ਮਜ਼ਬੂਤ ਹੋਵੇਗਾ।

**ਅਸੀਂ ਸੁਪਰੀਮ ਕੋਰਟ ਦਾ ਧੰਨਵਾਦ ਕਰਦੇ ਹਾਂ, ਇਸ ਫੈਸਲੇ ਤੋਂ ਸੰਵਿਧਾਨ ਅਤੇ ਲੋਕਤੰਤਰ ਵਿੱਚ ਵਿਸ਼ਵਾਸ ਰੱਖਣ ਵਾਲੇ ਹਰੇਕ ਵਿਅਕਤੀ ਨੂੰ ਰਾਹਤ ਮਿਲੀ ਹੈ: ਮੰਤਰੀ ਲਾਲਚੰਦ ਕਟਾਰੂਚੱਕ**

ਮੰਤਰੀ ਲਾਲਚੰਦ ਕਟਾਰੂਚੱਕ ਨੇ ਸੁਪਰੀਮ ਕੋਰਟ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਫੈਸਲੇ ਨਾਲ ਸੰਵਿਧਾਨ, ਲੋਕਤੰਤਰ ਅਤੇ ਨਿਆਂਪਾਲਿਕਾ ਵਿੱਚ ਵਿਸ਼ਵਾਸ ਰੱਖਣ ਵਾਲੇ ਸਾਰਿਆਂ ਨੂੰ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਵਿਰੋਧੀ ਧਿਰ ਦੇ ਨੇਤਾਵਾਂ, ਖਾਸ ਤੌਰ 'ਤੇ 'ਆਪ' ਨੇਤਾਵਾਂ ਨੂੰ ਗੈਰ-ਸੰਵਿਧਾਨਕ ਤਰੀਕੇ ਨਾਲ ਨਿਸ਼ਾਨਾ ਬਣਾ ਰਹੀ ਹੈ ਅਤੇ ਸੁਝਾਅ ਦਿੱਤਾ ਕਿ ਇਹ ਫੈਸਲਾ ਉਨ੍ਹਾਂ ਲਈ ਇੱਕ ਸਬਕ ਹੈ।

**ਕੋਈ ਵੀ ਸੰਵਿਧਾਨ ਤੋਂ ਉੱਪਰ ਨਹੀਂ ਹੈ, ਅਰਵਿੰਦ ਕੇਜਰੀਵਾਲ ਨੂੰ ਸੀਬੀਆਈ ਨੇ ਈਡੀ ਦੇ ਕੇਸ ਵਿੱਚ ਜ਼ਮਾਨਤ ਮਿਲਣ ਤੋਂ ਬਾਅਦ ਜੇਲ੍ਹ ਵਿੱਚ ਰੱਖਣ ਲਈ ਗ੍ਰਿਫ਼ਤਾਰ ਕੀਤਾ ਸੀ: ਜਗਦੀਪ ਕੰਬੋਜ ਗੋਲਡੀ**

'ਆਪ' ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕਿਹਾ ਕਿ ਮਾਣਯੋਗ ਸੁਪਰੀਮ ਕੋਰਟ ਦਾ ਅੱਜ ਦਾ ਫੈਸਲਾ ਇਹ ਸਾਬਤ ਕਰਦਾ ਹੈ ਕਿ ਸੰਵਿਧਾਨ ਤੋਂ ਉੱਪਰ ਕੋਈ ਵੀ ਨਹੀਂ ਹੈ। ਅਰਵਿੰਦ ਕੇਜਰੀਵਾਲ ਨੂੰ ਈਡੀ ਮਾਮਲੇ ਵਿੱਚ ਜ਼ਮਾਨਤ ਮਿਲਣ ਤੋਂ ਬਾਅਦ ਜੇਲ੍ਹ ਵਿੱਚ ਰੱਖਣ ਲਈ ਹੀ ਸੀਬੀਆਈ ਨੇ ਗ੍ਰਿਫ਼ਤਾਰ ਕੀਤਾ ਸੀ। ਪਰ ਅੱਜ ਇਨਸਾਫ਼ ਮਿਲ ਗਿਆ ਹੈ।

ਆਪ ਪੰਜਾਬ ਦੇ ਜਨਰਲ ਸਕੱਤਰ ਜਗਰੂਪ ਸਿੰਘ ਸੇਖਵਾਂ ਨੇ ਵੀ ਅਰਵਿੰਦ ਕੇਜਰੀਵਾਲ ਨੂੰ ਜ਼ਮਾਨਤ ਦੇਣ ਦੇ ਸੁਪਰੀਮ ਕੋਰਟ ਦੇ ਫੈਸਲੇ ਦਾ ਸਵਾਗਤ ਕਰਦਿਆਂ ਪਾਰਟੀ ਵਰਕਰਾਂ ਨਾਲ ਜਸ਼ਨ ਮਨਾਇਆ।

# ਤਾਂਬੇ ਦੇ ਬਰਤਨ 'ਚ ਪਾਣੀ ਪੀਣ ਦੇ ਫ਼ਾਇਦੇ



*ਤਾਂਬੇ ਦੇ ਬਰਤਨ 'ਚ ਐਂਟੀ-ਆਕਸੀਡੈਂਟ ਤੱਤ ਪਾਣੀ 'ਚ ਹੋਣ ਵਾਲੇ ਬੈਕਟੀਰੀਆ ਨੂੰ ਨਸ਼ਟ ਕਰ ਕੇ ਪਾਣੀ ਨੂੰ ਸਾਫ਼ ਕਰਦੇ ਹਨ ਜਿਸ ਕਰਕੇ ਸਰੀਰ ਇਨਫੈਕਸ਼ਨ ਤੋਂ ਦੂਰ ਰਹਿੰਦਾ ਹੈ...*

ਪਾਣੀ ਸਾਡੇ ਸਰੀਰ ਲਈ ਬਹੁਤ ਹੀ ਜ਼ਰੂਰੀ ਹੈ। ਸਰੀਰ ਦਾ ਲਗਪਗ 70 ਫ਼ੀਸਦੀ ਭਾਗ ਪਾਣੀ ਨਾਲ ਹੀ ਬਣਿਆ ਹੈ। ਇਸ ਨਾਲ ਸਰੀਰ 'ਚੋ ਵਾਧੂ ਪਦਾਰਥ ਬਾਹਰ ਕੱਢਣ 'ਚ ਮਦਦ ਕਰਦੇ ਹਨ ਤੇ ਸਰੀਰ ਨੂੰ ਕਈ ਬਿਮਾਰੀਆਂ ਤੋਂ ਦੂਰ ਕਰਦਾ ਹੈ। ਤਾਂਬੇ ਦੇ ਬਰਤਨ 'ਚ ਪਾਣੀ ਪੀਣ ਨਾਲ ਸਰੀਰ ਨੂੰ ਦੁੱਗਣਾ ਫ਼ਾਇਦਾ ਮਿਲਦਾ ਹੈ। ਤਾਂਬੇ ਦੇ ਬਰਤਨ 'ਚ ਐਂਟੀ-ਆਕਸੀਡੈਂਟ ਤੱਤ ਪਾਣੀ 'ਚ ਹੋਣ ਵਾਲੇ ਬੈਕਟੀਰੀਆ ਨੂੰ ਨਸ਼ਟ ਕਰ ਕੇ ਪਾਣੀ ਨੂੰ ਸਾਫ਼ ਕਰਦੇ ਹਨ ਜਿਸ ਨਾਲ ਸਰੀਰ ਇਨਫੈਕਸ਼ਨ ਤੋਂ ਦੂਰ ਰਹਿੰਦਾ ਹੈ।

## ਪਾਚਨ ਕਿਰਿਆ

ਗ਼ਲਤ ਤੇ ਅਸੰਤੁਲਿਤ ਖਾਣਾ ਖਾਣ ਕਰਕੇ ਪਾਚਨ ਕਿਰਿਆ ਖ਼ਰਾਬ ਹੋ ਜਾਂਦੀ ਹੈ। ਜਿਸ ਨਾਲ ਪੇਟ ਸਬੰਧੀ ਕਈ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਰ ਰੋਜ਼ ਤਾਂਬੇ ਦੇ ਬਰਤਨ 'ਚ ਪਾਣੀ ਪੀਣ ਨਾਲ ਪੇਟ ਸਾਫ਼ ਤੇ ਪਾਚਨ ਕਿਰਿਆ ਠੀਕ ਰਹਿੰਦੀ ਹੈ।

## ਭਾਰ ਘਟਣਾ

ਅੱਜਕੱਲ੍ਹ ਬਹੁਤ ਸਾਰੇ ਲੋਕ ਮੋਟਾਪੇ ਦੇ ਸ਼ਿਕਾਰ ਹੋ ਚੁੱਕੇ ਹਨ। ਘਰ ਦਾ ਖਾਣਾ ਛੱਡ ਕੇ ਬਾਹਰਲੇ ਜੰਕ ਫ਼ੂਡ ਨੂੰ ਪਹਿਲ ਦੇਣੀ। ਜਿਸ ਨਾਲ ਭਾਰ ਵਧਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਖ਼ਤਰੇ ਤੋਂ ਮੁਕਤ ਹੋਣ ਲਈ ਰੋਜ਼ ਰਾਤ ਨੂੰ ਤਾਂਬੇ ਦੇ ਬਰਤਨ 'ਚ ਪਾਣੀ ਪਾ ਕੇ ਰੱਖੋ ਤੇ ਸਵੇਰੇ ਉੱਠ ਕੇ ਉਸ ਪਾਣੀ ਦਾ ਸੇਵਨ ਕਰੋ। ਇਸ ਨਾਲ ਵਜ਼ਨ ਘੱਟ ਹੋਵੇਗਾ ਤੇ ਹੋਰ ਵੀ ਕਈ ਬਿਮਾਰੀਆਂ ਤੋਂ ਛੁਟਕਾਰਾ ਮਿਲੇਗਾ।

## ਪੇਟ ਦੇ ਅਲਸਰ

ਕਈ ਲੋਕਾਂ ਦੇ ਪੇਟ 'ਚ ਛਾਲਿਆਂ ਜਾਂ ਅਲਸਰ ਦੀ ਸਮੱਸਿਆ ਆ ਜਾਂਦੀ ਹੈ। ਜਿਸ ਕਰ ਕੇ ਉਨ੍ਹਾਂ ਨੂੰ ਪੇਟ ਦਰਦ, ਕੁੱਝ ਨਾ ਪਚਣਾ, ਪੇਟ 'ਚ ਜਲਣ ਆਦਿ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤਰ੍ਹਾਂ ਦੀ ਸਮੱਸਿਆ 'ਚ ਰੋਜ਼ ਸਵੇਰੇ ਤਾਂਬੇ ਦੇ ਬਰਤਨ 'ਚ ਪਾਣੀ ਪੀਣ ਨਾਲ ਅਲਸਰ ਦੀ ਸਮੱਸਿਆ ਖ਼ਤਮ ਹੋ ਜਾਂਦੀ ਹੈ। ਜੇ ਸਰੀਰ ਦੇ ਕਿਸੇ ਵੀ ਅੰਗ 'ਤੇ ਸੱਟ ਲੱਗੀ ਹੋਵੇ ਤਾਂ ਇਸ ਪਾਣੀ ਦਾ ਸੇਵਨ ਕਰਨ ਨਾਲ ਜ਼ਖ਼ਮ ਜਲਦੀ ਠੀਕ ਹੋ ਜਾਂਦਾ ਹੈ।

## ਇਨਫੈਕਸ਼ਨ ਨੂੰ ਰੱਖੇ ਦੂਰ

ਬਦਲਦੇ ਮੌਸਮ ਕਾਰਨ ਬਹੁਤ ਸਾਰੇ ਲੋਕਾਂ ਨੂੰ ਸਰਦੀ, ਜ਼ੁਕਾਮ, ਸਿਰ ਦਰਦ ਆਦਿ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਬਦਲਦੇ ਮੌਸਮ ਤੋਂ ਬਚਣ ਲਈ ਤਾਂਬੇ ਦੇ ਪਾਣੀ ਦਾ ਇਸਤੇਮਾਲ ਕਰੋ ਇਹ ਸਿਹਤ ਲਈ ਕਾਫ਼ੀ ਲਾਭਕਾਰੀ ਹੈ। •

# ਦਰਦ ਨਿਵਾਰਕ ਹੈ ਜੈਤੂਨ ਦਾ ਤੇਲ



ਗਰਦਨ ਸਰੀਰ ਦਾ ਬਹੁਤ ਹੀ ਕੋਮਲ ਤੇ ਅਹਿਮ ਭਾਗ ਹੁੰਦਾ ਹੈ। ਲਗਾਤਾਰ ਝੁਕ ਕੇ ਕੰਮ ਕਰਨਾ, ਲੰਬੇ ਸਮੇਂ ਤਕ ਇਕ ਹੀ ਸਥਿਤੀ 'ਚ ਬੈਠੇ ਰਹਿਣਾ, ਕੰਪਿਊਟਰ 'ਤੇ ਲੰਬੇ ਸਮੇਂ ਤਕ ਕੰਮ ਕਰਨਾ, ਮੋਟਾ ਸਿਰ੍ਹਾਣਾ ਲੈ ਕੇ ਸੌਣਾ ਆਦਿ ਅਜਿਹੇ ਕਾਰਨ ਹਨ ਜੋ ਗਰਦਨ 'ਚ ਜਕੜਨ ਅਤੇ ਦਰਦ ਦੀ ਸ਼ਿਕਾਇਤ ਪੈਦਾ ਕਰ ਸਕਦੇ ਹਨ। ਜੈਤੂਨ ਦੇ ਤੇਲ ਦੀ ਮਾਲਿਸ਼ ਨਾਲ ਇਸ ਦਰਦ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਸ ਘਰੇਲੂ ਨੁਸਖ਼ੇ ਨਾਲ ਤੁਸੀਂ ਅਜਿਹੀ ਦਰਦ ਤੋਂ ਰਾਹਤ ਪਾ ਸਕਦੇ ਹੋ।

**ਜੈਤੂਨ ਦਾ ਤੇਲ** : ਜੈਤੂਨ ਦਾ ਤੇਲ ਬੇਹੱਦ ਗੁਣਕਾਰੀ ਹੁੰਦਾ ਹੈ। ਦਰਦ ਨੂੰ ਘਰ ਬੈਠੇ ਠੀਕ ਕਰਨ ਲਈ ਇਹ ਲਾਭਕਾਰੀ ਹੈ। ਇਸ ਨਾਲ ਰੋਜ਼ਾਨਾ ਦੋ ਵਾਰ ਗਰਦਨ ਦੀ ਹਲਕੀ ਮਾਲਿਸ਼ ਕਰੋ।

**ਨਮਕ** : ਨਮਕ ਵਿਚ ਮੈਗਨੀਸ਼ੀਅਮ ਸਲਫੇਟ ਹੁੰਦਾ ਹੈ, ਜੋ ਕੁਦਰਤੀ ਢੰਗ ਨਾਲ ਦਰਦ ਨੂੰ ਦੂਰ ਕਰਨ 'ਚ ਮਦਦ ਕਰਦਾ ਹੈ।

**ਮਿਸ਼ਰਣ ਤਿਆਰ ਕਰਨ ਦੀ ਵਿਧੀ** : ਇਕ ਕਟੋਰੀ ਜਾਂ ਕੱਚ ਦੀ ਸ਼ੀਸ਼ੀ 'ਚ ਜੈਤੂਨ ਦਾ ਤੇਲ ਅਤੇ ਨਮਕ ਪਾ ਕੇ ਚੰਗੀ ਤਰ੍ਹਾਂ ਮਿਲਾ ਲਵੋ। ਇਸ ਨੂੰ ਬੰਦ ਕਰ ਕੇ ਕੁੱਝ ਸਮੇਂ ਲਈ ਰੱਖ ਦਿਓ। ਇਸ ਨਾਲ ਤੇਲ ਦਾ ਰੰਗ ਹਲਕਾ ਪੀਲਾ ਹੋ ਜਾਵੇਗਾ। ਇਸ ਤੇਲ ਦੀ 2-3 ਮਿੰਟ ਤਕ ਗਰਦਨ ਉੱਪਰ ਹਲਕੀ ਮਸਾਜ ਕਰੋ। ਇਸ ਨਾਲ ਗਰਦਨ ਦੇ ਦਰਤ ਤੋਂ ਰਾਹਤ ਮਿਲੇਗੀ। •

# ਨਾਸ਼ਤੇ 'ਚ ਜ਼ਰੂਰ ਕਰੋ ਇਨ੍ਹਾਂ ਚੀਜ਼ਾਂ ਦੀ ਵਰਤੋਂ

ਬਹੁਤ ਸਾਰੇ ਲੋਕ ਆਪਣੀ ਜ਼ਿੰਦਗੀ 'ਚ ਰੁਝੇਵਿਆਂ ਕਾਰਨ ਖਾਣ-ਪੀਣ ਦਾ ਖ਼ਿਆਲ ਨਹੀਂ ਰੱਖਦੇ। ਸਿਹਤਮੰਦ ਰਹਿਣ ਲਈ ਦਿਨ ਦੀ ਸ਼ੁਰੂਆਤ ਭਾਰੀ ਨਾਸ਼ਤੇ ਨਾਲ ਕਰੋ। ਨਾਸ਼ਤੇ 'ਚ ਉਨ੍ਹਾਂ ਚੀਜ਼ਾਂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ ਜਿਨ੍ਹਾਂ ਨਾਲ ਸਰੀਰ ਨੂੰ ਭਰਪੂਰ ਐਨਰਜੀ ਮਿਲੇ ਅਤੇ ਸਾਰਾ ਦਿਨ ਤੁਸੀਂ ਫਰੈੱਸ਼ ਮਹਿਸੂਸ ਕਰ ਸਕੋ।

## ਆਂਡੇ

ਅੰਡੇ ਨੂੰ ਉਬਾਲ ਕੇ, ਭੁਰਜੀ ਜਾਂ ਸੈਂਡਵਿਚ ਆਦਿ ਬਣਾ ਕੇ ਬਰਾਊਨ ਬਰੈੱਡ ਨਾਲ ਖਾਓ। ਇਸ ਨਾਲ ਤੁਹਾਡੇ ਸਰੀਰ 'ਚ ਸਾਰੇ ਪੌਸ਼ਟਿਕ ਤੱਤਾਂ ਦੀ ਘਾਟ ਵੀ ਪੂਰੀ ਹੋਵੇਗੀ ਤੇ ਐਨਰਜੀ ਵੀ ਮਿਲੇਗੀ।





## ਬਰਾਊਨ ਬਰੈੱਡ

*ਨਾਸ਼ਤੇ 'ਚ ਬਰਾਊਨ ਬਰੈੱਡ ਨੂੰ ਆਮਲੇਟ ਨਾਲ ਖਾਓ। ਇਸ ਨਾਲ ਤੁਹਾਡੇ ਪੇਟ 'ਚ ਗੈਸ ਸਬੰਧੀ ਸਮੱਸਿਆ ਦੂਰ ਹੋ ਜਾਂਦੀ ਹੈ ਤੇ ਤੁਸੀ ਪੂਰਾ ਦਿਨ ਅਰਾਮ ਨਾਲ ਕੰਮ ਕਰ ਸਕਦੇ ਹੋ।*

## ਸੈਲਮਨ ਮੱਛੀ

ਫੈਟੀ ਐਸਿਡਜ਼ ਨਾਲ ਭਰਪੂਰ ਸੈਲਮਨ ਮੱਛੀ ਦਾ ਸੇਵਨ ਨਾਸ਼ਤੇ 'ਚ ਕਰਨ ਨਾਲ ਸੋਜ਼, ਹੱਡੀਆਂ, ਗਠੀਆ ਤੇ ਕੈਂਸਰ ਆਦਿ ਦੇ ਖ਼ਤਰੇ ਤੋਂ ਬਚਾਅ ਰਹਿੰਦਾ ਹੈ।

## ਅੰਗੂਰ ਜਾਂ ਆਨਾਰ

ਸਵੇਰ ਨੂੰ ਅੰਗੂਰ ਜਾਂ ਆਨਾਰ ਦਾ ਜੂਸ ਪੀਣ ਨਾਲ ਤੁਸੀ ਸਿਹਤਮੰਦ ਤਾਂ ਰਹਿੰਦੇ ਹੀ ਹੋ, ਨਾਲ ਹੀ ਇਸ ਨਾਲ ਸਾਰਾ ਦਿਨ ਐਨਰਜੀ ਵੀ ਮਿਲਦੀ ਹੈ।

## ਦਹੀਂ

ਦਹੀਂ ਨੂੰ ਨਾਸ਼ਤੇ 'ਚ ਖਾਣ ਨਾਲ ਕੈਂਸਰ ਦਾ ਖ਼ਤਰਾ ਘੱਟ ਹੁੰਦਾ ਹੈ। ਤੇ ਕਈ ਬਿਮਾਰੀਆਂ ਤੋਂ ਛੁਟਕਾਰਾ ਮਿਲਦਾ ਹੈ। •

# ਡੇਂਗੂ, ਲੱਛਣ ਤੇ ਇਲਾਜ




ਨਰੇਸ਼ ਪਠਾਣੀਆ

ਮੱਛਰਾਂ ਤੋਂ ਫੈਲਣ ਵਾਲੇ ਰੋਗਾਂ ਵਿੱਚੋਂ ਡੇਂਗੂ ਤੋਂ ਹਰ ਵਿਅਕਤੀ ਵਾਕਫ਼ ਹੈ। ਡੇਂਗੂ ਦਾ ਅਸਲ ਨਾਂ ਡੇਂਗੂ ਨਹੀਂ, ਡੇਂਗੀ ਹੈ। ਹਰੇਕ ਦੇ ਮਨ ਵਿਚ ਇਸ ਦਾ ਡਰ ਪੈਦਾ ਹੋ ਚੁੱਕਾ ਹੈ। ਪਿਛਲੇ ਕਈ ਸਾਲਾਂ ਤੋਂ ਪੰਜਾਬ ਦੇ ਲੋਕ ਇਸ ਦਾ ਡੰਗ ਸਹਿ ਰਹੇ ਹਨ। ਬਰਸਾਤੀ ਮੌਸਮ 'ਚ ਡੇਂਗੂ ਦੇ ਨਾਲ-ਨਾਲ ਵਾਇਰਲ ਬੁਖ਼ਾਰ ਤੇ ਮਲੇਰੀਆ ਮਨੁੱਖੀ ਸਿਹਤ 'ਤੇ ਹਮਲਾ ਕਰਦਾ ਹੈ। ਇਨ੍ਹਾਂ ਦਿਨਾਂ 'ਚ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿਚ ਡੇਂਗੂ ਬੁਖ਼ਾਰ ਵਾਲੇ ਮਰੀਜ਼ਾਂ ਦੀ ਗਿਣਤੀ ਕਾਫ਼ੀ ਵੱਧ ਗਈ ਹੈ।

## ਕਾਰਨ

ਡੇਂਗੂ ਤੇ ਚਿਕਨਗੁਨੀਆ ਵਰਗੇ ਬੁਖ਼ਾਰਾਂ ਤੋਂ ਬਚਣ ਲਈ ਜੇ ਕੁੱਝ ਸਾਵਧਾਨੀਆਂ ਵਰਤ ਲਈਆਂ ਜਾਣ ਤਾਂ ਜਿੱਥੇ ਸਰੀਰਕ ਨੂੰ ਦੁੱਖ ਭੋਗਣ ਤੋਂ ਬਚਾਇਆ ਜਾ ਸਕਦਾ ਹੈ। ਆਰਥਿਕ ਪੱਖੋਂ ਹੁੰਦੇ ਨੁਕਸਾਨ ਤੋਂ ਵੀ ਬਚਿਆ ਜਾ ਸਕਦਾ ਹੈ। ਡੇਂਗੂ ਜਾਂ ਜਿਸ ਨੂੰ ਆਮ ਲੋਕ ਭਾਸ਼ਾ ਵਿਚ 'ਹੱਡੀ ਤੋੜ ਬੁਖ਼ਾਰ' ਵੀ ਕਹਿੰਦੇ ਹਨ। ਇਹ ਮੱਛਰ ਸਾਡੇ ਆਲੇ ਦੁਆਲੇ ਜਮਾਂ ਹੋਏ ਸਾਫ਼ ਪਾਣੀ ਵਿਚ ਪਲਦਾ ਹੈ। ਡੇਂਗੂ ਪੀੜਤ ਨੂੰ ਕੱਟਣ ਮਗਰੋਂ ਇਹ ਮੱਛਰ ਦੂਜੇ ਤੰਦਰੁਸਤ ਵਿਅਕਤੀ ਵਿਚ ਇਨਫੈਕਸ਼ਨ ਪੈਦਾ ਕਰਦਾ ਹੈ। ਇਹ ਮੱਛਰ ਦਿਨ ਵੇਲੇ ਹੀ ਡੰਗ ਮਾਰਦਾ ਹੈ ਅਤੇ 5-6 ਦਿਨਾਂ ਵਿਚ ਜਾਂ ਵੱਧ ਤੋਂ ਵੱਧ 10 ਦਿਨਾਂ ਵਿਚ ਇਸ ਬਿਮਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਡੇਂਗੂ ਬੁਖ਼ਾਰ ਦੀਆਂ ਕਈ ਕਿਸਮਾਂ ਹਨ :

## ਕਲਾਸਿਕ ਡੇਂਗੂ ਫੀਵਰ

ਡੇਂਗੂ ਦਾ ਮੱਛਰ ਸਾਫ਼ ਖੜੇ ਪਾਣੀ ਵਿਚ ਆਪਣੇ ਅੰਡੇ ਦਿੰਦਾ ਹੈ ਅਤੇ ਬਰਸਾਤ ਦੇ ਮੌਸਮ ਤੋਂ ਤੁਰੰਤ ਬਾਅਦ 16 ਤੋਂ 40 ਡਿਗਰੀ ਸੈਂਟੀਗਰੇਡ ਤਾਪਮਾਨ ਦੌਰਾਨ ਬੜੀ ਤੇਜ਼ੀ ਨਾਲ ਫੈਲਦਾ ਹੈ। 'ਕਲਾਸਿਕ ਡੇਂਗੂ ਫੀਵਰ' ਅਰਥਾਤ ਡੇਂਗੂ ਸਾਧਾਰਨ ਬੁਖ਼ਾਰ ਵਿਚ ਇਕ ਦਮ ਤੇਜ਼ ਬੁਖ਼ਾਰ, ਸਿਰ ਦਰਦ, ਅੱਖਾਂ ਦੇ ਪਿੱਛੇ ਦਰਦ, ਸਰੀਰ ਟੁੱਟਣਾ, ਮਾਸਪੇਸ਼ੀਆਂ ਅਤੇ ਹੱਡਾਂ ਵਿਚ ਦਰਦ ਕਾਰਨ ਇਸ ਬਿਮਾਰੀ ਨਾਲ ਬੰਦੇ ਦਾ ਹਿਲਣਾ-ਜੁਲਣਾ ਵੀ ਮੁਸ਼ਕਲ ਹੋ ਜਾਂਦਾ ਹੈ। ਭੁੱਖ ਨਾ ਲੱਗਣਾ ਅਤੇ ਥਕਾਨ ਮਹਿਸੂਸ ਹੋਣਾ, ਮੂੰਹ ਦਾ ਸਵਾਦ ਬਦਲ ਜਾਣਾ, ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣੀਆਂ, ਸਰੀਰ ਵਿਚ ਪਾਣੀ ਦੀ ਘਾਟ ਭਾਵ ਡੀਹਾਈਡ੍ਰੇਸ਼ਨ, ਸਰੀਰਕ ਅੰਗਾਂ ਉਪਰ ਲਾਲ ਰੰਗ ਦੇ ਦਾਣੇ ਨਿੱਕਲ ਸਕਦੇ ਹਨ।

## ਡੇਂਗੂ ਹੈਮਰੇਜਿਕ

ਡੇਂਗੂ ਦੀ ਦੂਜੀ ਕਿਸਮ 'ਡੇਂਗੂ ਹੈਮਰੇਜਿਕ' ਅਰਥਾਤ ਖ਼ੂਨ ਵਗਣਾ ਵਿਚ ਬੁਖ਼ਾਰ ਕਾਰਨ ਨੱਕ, ਮੂੰਹ ਜਾਂ ਮਸੂੜਿਆਂ ਵਿਚੋਂ ਖ਼ੂਨ ਵਗਣ ਲੱਗਦਾ ਹੈ, ਚਮੜੀ ਹੇਠਾਂ ਖ਼ੂਨ ਵਗਣ ਕਾਰਨ ਨੀਲ ਪੈ ਜਾਂਦੇ ਹਨ, ਕਦੇ ਕਦੇ ਪਿਸ਼ਾਬ ਨਾਲ ਵੀ ਖ਼ੂਨ ਆਉਣ ਲੱਗ ਜਾਂਦਾ ਹੈ। ਖ਼ੂਨ ਦੀ ਉਲਟੀ ਜਾਂ ਮਲ ਦੇ ਨਾਲ ਖ਼ੂਨ ਆਉਣਾ ਇਸ ਦੇ ਖਤਰਨਾਕ ਲੱਛਣ ਹਨ। ਮਰੀਜ਼ ਵਿਚ ਪਾਣੀ ਅਤੇ ਪਲਾਜ਼ਮਾਂ ਦੀ ਘਾਟ ਹੋ ਜਾਣ ਕਾਰਨ ਲਹੂ ਵਿਚਲੇ ਪਲੇਟਲੈੱਟਸ ਸੈੱਲਜ਼ ਦੀ ਗਿਣਤੀ ਇਕ ਦਮ ਘੱਟ ਜਾਂਦੀ ਹੈ। ਜਿਸ ਕਾਰਨ ਮਰੀਜ਼ ਦੀ ਹਾਲਤ ਗੰਭੀਰ ਹੋ ਸਕਦੀ ਹੈ।

## ਡੇਂਗੂ ਸ਼ਾਕ ਸਿੰਡਰੋਮ

ਡੇਂਗੂ ਬੁਖ਼ਾਰ ਦੀ ਤੀਜੀ ਕਿਸਮ 'ਡੇਂਗੂ ਸ਼ਾਕ ਸਿੰਡਰੋਮ' ਵੀ ਗੰਭੀਰ ਹਾਲਤ ਹੈ। ਇਸ ਤਰ੍ਹਾਂ ਦੇ ਡੇਂਗੂ ਬੁਖ਼ਾਰ ਵਿਚ ਸ਼ਾਕ ਦੀ ਹਾਲਤ ਵਰਗੇ ਲੱਛਣ ਪ੍ਰਗਟ ਹੋ ਜਾਂਦੇ ਹਨ। ਰੋਗੀ ਵਿਚ ਬੇਹੱਦ ਬੇਚੈਨੀ, ਚਮੜੀ ਠੰਢੀ ਮਹਿਸੂਸ ਹੁੰਦੀ ਹੈ। ਨਬਜ਼ ਤੇਜ਼ ਅਤੇ ਕਮਜ਼ੋਰੀ ਮਹਿਸੂਸ ਹੁੰਦੀ ਹੈ ਅਤੇ ਬੇਹੋਸ਼ੀ ਦੀ ਹਾਲਤ ਹੋ ਸਕਦੀ ਹੈ। ਤੁਰੰਤ ਡਾਕਟਰੀ ਇਲਾਜ ਕਰਵਾਉਣਾ ਚਾਹੀਦਾ ਹੈ।

## ਰੋਕਥਾਮ

ਡੇਂਗੂ ਅਤੇ ਚਿਕਨਗੁਨੀਆ ਇਕੋ ਹੀ ਪ੍ਰਜਾਤੀ ਦੇ ਮੱਛਰ ਤੋਂ ਪੈਦਾ ਹੋਣ ਵਾਲੀਆਂ ਸਿਹਤ ਸਮੱਸਿਆਵਾਂ ਹਨ। ਮੱਛਰ ਨੂੰ ਪੈਦਾ ਹੋਣ ਤੋਂ ਰੋਕਣਾ ਅਤੇ ਮੱਛਰ ਦੇ ਕੱਟਣ ਤੋਂ ਆਪਣੇ ਆਪ ਨੂੰ ਬਚਾਉਣਾ ਹੀ ਸਭ ਤੋਂ ਵਧੀਆ ਇਲਾਜ ਅਤੇ ਪਰਹੇਜ਼ ਹੈ। ਮੱਛਰਾਂ ਦੇ ਹਮਲੇ ਤੋਂ ਬਚਣ ਲਈ ਪੂਰੀ ਬਾਂਹ ਦੇ ਕੱਪੜੇ, ਮੱਛਰਦਾਨੀ, ਮੱਛਰਾਂ ਨੂੰ ਭਜਾਉਣ ਵਾਲੀਆਂ ਕਰੀਮਾਂ ਅਤੇ ਤੇਲ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ। ਡੇਂਗੂ ਦਾ ਲਾਰਵਾ ਪੈਦਾ ਨਾ ਹੋਵੇ ਇਸ ਲਈ ਕਿਸੇ ਵੀ ਥਾਂ ਪਾਣੀ ਨਾ ਖੜੇ ਇਸ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ। ਟੋਏ ਟੱਬੇ ਮਿੱਟੀ ਨਾਲ ਭਰ ਕੇ ਸਫ਼ਾਈ ਰੱਖੋ। ਘਰਾਂ ਵਿਚ ਪਏ ਫਾਲਤੂ ਬਰਤਨਾਂ, ਟਾਇਰਾਂ, ਮਨੀ ਪਲਾਂਟ ਦੀਆਂ ਬੋਤਲਾਂ, ਪੰਛੀਆਂ ਦੇ ਪਾਣੀ ਪੀਣ ਵਾਲੇ ਕਟੋਰੇ, ਗਮਲਿਆਂ ਅਤੇ ਕੂਲਰਾਂ ਆਦਿ ਵਿਚ ਪਾਣੀ ਜ਼ਿਆਦਾ ਦੇਰ ਨਾ ਖੜਾ ਰਹਿਣ ਦਿੱਤਾ ਜਾਵੇ। ਇਨ੍ਹਾਂ ਦੀ ਚੰਗੀ ਤਰ੍ਹਾਂ ਸਾਫ਼ ਸਫ਼ਾਈ ਕੀਤੀ ਜਾਵੇ ਅਤੇ ਹਰ ਹਫ਼ਤੇ ਸ਼ੁੱਕਰਵਾਰ ਨੂੰ ਡਰਾਈ ਡੇਅ ਮਨਾਇਆ ਜਾਵੇ। ਦਫ਼ਤਰਾਂ, ਘਰਾਂ, ਦੁਕਾਨਾਂ, ਫਰਿੱਜ਼ਾਂ, ਏਸੀ ਜਾਂ ਕੂਲਰਾਂ ਦੀ ਸਫ਼ਾਈ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ। ਖੁੱਲੇ ਮੂੰਹ ਵਾਲੀਆਂ ਓਵਰਹੈੱਡ ਪਾਣੀ ਵਾਲੀਆਂ ਟੰਕੀਆਂ ਨੂੰ ਪੂਰੀ ਤਰ੍ਹਾਂ ਢਕ ਕੇ ਰੱਖਣਾ ਤੇ ਸਮੇਂ-ਸਮੇਂ ਸਿਰ ਉਸ ਦੀ ਸਫ਼ਾਈ ਕਰਦੇ ਰਹਿਣਾ ਚਾਹੀਦਾ ਹੈ। ਪੂਰੀਆਂ ਬਾਂਹ ਵਾਲੀ ਕਮੀਜ਼ ਪਾਓ ਤੇ ਸਰੀਰ ਢਕ ਕੇ ਰੱਖੋ। ਆਥਣੇ ਜਾਂ ਤੜਕੇ ਪਾਰਕਾਂ ਵਿਚ ਸੈਰ ਕਰਦੇ ਸਮੇਂ ਪੈਰ, ਬਾਜੂ ਆਦਿ ਢਕ ਕੇ ਰੱਖੋ। ਬੱਚਿਆਂ ਦੇ ਪਹਿਰਾਵੇ ਦਾ ਖ਼ਾਸ ਖਿਆਲ ਰੱਖਿਆ ਜਾਵੇ। ਘਰਾਂ ਵਿਚ ਖਿੜਕੀ ਦਰਵਾਜ਼ੇ 'ਤੇ ਜਾਲੀਆਂ ਲੱਗੀਆਂ ਹੋਣ ਤਾਂ ਉਸ ਕਮਰੇ ਵਿਚ ਆਰਾਮ ਕੀਤਾ ਜਾਵੇ। ਸੌਣ ਵੇਲੇ ਮੱਛਰਦਾਨੀ ਦੀ ਵਰਤੋਂ ਕਰੋ। ਪਾਣੀ ਉਬਾਲ ਕੇ ਪੀਓ। ਦਰਦ ਬੁਖ਼ਾਰ ਘਟਾਉਣ ਲਈ ਕੇਵਲ ਪੈਰਾਸਿਟਾਮੋਲ ਦੀ ਗੋਲੀ ਲੈਣੀ ਚਾਹੀਦੀ ਹੈ। ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਬੁਖ਼ਾਰ ਹੋਣ ਦੀ ਹਾਲਤ ਵਿਚ ਕਦੇ ਵੀ ਐੱਸਪ੍ਰੀਨ, ਡਿਸਪ੍ਰੀਨ, ਬਰੂਫਿਨ ਜਾਂ ਕੋਈ ਹੋਰ ਗੋਲੀਆਂ ਨਾ ਲਈਆਂ ਜਾਣ। ਡੇਂਗੂ ਬੁਖ਼ਾਰ ਦੀ ਹਾਲਤ ਵਿਚ ਇਹ ਗੋਲੀਆਂ ਹਾਲਤ ਨੂੰ ਗੰਭੀਰ ਕਰ ਸਕਦੀਆਂ ਹਨ। ਦਵਾਈ ਡਾਕਟਰ ਦੀ ਸਲਾਹ ਨਾਲ ਹੀ ਲਈ ਜਾਵੇ। ਬੁਖ਼ਾਰ ਹੋਣ ਦੀ ਹਾਲਤ ਵਿਚ ਤੁਰੰਤ ਹਸਪਤਾਲ ਵਿਚ ਡਾਕਟਰੀ ਸਲਾਹ ਨਾਲ ਲੋੜੀਂਦੇ ਟੈਸਟ ਆਦਿ ਕਰਵਾ ਕੇ ਇਲਾਜ ਸ਼ੁਰੂ ਕਰਵਾਉਣਾ ਚਾਹੀਦਾ ਹੈ ਅਤੇ ਜ਼ਿਆਦਾ ਆਰਾਮ ਕਰਨਾ ਚਾਹੀਦਾ ਹੈ। ਸੁਣੇ ਸੁਣਾਏ ਘਰੇਲੂ ਇਲਾਜ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

## ਰੋਗੀ ਦੀ ਖ਼ੁਰਾਕ

ਤਰਲ ਪਦਾਰਥ ਜ਼ਿਆਦਾ ਪੀਣੇ ਚਾਹੀਦੇ ਹਨ। ਆਸਾਨੀ ਨਾਲ ਪਚਣ ਵਾਲੇ ਭੋਜਨ ਪਦਾਰਥ, ਦੁੱਧ, ਫਲ, ਸਬਜੀਆਂ ਦਾ ਸੂਪ, ਨਾਰੀਅਲ ਪਾਣੀ, ਘਰ ਵਿਚ ਤਿਆਰ ਕਰਨਾ ਤਾਜ਼ੇ ਫਲਾਂ ਦਾ ਜੂਸ ਆਦਿ ਦਾ ਸੇਵਨ ਵੱਧ ਮਾਤਰਾ ਵਿਚ ਕਰਨਾ ਚਾਹੀਦਾ ਹੈ।

## ਪਲੇਟਲੈੱਟਸ ਦਾ ਪੱਧਰ ਰਹੇ ਕਾਇਮ

ਸਰੀਰ ਵਿਚ ਖ਼ੂਨ ਦੇ ਪਲੇਟਲੈੱਟਸ ਸੈੱਲਾਂ ਦੀ ਘਾਟ ਨੂੰ ਪੂਰਾ ਕਰਨ ਲਈ ਆਪਣੇ ਮਿੱਤਰਾਂ, ਸਕੇ-ਸਬੰਧੀਆਂ ਨੂੰ ਪਹਿਲਾਂ ਹੀ ਕਹਿ ਕੇ ਰੱਖਣਾ ਚਾਹੀਦਾ ਹੈ ਕਿ ਖ਼ੂਨਦਾਨ ਲਈ ਕਦੇ ਵੀ ਜ਼ਰੂਰਤ ਪੈ ਸਕਦੀ ਹੈ। ਇਸ ਲਈ ਹਰੇਕ ਤੰਦਰੁਸਤ ਵਿਅਕਤੀ ਨੂੰ ਸਵੈ-ਇੱਛਾ ਨਾਲ ਖ਼ੂਨਦਾਨ ਲਈ ਅੱਗੇ ਆਉਣਾ ਚਾਹੀਦਾ ਹੈ। ਹੋ ਸਕੇ ਤਾਂ ਆਪਣਾ ਨਾਂ ਐਮਰਜੰਸੀ ਖ਼ੂਨਦਾਨ ਲਈ ਨੇੜਲੇ ਸਰਕਾਰੀ ਹਸਪਤਾਲ ਦੇ ਬਲੱਡ ਬੈਂਕ ਕੋਲ ਜਾਂ ਖ਼ੂਨਦਾਨ ਦੇ ਖ਼ੇਤਰ ਵਿਚ ਕੰਮ ਕਰਦੀ ਕਿਸੇ ਸਵੈ-ਸੇਵੀ ਸੰਸਥਾ ਕੋਲ ਰਜਿਸਟਰ ਕਰਵਾ ਦੇਣਾ ਚਾਹੀਦਾ ਹੈ। ਅਜਿਹੇ ਤਰੀਕਿਆਂ ਨਾਲ ਡੇਂਗੂ ਦੀ ਬਿਮਾਰੀ ਦੀ ਸਮੱਸਿਆ ਤੋਂ ਕਾਫ਼ੀ ਹੱਦ ਤਕ ਬਚਿਆ ਜਾ ਸਕਦਾ ਹੈ। 98557-00157

# ਗਠੀਆ ਤੇ ਡਾਇਬਟੀਜ਼ ਨੂੰ ਦੂਰ ਕਰੇ ਨਿੰਮ



ਨਿੰਮ ਕੌੜੀ ਜ਼ਰੂਰ ਹੁੰਦੀ ਹੈ ਪਰ ਸਿਹਤ ਲਈ ਬਹੁਤ ਫ਼ਾਇਦੇਮੰਦ ਹੈ। ਐਂਟੀ-ਬੈਕਟੀਰੀਅਲ, ਐਂਟੀ-ਫੰਗਲ ਗੁਣਾਂ ਕਾਰਨ ਨਿੰਮ ਦਾ ਇਸਤੇਮਾਲ ਦਵਾਈਆਂ ਤੇ ਬਿਊਟੀ ਪ੍ਰੋਡਕਟ 'ਚ ਵੀ ਕੀਤਾ ਜਾਂਦਾ ਹੈ। ਸਰੀਰ ਨਾਲ ਜੁੜੀਆਂ ਬਹੁਤ ਸਾਰੀਆਂ ਪਰੇਸ਼ਾਨੀਆਂ ਤੋਂ ਇਸ ਦੀ ਵਰਤੋਂ ਨਾਲ ਰਾਹਤ ਪ੍ਰਾਪਤ ਕੀਤੀ ਜਾ ਸਕਦੀ ਹੈ। ਆਓ, ਜਾਣਦੇ ਹਾਂ ਇਸ ਦੇ ਫ਼ਾਇਦਿਆਂ ਬਾਰੇ

## ਡਾਇਬਟੀਜ਼ ਰਹੇ ਕਾਬੂ ਹੇਠ

*ਡਾਇਬਟੀਜ਼ ਦੇ ਰੋਗ 'ਚ ਨਿੰਮ ਬਹੁਤ ਲਾਭਕਾਰੀ ਹੈ। ਰੋਜ਼ ਖ਼ਾਲੀ ਪੇਟ ਨਿੰਮ ਦੀਆਂ 4-5 ਪੱਤੀਆਂ ਖਾਣ ਨਾਲ ਡਾਇਬਟੀਜ਼ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ।*

## ਮਜ਼ਬੂਤ ਹੁੰਦੇ ਨੇ ਮਸੂੜੇ

ਦੰਦਾਂ ਤੇ ਮਸੂੜਿਆਂ ਨਾਲ ਜੁੜੀਆਂ ਪਰੇਸ਼ਾਨੀਆਂ ਤੋਂ ਨਿੰਮ ਦੀ ਦਾਤਣ ਕਰਨ ਨਾਲ ਛੁਟਕਾਰਾ ਪਾਇਆ ਜਾ ਸਕਦਾ ਹੈ। ਅੱਜਕੱਲ੍ਹ ਨਿੰਮ ਵਾਲੇ ਬਹੁਤ ਸਾਰੇ ਟੁੱਥ-ਪੇਸਟ ਵੀ ਬਾਜ਼ਾਰ ਵਿਚ ਆ ਰਹੇ ਹਨ। ਅਜਿਹੀਆਂ ਸਮੱਸਿਆਵਾਂ ਤੋਂ ਬਚਾਅ ਲਈ ਇਨ੍ਹਾਂ ਦੀ ਵੀ ਵਰਤੋਂ ਕੀਤੀ ਜਾ ਸਕਦੀ ਹੈ। ਨਿੰਮ ਨਾਲ ਮੂੰਹ 'ਚ ਬਣ ਰਹੇ ਬੈਕਟੀਰਿਆ ਖ਼ਤਮ ਹੋ ਜਾਂਦੇ ਹਨ। ਇਸ ਨਾਲ ਦੰਦ ਮਜ਼ਬੂਤ ਤੇ ਸਫ਼ੈਦ ਹੁੰਦੇ ਹਨ।

## ਗਠੀਆ ਦੇ ਦਰਦ ਤੋਂ ਰਾਹਤ

ਗਠੀਆ ਜਾਂ ਗਾਊਟ ਰੋਗ ਹੋਣ 'ਤੇ ਜੋੜਾਂ ਦੀ ਸੋਜ਼ਿਸ਼ ਅਤੇ ਦਰਦ ਹੋਣੀ ਸ਼ੁਰੂ ਹੋ ਜਾਂਦੀ ਹੈ। ਨਿੰਮ ਦੇ ਤੇਲ ਦੀ ਰੋਜ਼ਾਨਾ ਮਾਲਿਸ਼ ਕਰਨ ਨਾਲ ਮਾਸਪੇਸ਼ੀਆਂ ਨੂੰ ਕਾਫ਼ੀ ਰਾਹਤ ਮਿਲਦੀ ਹੈ। •

# ਗੁਰਦਿਆਂ ਦੀ ਪੱਥਰੀ ਦੀ ਰੋਕਥਾਮ



ਪੇਟ ਦੇ ਹੇਠਲੇ ਹਿੱਸੇ 'ਚ ਜਾਂ ਪਿਸ਼ਾਬ ਕਰਦੇ ਸਮੇਂ ਤੇਜ਼ ਦਰਦ ਮਹਿਸੂਸ ਹੋਣੀ ਪੱਥਰੀ ਦੀ ਨਿਸ਼ਾਨੀ ਹੋ ਸਕਦੀ ਹੈ। ਇਹ ਇਕ ਇਸ ਤਰ੍ਹਾਂ ਦੀ ਸਮੱਸਿਆ ਹੈ ਜੋ ਕਿਸੇ ਵੀ ਇਨਸਾਨ ਨੂੰ ਹੋ ਸਕਦੀ ਹੈ। ਗੁਰਦਿਆਂ ਦੀ ਪੱਥਰੀ 'ਚ ਜੋ ਦਰਦ ਹੁੰਦੀ ਹੈ ਉਹ ਸਹਿਣ ਨਹੀਂ ਹੁੰਦੀ। ਇਸ ਬਿਮਾਰੀ ਨੂੰ ਜਾਨਣਾ ਤੇ ਇਸ ਤੋਂ ਦੂਰ ਰਹਿਣਾ ਬਹੁਤ ਜ਼ਰੂਰੀ ਹੈ।

ਇਹ ਸਮੱਸਿਆ ਉਸ ਸਮੇਂ ਆਉਂਦੀ ਹੈ ਜਦੋਂ ਗੁਰਦਿਆਂ ਦੇ ਅੰਦਰ ਕੈਲਸ਼ੀਅਮ ਫਾਸਫੇਟ ਤੱਤ ਛੋਟੀਆਂ-ਛੋਟੀਆਂ ਪੱਥਰੀਆਂ ਦੇ ਰੂਪ ਵਿਚ ਜਮ੍ਹਾਂ ਹੋ ਜਾਂਦਾ ਹੈ। ਪੱਥਰੀ ਦੀ ਸਮੱਸਿਆ ਜਾ ਘੱਟ ਜਾਂ ਵਡੇਰੀ ਉਮਰ ਦੇ ਲੋਕਾਂ ਨਾਲ ਕੋਈ ਸਬੰਧ ਨਹੀਂ ਹੈ। ਇਹ ਕਿਸੇ ਵੀ ਉਮਰ ਦੇ ਵਿਅਕਤੀ ਨੂੰ ਹੋ ਸਕਦੀ ਹੈ। ਪਿਸ਼ਾਬ 'ਚ ਪਾਏ ਜਾਣ ਵਾਲੇ ਰਸਾਇਣਕ ਤੱਤਾਂ ਨਾਲ ਕ੍ਰਿਆਵਾਂ ਕਰ ਕੇ ਇਹ ਪੱਥਰੀ ਬਣਦੀ ਹੈ ਅਤੇ ਗੁਰਦੇ ਵਿਚ ਆਪਣਾ ਘਰ ਬਣਾ ਲੈਂਦੀ ਹੈ। ਇਨ੍ਹਾਂ ਤੱਤਾਂ 'ਚ ਐਸਿਡ, ਫਾਸਫੋਰਸ, ਕੈਲਸ਼ੀਅਮ ਆਦਿ ਤੱਤ ਸ਼ਾਮਲ ਹੁੰਦੇ ਹਨ ਲਗਪਗ 90 ਫ਼ੀਸਦੀ ਪੱਥਰੀ ਜ਼ਿਆਦਾ ਕੈਲਸ਼ੀਅਮ ਕਾਰਨ ਹੁੰਦੀ ਹੈ। ਪੱਥਰੀ ਜਦੋਂ ਆਪਣੀ ਜਗ੍ਹਾ ਤੋਂ ਪਿਸ਼ਾਬ ਜ਼ਰੀਏ ਖਾਰਜ ਹੋਣ ਲਈ ਹੇਠਾਂ ਵੱਲ ਨੂੰ ਖਿਸਕਦੀ ਹੈ ਤਾਂ ਇਸ ਦੀ ਰਵੇਦਾਰ ਜਾਂ ਕ੍ਰਿਸਟੇਲਾਈਨ ਬਣਤਰ ਕਾਰਨ ਇਹ ਗੁਰਦੇ ਦੇ ਅੰਦਰ ਜਾਂ ਪਿਸ਼ਾਬ ਵਾਲੀ ਨਾਲੀ (ਯੂਰੇਥਰਾ) ਵਿਚ ਜ਼ਖ਼ਮ ਕਰ ਦਿੰਦੀ ਹੈ, ਜਿਸ ਕਾਰਨ ਤੇਜ਼ ਦਰਦ ਹੁੰਦੀ ਹੈ।

## ਲੱਛਣ

ਗੁਰਦਿਆਂ ਦੀ ਪੱਥਰੀ ਕਾਰਨ ਜ਼ਿਆਦਾਤਰ ਮਰੀਜ਼ਾਂ ਨੂੰ ਪਿੱਠ ਤੋਂ ਪੇਟ ਵੱਲ ਭਿਆਨਕ ਦਰਦ ਹੁੰਦੀ ਹੈ। ਦਰਦ ਕਾਰਨ ਦਿਲ ਘਬਰਾਉਣਾ ਤੇ ਉਲਟੀ ਆਉਣਾ ਆਮ ਗੱਲ ਹੈ। ਇਹ ਦਰਦ ਕੁਝ ਮਿੰਟ ਜਾਂ ਘੰਟਿਆਂ ਬੱਧੀ ਜਾਰੀ ਰਹਿ ਸਕਦੀ ਹੈ ਪਰ ਵਿਚ-ਵਿਚ ਆਰਾਮ ਵੀ ਮਿਲਦਾ ਹੈ। ਗੁਰਦੇ ਦੀ ਦਰਦ ਕਾਰਨ ਕਈ ਵਾਰ ਬੁਖ਼ਾਰ, ਪਸੀਨਾ ਆਉਣਾ, ਪਿਸ਼ਾਬ ਕਰਦੇ ਸਮੇਂ ਦਰਦ ਹੋਣਾ, ਵਾਰ-ਵਾਰ ਤੇ ਇਕਦਮ ਪਿਸ਼ਾਬ ਆਉਣਾ, ਪਿਸ਼ਾਬ ਦਾ ਰੁਕ-ਰੁਕ ਕੇ ਆਉਣਾ, ਪਿਸ਼ਾਬ ਦਾ ਰੰਗ ਬਦਲਣ ਵਰਗੀਆਂ ਅਲਾਮਤਾਂ ਪੈਦਾ ਹੋ ਸਕਦੀਆਂ ਹਨ।

## ਉਪਾਅ

ਗੁਰਦਿਆਂ ਦੀ ਪੱਥਰੀ ਹੋਣ 'ਤੇ ਖਾਣ-ਪੀਣ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ। ਪੱਥਰੀ ਦੇ ਮਰੀਜ਼ ਨੂੰ ਦਿਨ 'ਚ ਘੱਟ ਤੋਂ ਘੱਟ 5-6 ਲਿਟਰ ਪਾਣੀ ਪੀਣਾ ਚਾਹੀਦਾ ਹੈ ਤਾਂ ਕਿ 2 ਤੋਂ 2.5 ਲਿਟਰ ਪਿਸ਼ਾਬ ਬਣੇ। ਜ਼ਿਆਦਾ ਪਿਸ਼ਾਬ ਬਣਨ ਨਾਲ ਛੋਟੀਆਂ-ਛੋਟੀਆਂ ਪੱਥਰੀਆਂ ਪਿਸ਼ਾਬ ਜ਼ਰੀਏ ਬਾਹਰ ਨਿਕਲ ਜਾਂਦੀਆਂ ਹਨ। ਖਾਣੇ 'ਚ ਪ੍ਰੋਟੀਨ, ਨਾਈਟ੍ਰੋਜਨ ਤੇ ਸੋਡੀਅਮ ਦੀ ਮਾਤਰਾ ਘੱਟ ਹੋਵੇ। •

## ਕਾਰਨ

*ਪਿਸ਼ਾਬ 'ਚ ਜ਼ਿਆਦਾ ਖਣਿਜ ਪਦਾਰਥਾਂ ਦੇ ਇੱਕਠੇ ਹੋਣਾ ਵੀ ਪੱਥਰੀ ਦੇ ਬਣਨ ਦਾ ਮੁੱਖ ਕਾਰਨ ਹੈ। ਇਹ ਖਣਿਜ ਪਦਾਰਥ ਕ੍ਰਿਸਟਲਜ਼ ਦੇ ਰੂਪ 'ਚ ਗੁਰਦੇ ਦੇ ਅੰਦਰ ਲਗਾਤਾਰ ਜਮ੍ਹਾਂ ਹੁੰਦੇ ਰਹਿੰਦੇ ਹਨ ਅਤੇ ਇਹ ਕ੍ਰਿਸਟਲ ਜਾਂ ਰਵੇਂ ਬਾਅਦ ਵਿਚ ਪੱਥਰੀ ਦਾ ਰੂਪ ਲੈ ਲੈਂਦੇ ਹਨ। ਕੈਲਸ਼ੀਅਮ ਅਤੇ ਹੋਰਨਾਂ ਖਣਿਤ ਪਦਾਰਥਾਂ ਦੇ ਲਗਾਤਾਰ ਇਕ ਤੋਂ ਉੱਪਰ ਇਕ ਜਮ੍ਹਾਂ ਹੋਈ ਜਾਣ ਕਾਰਨ ਹੌਲੀ-ਹੌਲੀ ਇਨ੍ਹਾਂ ਪੱਥਰੀਆਂ ਦਾ ਆਕਾਰ ਵਧਦਾ ਜਾਂਦਾ ਹੈ। ਇਹ ਖਣਿਜ ਪਾਣੀ ਦੇ ਜ਼ਰੀਏ ਵੀ ਸਾਡੇ ਸਰੀਰ ਅੰਦਰ ਦਾਖ਼ਲ ਹੋ ਸਕਦੇ ਹਨ। ਇਸ ਤੋਂ ਲਿਾਵਾ ਕੁਝ ਸਬਜ਼ੀਆਂ ਜਿਵੇਂ-ਪਾਲਕ, ਅਰਬੀ ਦੇ ਪੱਤੇ, ਟਮਾਟਰਾ ਆਦਿ 'ਚ ਵੀ ਕਾਫੀ ਖਣਿਜ ਹੁੰਦੇ ਹਨ। ਪੱਥਰੀ ਤੋਂ ਪੀੜਤ ਰੋਗੀਆਂ ਨੂੰ ਇਨ੍ਹਾਂ ਚੀਜ਼ਾਂ ਦੀ ਵਰਤੋਂ ਨਹੀ ਕਰਨੀ ਚਾਹੀਦੀ। ਇਸ ਤੋਂ ਇਲਾਵਾ ਪਾਣੀ ਘੱਟ ਮਾਤਰਾ 'ਚ ਪੀਣ ਨਾਲ ਵੀ ਪੱਥਰੀ ਦੀ ਸਮੱਸਿਆ ਦਾ ਖ਼ਤਰਾ ਵਧ ਜਾਂ ਹੈ। ਕੈਫੀਨ ਅਤੇ ਸ਼ਰਾਬ ਦੀ ਜ਼ਿਆਦਾ ਵਰਤੋਂ ਵੀ ਪੱਧਰੀ ਹੋਣ ਦੀਆਂ ਸੰਭਾਵਨਾਵਾਂ ਨੂੰ ਵਧਾ ਦਿੰਦੀ ਹੈ।*



# ਅੰਗਰੇਜ਼ੀ ਚਾਹ ਦੀ ਥਾਂ ਪੀਓ ਦੇਸੀ ਚਾਹ

***ਦੇਸੀ ਚਾਹ, ਦਿਲ, ਦਿਮਾਗ਼ ਤੇ ਮਿਹਦੇ ਨੂੰ ਤਾਕਤ ਦਿੰਦੀ ਹੈ। ਮਾਨਸਿਕ ਤਣਾਅ ਤੋਂ ਬਚਾਉਂਦੀ ਹੈ ...***

ਨਿਰਮਲ ਸਿੰਘ ਕਾਹਲੋਂ

ਜੇ ਨਸ਼ੇ ਕਰਨੇ ਛੱਡ ਦਿੱਤੇ ਹਨ ਅਤੇ ਚਾਹ ਪੀਣੀ ਵੀ ਛੱਡ ਦਿੱਤੀ ਹੈ ਤਾਂ ਆਪ ਹੀ ਦੇਸੀ ਚਾਹ ਬਣਾ ਕੇ ਵਰਤ ਸਕਦੇ ਹੋ। ਇਸ ਨੂੰ ਚਾਹ ਤਾਂ ਕਹਿ ਦਿੰਦੇ ਹਨ ਪਰ ਇਹ ਚਾਹ ਨਹੀਂ ਹੈ, ਇਹ ਸਿਰਫ਼ ਕਾਲੀ ਜਾਂ ਅੰਗਰੇਜ਼ੀ ਚਾਹ (ਟੀ) ਦਾ ਬਦਲ ਹੈ। ਚਾਹ ਪੱਤੀ ਦੀ ਥਾਂ ਦੇਸੀ ਚਾਹ ਵਿਚ ਕਈ ਬੇਸ਼ਕੀਮਤੀ ਗੁਣਾਂ ਵਾਲੀਆਂ ਜੜ੍ਹੀਆਂ ਬੂਟੀਆਂ ਹੋਣ ਕਾਰਨ ਇਹ ਸਰੀਰ ਨੂੰ ਕਈ ਰੋਗਾਂ ਤੋਂ ਬਚਾਉਂਦੀ ਹੈ।

## ਕਾਲੀ ਚਾਹ ਦਾ ਬਦਲ

ਸਿੰਘਾਂ ਦੀ ਭਾਸ਼ਾ ਵਿਚ ਇਸ ਨੂੰ 'ਗਰਮ ਜਲ' ਕਹਿੰਦੇ ਹਨ। ਸਾਰੀ ਸਮੱਗਰੀ ਨੂੰ ਧੁੱਪ ਲਵਾ ਕੇ ਦਰੜ ਕਰ ਕੇ ਤੇ ਮਿਲਾ ਕੇ ਡੱਬੇ ਵਿਚ ਪਾ ਲਵੋ। ਦੇਸੀ ਚਾਹ ਪੱਤੀ ਤਿਆਰ ਹੈ। ਲੋੜ ਅਨੁਸਾਰ ਕੋਈ ਵਸਤੂ ਘੱਟ-ਵੱਧ ਵੀ ਕਰ ਸਕਦੇ ਹੋ। ਇਸ ਵਿੱਚੋਂ ਇਕ ਚਮਚ ਇਕ ਗਲਾਸ ਪਾਣੀ ਵਿਚ ਉਬਾਲ ਕੇ ਪੁਣ ਲਵੋ ਤੇ ਮਿੱਠਾ, ਦੁੱਧ ਪਾ ਕੇ ਜਾਂ ਥੋੜ੍ਹਾ ਨਿੰਬੂ ਨਿਚੋੜ ਕੇ ਪੀ ਸਕਦੇ ਹੋ। ਚਾਹ ਵਿਚ ਦੁੱਧ ਪਾਉਣ ਦਾ ਕੋਈ ਫ਼ਾਇਦਾ ਨਹੀਂ। ਦੁੱਧ ਤਾਂ ਚਾਹ ਦਾ ਸਵਾਦ ਵੀ ਨਹੀਂ ਬਦਲ ਸਕਦਾ, ਸਿਰਫ਼ ਰੰਗ ਹੀ ਬਦਲਦਾ ਹੈ। ਨਿੰਬੂ ਨਿਚੋੜਨ ਨਾਲ ਚਾਹ ਦਾ ਸਵਾਦ ਵੀ ਬਦਲ ਜਾਂਦਾ ਹੈ ਤੇ ਗੁਣਵੱਤਾ 'ਚ ਵੀ ਵਾਧਾ ਹੁੰਦਾ ਹੈ। ਲਗਾਤਾਰ ਨਿੰਬੂ ਦਾ ਰਸ ਦੇਸੀ ਚਾਹ ਵਿਚ ਪਾ ਕੇ ਪੀਣ ਨਾਲ ਮੋਟਾਪੇ ਕਾਰਨ, ਨਸ਼ੇ ਜਾਂ ਚਾਹ (ਟੀ) ਪੀਣ ਕਾਰਨ ਖ਼ੂਨ ਦੀਆਂ ਸਖ਼ਤ ਹੋਈਆਂ ਨਾੜਾਂ ਸਮਾਂ ਪਾ ਕੇ ਲਚਕਦਾਰ ਹੋ ਜਾਂਦੀਆਂ ਹਨ। ਖ਼ੂਨ ਦਾ ਸੰਚਾਰ ਠੀਕ ਹੁੰਦਾ ਹੈ ਅਤੇ ਦਿਲ ਦੇ ਭਿਆਨਕ ਰੋਗਾਂ ਦਾ ਖ਼ਤਰਾ ਵੀ ਟਲਦਾ ਹੈ। ਸਾਹ ਦੇ ਰੋਗਾਂ ਤੋਂ ਪੀੜਤ ਵਿਅਕਤੀ ਦੇਸੀ ਚਾਹ ਵਿਚ ਨਿੰਬੂ ਦਾ ਰਸ ਨਾ ਪਾਉਣ।

## ਜੜ੍ਹੀ ਬੂਟੀਆਂ ਗੁਣਕਾਰੀ

### *ਮੁਲੱਠੀ*

ਸਾਹ ਦੇ ਰੋਗੀਆਂ ਲਈ ਇਹ ਇਕ ਗੁਣਕਾਰੀ ਜੜ੍ਹੀ-ਬੂਟੀ ਹੈ ਅਤੇ ਅਰੋਗ ਵਿਅਕਤੀ ਨੂੰ ਸਾਹ ਪ੍ਰਣਾਲੀ ਸਬੰਧੀ ਰੋਗਾਂ ਤੋਂ ਬਚਾਉਂਦੀ ਹੈ।

### *ਦਾਲਚੀਨੀ*

ਦਾਲਚੀਨੀ ਦਿਲ ਦੇ ਰੋਗੀਆਂ ਲਈ ਬੇਹੱਦ ਲਾਭਦਾਇਕ ਹੈ। ਦਿਲ ਦੇ ਰੋਗੀ ਹਰ ਰੋਜ਼ ਦਾਲਚੀਨੀ ਦੇ ਪਾਊਡਰ ਦਾ ਇਕ ਛੋਟਾ ਚਮਚ ਦੇਸੀ ਚਾਹ ਨਾਲ ਖਾ ਸਕਦੇ ਹਨ।

### *ਸੌਂਫ*

ਇਹ ਨੀਂਦ ਵਧਾਉਂਦੀ ਹੈ ਅਤੇ ਮਾਨਸਿਕ ਤਣਾਅ ਨੂੰ ਘੱਟ ਕਰਦੀ ਹੈ। ਰੋਜ਼ਾਨਾ ਦਿਨ ਵਿਚ 2 ਤੋਂ 3 ਵਾਰ ਸੌਂਫ ਵਾਲੀ ਚਾਹ ਬਣਾ ਕੇ ਪੀਣ ਨਾਲ 3 ਮਹੀਨਿਆਂ ਬਾਅਦ ਖੁੱਲ੍ਹ ਕੇ ਨੀਂਦ ਆਉਣ ਲੱਗਦੀ ਹੈ ਅਤੇ ਮਾਨਸਿਕ ਤਣਾਅ ਵੀ ਘੱਟੇਗਾ। ਸਾਰੀ ਉਮਰ ਸੌਂਫ ਵਾਲੀ ਚਾਹ ਪੀ ਸਕਦੇ ਹੋ, ਇਸ ਦਾ ਕੋਈ ਨੁਕਸਾਨ ਨਹੀਂ ਹੁੰਦਾ।

### *ਤੁਲਸੀ*

ਇਸ ਦੀ ਲਗਾਤਾਰ ਵਰਤੋਂ ਹਰ ਕਿਸਮ ਦੇ ਬੁਖ਼ਾਰ ਤੋਂ ਬਚਾਉਂਦੀ ਹੈ। ਹਰ ਰੋਜ਼ ਤੁਲਸੀ ਦੇ 10-12 ਹਰੇ ਪੱਤੇ ਖਾਣ ਨਾਲ ਕਿਸੇ ਕਿਸਮ ਦਾ ਬੁਖ਼ਾਰ ਨਹੀਂ ਹੁੰਦਾ।

### *ਬ੍ਰਹਮੀ ਬੂਟੀ*

ਇਹ ਆਮ ਤੌਰ 'ਤੇ ਖੂਹਾਂ ਜਾਂ ਪਾਣੀ ਦੀ ਬਹੁਤਾਤ ਵਾਲੀਆਂ ਥਾਵਾਂ 'ਤੇ ਪੈਦਾ ਹੋਣ ਵਾਲੀ ਬੂਟੀ ਹੈ। ਇਹ ਯਾਦਦਾਸ਼ਤ ਨੂੰ ਵਧਾਉਂਦੀ ਹੈ। ਬ੍ਰਹਮੀ ਬੂਟੀ ਨੂੰ ਰਾਤ ਸਮੇਂ ਭਿਉਂ ਕੇ ਸਵੇਰ ਨੂੰ ਨਿਚੋੜ ਲਵੋ। ਇਸ ਦੇ ਪਾਣੀ ਨੂੰ ਮਗਜ਼, ਬਦਾਮ, ਛੋਟੀ ਇਲਾਇਚੀ ਤੇ ਮੱਖਣ ਨਾਲ ਮਿਲਾ ਕੇ ਵਰਤੋ, ਦਿਮਾਗ਼ੀ ਸ਼ਕਤੀ ਵਿਚ ਵਾਧਾ ਹੋਵੇਗਾ।

### *ਤੇਜ਼ ਪੱਤਰ*

ਸ਼ੂਗਰ ਦੇ ਰੋਗੀਆਂ ਲਈ ਗੁਣਕਾਰੀ ਹਨ ਅਤੇ ਸਾਹ ਸਬੰਧੀ ਤਕਲੀਫ਼ਾਂ ਤੋਂ ਬਚਾਉਂਦੇ ਹਨ।

### *ਦੇਸੀ ਚਾਹ ਦੇ ਫ਼ਾਇਦੇ*

ਦੇਸੀ ਚਾਹ ਵਿਚ ਕਿਸੇ ਕਿਸਮ ਦਾ ਜ਼ਹਿਰੀਲਾ ਤੱਤ ਜਾਂ ਨਸ਼ੇ ਵਾਲੀ ਸਮਗਰੀ ਨਹੀਂ ਹੈ। ਇਸ ਦਾ ਸਰੀਰ ਉੱਤੇ ਕੋਈ ਵੀ ਮਾੜਾ ਅਸਰ ਨਹੀਂ ਪੈਂਦਾ। ਇਹ ਸਸਤੀ ਵੀ ਹੈ ਤੇ ਇਸ 'ਚ ਮਿਲਾਵਟ ਵੀ ਕੋਈ ਨਹੀਂ ਹੈ। ਇਹ ਸਿਹਤ ਲਈ ਲਾਭਦਾਇਕ ਹੈ ਤੇ ਕਈ ਲਾਇਲਾਜ਼ ਰੋਗਾਂ ਤੋਂ ਬਚਾਉਂਦੀ ਹੈ। ਬੜੀ ਮਹਿੰਗੀ ਅਤੇ ਸਰੀਰ ਲਈ ਹਾਨੀਕਾਰਕ ਅੰਗਰੇਜ਼ੀ ਚਾਹ (ਟੀ) ਪੀਣੀ ਛੱਡ ਕੇ ਕਿਉਂ ਨਾ ਸਸਤੀ ਤੇ ਸਰੀਰ ਲਈ ਲਾਭਦਾਇਕ ਦੇਸੀ ਚਾਹ ਪੀਤੀ ਜਾਵੇ? ਦੇਸੀ ਚਾਹ ਦਿਲ, ਦਿਮਾਗ਼ ਤੇ ਮਿਹਦੇ ਨੂੰ ਤਾਕਤ ਦਿੰਦੀ ਹੈ। ਮਾਨਸਿਕ ਤਣਾਅ ਤੋਂ ਬਚਾਉਂਦੀ ਹੈ। ਦੇਸੀ ਚਾਹ ਰੋਗੀਆਂ ਦੇ ਰੋਗ ਕੱਟਦੀ ਹੈ ਤੇ ਅਰੋਗ ਪੀਵੇਗਾ ਤਾਂ ਰੋਗਾਂ ਤੋਂ ਬਚੇਗਾ। ਬੱਚਾ, ਬਜ਼ੁਰਗ, ਇਸਤਰੀ, ਪੁਰਸ਼ ਹਰ ਉਮਰ ਦਾ ਵਿਅਕਤੀ ਦੇਸੀ ਚਾਹ ਪੀ ਸਕਦਾ ਹੈ।

ਅੱਜਕੱਲ੍ਹ ਆਮ ਆਦਮੀ ਦੇ ਨਾਸ਼ਤੇ ਵਿਚ ਇਕ ਕੱਪ ਚਾਹ ਤੇ ਦੋ ਬਿਸਕੁਟ ਹੁੰਦੇ ਹਨ। ਫਿਰ ਸਾਰਾ ਦਿਨ ਚਾਹ, ਚਾਹ ਅਤੇ ਚਾਹ। ਸਾਡਾ ਖਾਣਾ-ਪੀਣਾ ਹੀ ਬਦਲ ਗਿਆ ਹੈ ਤੇ ਇਹੀ ਰੋਗਾਂ ਦਾ ਵੱਡਾ ਕਾਰਨ ਹੈ। ਅੰਗਰੇਜ਼ੀ ਚਾਹ ਦੀ ਥਾਂ ਪੁਰਾਤਨ ਸਮਿਆਂ ਤੋਂ ਚੱਲੀ ਆ ਰਹੀ ਦੇਸੀ ਚਾਹ ਨੂੰ ਅਪਣਾ ਕੇ ਅਸੀਂ ਇਸ 'ਚ ਮੌਜੂਦ ਗੁਣਕਾਰੀ ਬੂਟੀਆਂ ਦੇ ਫ਼ਾਇਦੇ ਲੈ ਸਕਦੇ ਹਾਂ ਤੇ ਅਰੋਗ ਜੀਵਨ ਵੱਲ ਕਦਮ ਵਧਾ ਸਕਦੇ ਹਾਂ।

88729-46618



# ਇਨ੍ਹਾਂ ਕਾਰਨਾਂ ਕਰਕੇ ਹੁੰਦੀ ਹੈ ਖ਼ਾਰਿਸ਼

ਜਿਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਕਈ ਲੋਕਾਂ ਦੇ ਸਰੀਰ 'ਤੇ ਬਹੁਤ ਜ਼ਿਆਦਾ ਖ਼ਾਰਿਸ਼ ਆਉਣੀ ਸ਼ੁਰੂ ਹੋ ਜਾਂਦੀ ਹੈ। ਜਿਸ ਕਰਕੇ ਹੋਰ ਕਈ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਖ਼ਾਰਿਸ਼ ਚਮੜੀ ਨਾਲ ਜੁੜੀ ਇਕ ਬਿਮਾਰੀ ਹੈ। ਇਹ ਇਕ ਤਰ੍ਹਾਂ ਦਾ ਫੰਗਲ ਇਨਫੈਕਸ਼ਨ ਹੁੰਦਾ ਹੈ, ਜੋ ਸਰੀਰ ਦੇ ਕਿਸੀ ਵੀ ਹਿੱਸੇ 'ਤੇ ਹੋ ਸਕਦਾ ਹੈ। ਖ਼ਾਰਿਸ਼ ਦੇ ਨਾਲ-ਨਾਲ ਜਲਣ ਵੀ ਹੋਣੀ ਸ਼ੁਰੂ ਹੋ ਜਾਂਦੀ ਹੈ। ਹੈ।

## ਚਮੜੀ 'ਤੇ ਜਲਣ ਹੋਣੀ

ਜੇ ਤੁਹਾਡੇ ਸਰੀਰ ਦੇ ਕਿਸੇ ਵੀ ਹਿੱਸੇ 'ਤੇ ਜਲਨ ਹੋ ਰਹੀ ਹੈ ਤਾਂ ਇਹ ਦੱਦ ਜਾਂ ਦੱਦਰੀ ਜਾਂ ਐਗਜ਼ੀਮਾ ਹੋ ਸਕਦਾ ਹੈ ਤੇ ਸਿਰੋਸਿਸ ਕਾਰਨ ਸਰੀਰ 'ਤੇ ਲਾਲ ਦਾਣੇ ਨਿਕਲਣੇ ਸ਼ੁਰੂ ਹੋ ਜਾਂਦੇ ਹਨ ਤੇ ਹੌਲੀ-ਹੌਲੀ ਵਧਣੇ ਸ਼ੁਰੂ ਹੋ ਜਾਂਦੇ ਹਨ।

## ਜਾਨਵਰਾਂ ਤੋਂ ਐਲਰਜੀ ਜਾਂ ਧੂੜ-ਮਿੱਟੀ ਤੋਂ ਐਲਰਜੀ

ਧੂੜ ਅਤੇ ਮਿੱਟੀ ਦੇ ਕਣ ਜਾਂ ਕਿਸੇ ਵੀ ਜਾਨਵਰ ਦੇ ਕਿਟਾਣੂ ਸਾਡੇ ਸਾਹ ਰਾਹੀਂ ਫ਼ੇਫੜਿਆਂ ਵਿਚ ਜਾਂ ਕੇ ਸਾਡੇ ਖ਼ੂਨ 'ਚ ਮੌਜੂਦ ਐਂਟੀਬਾਡੀਜ਼ ਨਾਲ ਰਿਐਕਸ਼ਨ ਪੈਦਾ ਕਰ ਦਿੰਦੇ ਹਨ। ਜਿਸ ਕਾਰਨ ਸਰੀਰ ਉੱਪਰ ਤੇਜ਼ ਖ਼ਾਰਿਸ਼ ਪੈਦਾ ਹੋ ਜਾਂਦੀ ਹੈ। ਖ਼ਾਰਿਸ਼ ਕਰਨ ਦੌਰਾਨ ਚਮੜੀ ਉੱਪਰ ਵੱਡੇ ਧੱਫੜ ਪੈਦਾ ਹੋ ਸਕਦੇ ਹਨ।

ਨਹੁੰਆਂ ਨਾਲ ਖ਼ਾਰਿਸ਼ ਕਰਦਿਆਂ ਜ਼ਖ਼ਮ ਜਾਂ ਇਨਫੈਕਸ਼ਨ ਹੋਣ ਦੀਆਂ ਸੰਭਾਵਨਾਵਾਂ ਵੀ ਵੱਧ ਜਾਂਦੀਆਂ ਹਨ।



## ਖ਼ਾਰਿਸ਼ ਹੋਣਾ

ਘਰਾਂ ਵਿਚ ਪਾਲੇ ਜਾਣ ਵਾਲੇ ਪਾਲਤੂ ਜਾਨਵਰ ਬਿੱਲੀ, ਕੁੱਤਾ, ਖ਼ਰਗੋਸ਼ ਦੀ ਇਨਫੈਕਟਿਡ ਸਕਿਨ ਦੇ ਸੰਪਰਕ 'ਚ ਆਉਣ ਨਾਲ ਖ਼ਾਰਿਸ਼, ਐਲਰਜੀ ਜਾਂ ਐਗਜ਼ੀਮਾ ਹੋਣ ਦਾ ਖ਼ਤਰਾ ਰਹਿੰਦਾ ਹੈ।

• ਫੀਚਰ ਡੈਸਕ

## ਵਿਧਾਇਕ ਕੁਲਵੰਤ ਸਿੰਘ ਨੇ ਲੋਕਾਂ ਦੇ ਮਸਲੇ ਸੁਣ ਕੇ ਮੌਕੇ 'ਤੇ ਕੀਤੇ ਹੱਲ

# ਲੋਕ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਜਨ ਸੁਵਿਧਾ ਕੈਂਪਾਂ ਦਾ ਲਾਭ ਜ਼ਰੂਰ ਲੈਣ : ਵਿਧਾਇਕ ਕੁਲਵੰਤ ਸਿੰਘ

**ਪਾਤੜਾਂ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਵਿਧਾਇਕ ਕੁਲਵੰਤ ਸਿੰਘ ਨਿਆਲ ਵਿਖੇ ਲਗਾਏ ਜਨ ਸੁਵਿਧਾ ਕੈਂਪ ਦੌਰਾਨ ਲੋਕਾਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰਦੇ ਹੋਏ।

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਲੋਕਾਂ ਨੂੰ ਘਰਾਂ ਦੇ ਨੇੜੇ ਹੀ ਪ੍ਰਸ਼ਾਸਨਿਕ ਸੇਵਾਵਾਂ ਉਪਲਬੱਧ ਕਰਵਾਉਣ ਦੇ ਮਕਸਦ ਨਾਲ ਸ਼ੁਰੂ ਕਰਵਾਈ 'ਆਪ ਦੀ ਸਰਕਾਰ ਆਪ ਦੇ ਦੁਆਰ' ਮੁਹਿੰਮ ਤਹਿਤ ਅੱਜ ਤਹਿਸੀਲ ਪਾਤੜਾਂ ਦੇ ਨਿਆਲ ਵਿਖੇ ਜਨ ਸੁਵਿਧਾ ਕੈਂਪ ਲਗਾਇਆ ਗਿਆ। ਇਸ ਮੌਕੇ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਨੇ ਲੋਕਾਂ ਦੇ ਮਸਲੇ ਸੁਣ ਕੇ ਮੌਕੇ 'ਤੇ ਹੀ ਹੱਲ ਕੀਤੇ। ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਨੇ ਆਪ ਦੀ ਸਰਕਾਰ ਆਪ ਦੇ ਦੁਆਰ ਤਹਿਤ ਜਨ ਸੁਵਿਧਾ ਕੈਂਪ ਲਗਾਉਣ ਦਾ ਅਹਿਮ ਉਪਰਾਲਾ ਕੀਤਾ ਹੈ, ਜਿਸ ਨਾਲ ਲੋਕਾਂ ਦੀ ਖੱਜਲ ਖੁਆਰੀ ਖ਼ਤਮ ਹੋਈ ਹੈ। ਉਨ੍ਹਾਂ ਕਿਹਾ ਕਿ ਅਜਿਹੇ ਕੈਂਪ ਹਰੇਕ ਹਫ਼ਤੇ ਲਗਾਏ ਜਾ ਰਹੇ ਹਨ, ਜਿਥੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਇੱਕੋਂ ਛੱਤ ਥੱਲੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਦੇ ਹਨ ਤੇ ਮੌਕੇ 'ਤੇ ਹੱਲ ਹੋਣ ਵਾਲੀਆਂ ਸਮੱਸਿਆਵਾਂ ਨੂੰ ਹੱਲ ਕੀਤਾ ਜਾਂਦਾ ਹੈ ਤੇ ਰਹਿੰਦੇ ਮਸਲਿਆਂ ਨੂੰ ਸਮਾਂਬੱਧ ਹੱਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਥੇ ਜਨ ਸੁਵਿਧਾ ਕੈਂਪ ਲਗਾਏ ਜਾਂਦੇ ਹਨ ਉਥੇ ਸਬੰਧਤ ਇਲਾਕਿਆਂ ਦੇ ਲੋਕ ਇਨ੍ਹਾਂ ਕੈਂਪਾਂ ਦਾ ਲਾਭ ਜਰੂਰ ਉਠਾਉਣ ਅਤੇ ਆਪਣੇ ਦਸਤਾਵੇਜ ਪਹਿਲਾ ਹੀ ਤਿਆਰ ਰੱਖਣ।

ਕੈਂਪ ਦੌਰਾਨ ਤਹਿਸੀਲਦਾਰ ਹਰਸਿਮਰਨ ਸਿੰਘ ਨੇ ਦੱਸਿਆ ਕਿ ਜਨ ਸੁਵਿਧਾ ਕੈਂਪ ਦੌਰਾਨ ਜ਼ਿਲ੍ਹੇ ਦੇ ਸਮੂਹ ਵਿਭਾਗ ਸ਼ਾਮਲ ਸਨ, ਜਿਨ੍ਹਾਂ 'ਚ ਖੁਰਾਕ ਤੇ ਸਿਵਲ ਸਪਲਾਈ, ਸੀ.ਡੀ.ਪੀ.ਓ ਦਫ਼ਤਰ, ਬੀ.ਡੀ.ਪੀ.ਓ ਦਫ਼ਤਰ, ਤਹਿਸੀਲ ਦਫ਼ਤਰ, ਖੇਤੀਬਾੜੀ ਵਿਭਾਗ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਰਹੇ, ਜਿਨ੍ਹਾਂ ਨੇ ਲੋਕਾਂ ਦੇ ਮਸਲੇ ਨਿਬੇੜੇ ਅਤੇ ਮੌਕੇ 'ਤੇ ਹੀ ਲੋਕਾਂ ਨੂੰ ਸਰਕਾਰੀ ਸੇਵਾਵਾਂ ਪ੍ਰਦਾਨ ਕੀਤੀਆਂ।

# 2014 ਬੈਚ ਦੇ ਸੀਨੀਅਰ ਆਈ.ਏ.ਐਸ. ਅਧਿਕਾਰੀ ਡਾ. ਪ੍ਰੀਤੀ ਯਾਦਵ ਨੇ ਪਟਿਆਲਾ ਦੇ ਡਿਪਟੀ ਕਮਿਸ਼ਨਰ ਵਜੋਂ ਸੰਭਾਲਿਆ ਅਹੁਦਾ

**ਪਟਿਆਲਾ, 16 ਸਤੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**





ਪਟਿਆਲਾ ਦੇ ਨਵੇਂ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲਣ ਤੋਂ ਪਹਿਲਾਂ ਸੀਨੀਅਰ ਆਈ.ਏ.ਐਸ. ਅਧਿਕਾਰੀ ਡਾ. ਪ੍ਰੀਤੀ ਯਾਦਵ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੁਲਿਸ ਟੁਕੜੀ ਤੋਂ ਸਲਾਮੀ ਲੈਂਦੇ ਹੋਏ।

2014 ਬੈਚ ਦੇ ਸੀਨੀਅਰ ਆਈ.ਏ.ਐਸ. ਅਧਿਕਾਰੀ ਡਾ. ਪ੍ਰੀਤੀ ਯਾਦਵ ਨੇ ਅੱਜ ਪਟਿਆਲਾ ਦੇ ਨਵੇਂ ਡਿਪਟੀ ਕਮਿਸ਼ਨਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਨੇ ਸ਼ੌਕਤ ਅਹਿਮਦ ਪਰੇ ਦੀ ਜਗ੍ਹਾ ਇਹ ਅਹੁਦਾ ਸੰਭਾਲਿਆ ਹੈ, ਜਿਨ੍ਹਾਂ ਦੀ ਬਦਲੀ ਡੀ.ਸੀ. ਬਠਿੰਡਾ ਵਜੋਂ ਹੋਈ ਹੈ।

ਡਾ. ਪ੍ਰੀਤੀ ਯਾਦਵ ਨੇ ਆਪਣਾ ਅਹੁਦਾ ਸੰਭਾਲਣ ਉਪਰੰਤ ਕਿਹਾ ਕਿ, 'ਪਟਿਆਲਾ ਜ਼ਿਲ੍ਹਾ ਉਨ੍ਹਾਂ ਲਈ ਨਵਾਂ ਨਹੀਂ ਹੈ ਕਿਉਂਕਿ ਉਹ ਪਹਿਲਾਂ ਵੀ ਇੱਥੇ ਬਤੌਰ ਏ.ਡੀ.ਸੀ. ਸੇਵਾਵਾਂ ਨਿਭਾ ਚੁੱਕੇ ਹਨ ਅਤੇ ਉਹ ਜ਼ਿਲ੍ਹੇ ਬਾਰੇ ਚੰਗੀ ਤਰ੍ਹਾਂ ਜਾਣੂ ਹਨ।' ਡਾ. ਯਾਦਵ ਨੇ ਕਿਹਾ ਕਿ ਹੁਣ ਉਨ੍ਹਾਂ ਨੂੰ ਦੁਬਾਰਾ ਪਟਿਆਲਾ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਤਾਂ ਉਨ੍ਹਾਂ ਦੀ ਇਹ ਮੁੱਖ ਤਰਜੀਹ ਰਹੇਗੀ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਅਤੇ ਲੋਕਾਂ ਦੀ ਮੰਗਾਂ ਨੂੰ ਸਮਝਕੇ ਜ਼ਿਲ੍ਹੇ ਦਾ ਵਿਕਾਸ ਕੀਤਾ ਜਾਵੇ ਅਤੇ ਪੰਜਾਬ ਸਰਕਾਰ ਦੀਆਂ ਸਾਰੀਆਂ ਸਕੀਮਾਂ ਦਾ ਲਾਭ ਲੋਕਾਂ ਲਈ ਹੇਠਲੇ ਪੱਧਰ ਤੱਕ ਪੁੱਜਦਾ ਕੀਤਾ ਜਾਵੇ।

ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹੇ ਦੇ ਵਸਨੀਕਾਂ ਨੂੰ ਖੁੱਲ੍ਹਾ ਸੱਦਾ ਦਿੱਤਾ ਕਿ ਉਹ ਜ਼ਿਲ੍ਹੇ ਵਿੱਚ ਹੋਰ ਸੁਧਾਰ ਲਿਆਉਣ ਲਈ ਆਪਣੇ ਸੁਝਾਉ ਉਨ੍ਹਾਂ ਨੂੰ ਦੇਣ ਤਾਂ ਕਿ ਜ਼ਿਲ੍ਹੇ ਨੂੰ ਹੋਰ ਅੱਗੇ ਬੁਲੰਦੀਆਂ 'ਤੇ ਲਿਜਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਸੁਧਾਰ ਲਈ ਸੁਝਾਓ ਡਿਪਟੀ ਕਮਿਸ਼ਨਰ ਦਫ਼ਤਰ ਦੀ ਈ.ਮੇਲ dc.ptl@punjab.gov.in ਉਪਰ ਭੇਜੇ ਜਾ ਸਕਦੇ ਹਨ, ਉਹ ਆਪਣੀ ਈਮੇਲ ਖ਼ੁਦ ਦੇਖਦੇ ਹਨ ਅਤੇ ਆਏ ਸੁਝਾਵਾਂ ਉਪਰ ਤੁਰੰਤ ਅਮਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਕੋਈ ਤਕਲੀਫ਼ ਜਾਂ ਕਿਸੇ ਸਰਕਾਰੀ ਦਫ਼ਤਰ ਨਾਲ ਸਬੰਧਤ ਕੋਈ ਮੁਸ਼ਕਿਲ ਹੈ, ਤਾਂ ਉਸ ਦੇ ਹੱਲ ਲਈ ਵੀ ਲੋਕਾਂ ਲਈ ਉਨ੍ਹਾਂ ਦਾ ਦਫ਼ਤਰ ਸਦਾ ਖੁੱਲ੍ਹਾ ਹੈ।

ਡਾ. ਪ੍ਰੀਤੀ ਯਾਦਵ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਦੇ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਹਰਿਆ-ਭਰਿਆ ਬਣਾਕੇ ਇਸ ਦਾ ਬਹੁਪੱਖੀ ਵਿਕਾਸ ਉਲੀਕਿਆ ਗਿਆ ਹੈ ਤਾਂ ਕਿ ਵੱਧ ਰਹੀ ਤਪਸ਼ ਨੂੰ ਵੀ ਘਟਾਇਆ ਜਾ ਸਕੇ। ਇਸ ਲਈ ਵਿਕਾਸ ਦੇ ਨਾਲ-ਨਾਲ ਮੌਜੂਦਾ ਹਰਿਆਵਲ ਨੂੰ ਬਚਾਅ ਕੇ ਵੱਧ ਤੋਂ ਵੱਧ ਰੁੱਖ ਹੋਰ ਲਗਾਉਣ ਲਈ ਹਰ ਨਾਗਰਿਕ ਨੂੰ ਆਪਣਾ ਯੋਗਦਾਨ ਪਾਉਣ ਲਈ ਅੱਗੇ ਆਉਣਾ ਚਾਹੀਦਾ ਹੈ।

ਇਸ ਤੋਂ ਪਹਿਲਾਂ ਨਵੇਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੁੱਜਣ 'ਤੇ ਪੰਜਾਬ ਪੁਲਿਸ ਦੀ ਟੁਕੜੀ ਨੇ 'ਗਾਰਡ ਆਫ਼ ਆਨਰ' ਪੇਸ਼ ਕਰਕੇ ਸਲਾਮੀ ਦਿੱਤੀ। ਇਸ ਦੌਰਾਨ ਡਿਪਟੀ ਕਮਿਸ਼ਨਰ ਦਫ਼ਤਰ ਦੀਆਂ ਸਮੂਹ ਬ੍ਰਾਂਚਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਅਹੁਦਾ ਛੱਡਕੇ ਜਾ ਰਹੇ ਸ਼ੌਕਤ ਅਹਿਮਦ ਪਰੇ ਨੂੰ ਨਿੱਘੀ ਵਿਦਾਇਗੀ ਦਿੱਤੀ ਗਈ ਅਤੇ ਨਵੇਂ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲਣ ਵਾਲੇ ਡਾ. ਪ੍ਰੀਤੀ ਯਾਦਵ ਦਾ ਸਵਾਗਤ ਕੀਤਾ ਗਿਆ।

ਜਿਕਰਯੋਗ ਹੈ ਕਿ ਪੀ.ਜੀ.ਆਈ.ਐਮ.ਐਸ. ਰੋਹਤਕ ਤੋਂ ਡੈਂਟਲ ਵਿਸ਼ੇ 'ਚ ਗ੍ਰੈਜੂਏਟ, ਡਾ. ਪ੍ਰੀਤੀ ਯਾਦਵ, ਆਮ ਲੋਕਾਂ ਤੇ ਖਾਸ ਕਰਕੇ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਪ੍ਰਤੀ ਹਮਦਰਦੀ ਵਾਲਾ ਰਵੱਈਆ ਰੱਖਣ ਸਮੇਤ ਕੰਮ ਪ੍ਰਤੀ ਵਚਨਬੱਧਤਾ ਅਤੇ ਤੁਰੰਤ ਫੈਸਲੇ ਲੈਣ ਲਈ ਜਾਣੇ ਜਾਂਦੇ ਹਨ। ਵਾਤਾਵਰਣ ਸੰਭਾਲ ਪ੍ਰਤੀ ਕਿਸਾਨਾਂ ਨੂੰ ਜਾਗਰੂਕ ਕਰਕੇ ਪਰਾਲੀ ਨਾ ਸਾੜਨ ਲਈ ਵੀ ਪ੍ਰੇਰਤ ਕਰਨਾ ਅਤੇ ਜਮੀਨੀ ਪੱਧਰ 'ਤੇ ਸਿੱਧੇ ਤੌਰ 'ਤੇ ਲੋਕਾਂ ਨਾਲ ਜੁੜਕੇ ਕੰਮ ਕਰਨਾ ਵੀ ਉਨ੍ਹਾਂ ਨੂੰ ਪਸੰਦ ਹੈ।

ਡਾ. ਪ੍ਰੀਤੀ ਯਾਦਵ ਵੱਲੋਂ ਪਟਿਆਲਾ ਦੇ ਨਵੇਂ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲੇ ਜਾਣ ਮੌਕੇ ਐਸ.ਐਸ.ਪੀ. ਡਾ. ਨਾਨਕ ਸਿੰਘ, ਨਗਰ ਨਿਗਮ ਦੇ ਕਮਿਸ਼ਨਰ ਅਦਿੱਤਿਆ ਡੇਚਲਵਾਲ, ਪੀ.ਡੀ.ਏ. ਦੇ ਸੀ.ਏ. ਮਨੀਸ਼ਾ ਰਾਣਾ, ਏ.ਡੀ.ਸੀ. (ਜ) ਕੰਚਨ, ਏ.ਡੀ.ਸੀ. (ਦਿਹਾਤੀ ਵਿਕਾਸ) ਡਾ. ਹਰਜਿੰਦਰ ਸਿੰਘ ਬੇਦੀ, ਏ.ਐਸ.ਪੀ. (ਸਿਟੀ-1) ਵੈਭਵ ਚੌਧਰੀ, ਏ.ਡੀ.ਸੀ. (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ, ਪੀਡੀਏ ਦੇ ਏ.ਸੀ.ਏ. ਜਸ਼ਨਪ੍ਰੀਤ ਕੌਰ, ਐਸ.ਡੀ.ਐਮਜ ਅਰਵਿੰਦ ਕੁਮਾਰ, ਰਵਿੰਦਰ ਸਿੰਘ, ਤਰਸੇਮ ਚੰਦ ਤੇ ਰਿਚਾ ਗੋਇਲ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ ਵਾਲੀਆ, ਪੀਡੀਏ ਦੇ ਅਸਟੇਟ ਅਫ਼ਸਰ ਦੀਪਜੋਤ ਕੌਰ, ਡੀ.ਐਸ.ਪੀ. ਅੱਛਰੂ ਰਾਮ ਸਮੇਤ ਡੀ.ਸੀ. ਦਫ਼ਤਰ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਡਾ. ਪ੍ਰੀਤੀ ਯਾਦਵ ਦਾ ਨਿੱਘਾ ਸਵਾਗਤ ਕੀਤਾ।

# ਡਿਪਟੀ ਕਮਿਸ਼ਨਰ ਨੇ ਸਪਾਂਸਰਸ਼ਿਪ ਸਕੀਮ ਤਹਿਤ ਲੋੜਵੰਦ ਬੱਚਿਆਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਸੌਂਪੇ

> ਲੋੜਵੰਦ ਬੱਚਿਆਂ ਨੂੰ ਸਰਕਾਰੀ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਪਹੁੰਚਾਇਆ ਜਾਵੇ : ਡਿਪਟੀ ਕਮਿਸ਼ਨਰ
> 56 ਲੋੜਵੰਦ ਬੱਚਿਆਂ ਨੂੰ ਚਾਰ ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦੇ ਚੈੱਕ ਸੌਂਪੇ



**ਪਟਿਆਲਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਲੋੜਵੰਦ ਬੱਚਿਆਂ ਦੀ ਭਲਾਈ ਲਈ ਬਾਲ ਭਲਾਈ ਸਕੀਮਾਂ ਰਾਹੀਂ ਲੋੜਵੰਦ ਬੱਚਿਆਂ ਨੂੰ ਲਾਭ ਦਿੱਤਾ ਜਾ ਰਿਹਾ ਹੈ। ਅੱਜ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਵੱਲੋਂ 56 ਲੋੜਵੰਦ ਬੱਚਿਆਂ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਵੱਲੋਂ ਮਨਾਏ ਗਏ ਸਪਾਂਸਰਸ਼ਿਪ ਦਿਵਸ ਮੌਕੇ ਸਪਾਂਸਰਸ਼ਿਪ ਸਕੀਮ ਅਧੀਨ ਸਹਾਇਤਾ ਰਾਸ਼ੀ ਦੇ ਚੈੱਕ ਸੌਂਪੇ ਗਏ।

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਇਸ ਸਪਾਂਸਰਸ਼ਿਪ ਸਕੀਮ ਤਹਿਤ ਲੋੜਵੰਦ ਬੱਚਿਆਂ ਨੂੰ ਚਾਰ ਹਜ਼ਾਰ ਰੁਪਏ ਪ੍ਰਤੀ ਮਹੀਨਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਪਰਿਵਾਰਾਂ ਦੀ ਆਰਥਿਕ ਹਾਲਤ ਕਮਜ਼ੋਰ ਹੈ ਤੇ ਜਿਨ੍ਹਾਂ ਦੇ ਪਿਤਾ ਦੀ ਮੌਤ ਹੋ ਗਈ ਹੈ ਅਤੇ ਘਰ ਵਿੱਚ ਕੋਈ ਆਮਦਨ ਦਾ ਸਾਧਨ ਨਹੀਂ ਹੈ, ਉਹਨਾਂ ਬੱਚਿਆਂ ਨੂੰ ਇਸ ਸਕੀਮ ਦਾ ਲਾਭ ਦਿੱਤਾ ਜਾਂਦਾ ਹੈ। ਉਹਨਾਂ ਕਿਹਾ ਕਿ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਸਰਕਾਰ ਦੇ ਦਿਸ਼ਾ ਦੇ ਨਿਰਦੇਸ਼ਾਂ ਮੁਤਾਬਿਕ ਕੰਮ ਕਰ ਰਿਹਾ ਹੈ। ਉਹਨਾਂ ਇਹ ਵੀ ਕਿਹਾ ਕਿ ਸਰਕਾਰ ਵੱਲੋਂ ਚਲਾਈ ਜਾ ਰਹੀ ਸਕੀਮ ਦਾ ਵੱਧ ਤੋਂ ਵੱਧ ਲਾਹਾ ਲੈਣਾ ਚਾਹੀਦਾ ਹੈ। ਤਾਂ ਜੋ ਜ਼ਰੂਰਤ ਮੰਦ ਬੱਚਿਆਂ ਦਾ ਵਧੀਆ ਢੰਗ ਨਾਲ ਪਾਲਨ ਪੋਸ਼ਣ ਹੋ ਸਕੇ।

ਇਸ ਤੋ ਇਲਾਵਾ ਉਹਨਾਂ ਇਹ ਵੀ ਕਿਹਾ ਕਿ ਜੇ ਕਰ ਕਿਸੇ ਬੱਚੇ ਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਸਮਾਜਿਕ ਸੁਰੱਖਿਆ ਦਫ਼ਤਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਦੌਰਾਨ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਡਾ. ਸ਼ਾਇਨਾ ਕਪੂਰ ਨੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਪਾਂਸਰਸ਼ਿਪ ਸਕੀਮ ਅਧੀਨ ਲੋੜਵੰਦ ਬੱਚਿਆਂ ਨੂੰ ਵੱਧ ਤੋ ਵੱਧ ਜੋੜਿਆ ਜਾ ਰਿਹਾ ਹੈ ਤਾਂ ਜੋ ਯੋਗ ਤੇ ਲੋੜਵੰਦ ਬੱਚਿਆਂ ਦੀ ਮਦਦ ਕੀਤੀ ਜਾ ਸਕੇ ਅਤੇ ਕੋਈ ਵੀ ਯੋਗ ਬੱਚਾ ਸਹੂਲੀਅਤ ਲੈਣ ਤੋਂ ਵਾਂਝਾ ਨਾ ਰਹਿ ਸਕੇ। ਇਸ ਸਪਾਂਸਰਸ਼ਿਪ ਸਕੀਮ ਲਈ ਜੇ ਕੋਈ ਅਪਲਾਈ ਕਰਨਾ ਚਾਹੁੰਦਾ ਹੈ ਤਾਂ ਦਫ਼ਤਰ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ, ਪਟਿਆਲਾ, ਬਲਾਕ-ਸੀ ਐਕਸਟੈਂਸ਼ਨ ਕਮਰਾ ਨੰਬਰ 150 ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਪਟਿਆਲਾ ਵਿਖੇ ਸੰਪਰਕ ਕਰ ਸਕਦਾ ਹੈ। ਦਫ਼ਤਰ ਦੀ ਈ-ਮੇਲ ਆਈ ਡੀ dcpo.patiala@gmail.com ਅਤੇ ਫ਼ੋਨ ਨੰਬਰ 0175-2353523 ਹੈ।

# ਅਮਰਪ੍ਰੀਤ ਕੌਰ ਸੰਧੂ ਨੇ ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਵੱਜੋਂ ਕਾਰਜਭਾਰ ਸੰਭਾਲਿਆ



**ਫਾਜ਼ਿਲਕਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰਪ੍ਰੀਤ ਕੌਰ ਸੰਧੂ ਆਈਏਐਸ ਨੇ ਇੱਥੇ ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਦਾ ਅਹੁਦਾ ਸੰਭਾਲ ਲਿਆ। ਉਹ 2016 ਬੈਚ ਦੇ ਆਈਏਐਸ ਅਫ਼ਸਰ ਹਨ। ਉਹ ਇਸ ਤੋਂ ਪਹਿਲਾਂ ਜਲੰਧਰ ਵਿਕਾਸ ਅਥਾਰਟੀ ਦੇ ਚੀਫ ਐਡਮਿਨਸਟ੍ਰੇਟਰ ਵਜੋਂ ਸੇਵਾ ਨਿਭਾਅ ਰਹੇ ਸਨ। ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਦੇ ਅਹੁਦੇ ਦੇ ਨਾਲ ਨਾਲ ਨਗਰ ਨਿਗਮ ਅਬੋਹਰ ਦੇ ਕਮਿਸ਼ਨਰ ਦਾ ਚਾਰਜ ਵੀ ਉਨ੍ਹਾਂ ਕੋਲ ਰਹੇਗਾ। ਇਸ ਮੌਕੇ ਅਹੁਦਾ ਸੰਭਾਲਣ ਵੇਲੇ ਉਨ੍ਹਾਂ ਨੇ ਕਿਹਾ ਕਿ ਫਾਜ਼ਿਲਕਾ ਜ਼ਿਲ੍ਹੇ ਵਿਚ ਸਰਕਾਰ ਦੀਆਂ ਸਕੀਮਾਂ ਅਤੇ ਪ੍ਰੋਗਰਾਮਾਂ ਨੂੰ ਪ੍ਰਭਾਵੀ ਤਰੀਕੇ ਨਾਲ ਲਾਗੂ ਕਰਨਾ ਉਨ੍ਹਾਂ ਦੀ ਪ੍ਰਥਾਮਿਕਤਾ ਰਹੇਗੀ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਸਰਕਾਰ ਦੀਆਂ ਲੋਕ ਭਲਾਈ ਦੀਆਂ ਸਕੀਮਾਂ ਦਾ ਲਾਭ ਸਮਾਜ ਦੇ ਹਰ ਇਕ ਯੋਗ ਵਿਕਅਤੀ ਤੱਕ ਪੁੱਜੇ। ਉਨ੍ਹਾਂ ਨੇ ਕਿਹਾ ਕਿ ਜ਼ਿਲ੍ਹੇ ਦੇ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਨੂੰ ਵੀ ਉਚ ਮਿਆਰੀ ਗੁਣਵਤਾ ਅਨੁਸਾਰ ਸਮਾਂਬੱਧ ਤਰੀਕੇ ਨਾਲ ਪੂਰਾ ਕਰਵਾਉਣਾ ਉਨ੍ਹਾਂ ਦੀ ਤਰਜੀਹ ਰਹੇਗੀ। ਇਸ ਮੌਕੇ ਇੱਥੇ ਪੁੱਜਣ ਤੇ ਐਸਐਸਪੀ ਸ੍ਰੀ ਵਰਿੰਦਰ ਸਿੰਘ ਬਰਾੜ, ਐਸਪੀ ਸ੍ਰੀ ਰਮਨੀਸ਼ ਚੌਧਰੀ, ਐਸਡੀਐਮ ਸ੍ਰੀ ਪੰਕਜ ਬਾਂਸਲ, ਡੀਐਸਪੀ ਸ੍ਰੀ ਕੰਵਲਪਾਲ ਸਿੰਘ ਅਤੇ ਡਿਪਟੀ ਕਮਿਸ਼ਨਰ ਦਫ਼ਤਰ ਦੇ ਸਟਾਫ ਨੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਪੁਲਿਸ ਦੀ ਟੁਕੜੀ ਵੱਲੋਂ ਸਲਾਮੀ ਵੀ ਦਿੱਤੀ ਗਈ।

# ਸ਼੍ਰੀ ਬਦਰੀ ਨਾਥ ਧਾਮ ਵਿਖੇ ਲੰਗਰ ਕਮੇਟੀ ਵੱਲੋਂ ਲਗਾਏ ਗਏ ਲੰਗਰ ਦੀ ਸਫਲਤਾ ਲਈ ਮਾਲੇਰਕੋਟਲਾ ਵਾਸੀਆਂ ਦਾ ਧੰਨਵਾਦ ਕੀਤਾ

**ਮਲੇਰਕੋਟਲਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ- ]**



ਸ਼੍ਰੀ ਲੰਗਰ ਕਮੇਟੀ ਹਨੂੰਮਾਨ ਮੰਦਿਰ ਦੀ ਤਰਫੋਂ ਸ਼੍ਰੀ ਬਦਰੀ ਨਾਥ ਜੀ ਵਿਖੇ ਲਗਾਏ ਗਏ ਲੰਗਰ ਨੂੰ ਸਫਲਤਾਪੂਰਵਕ ਸੰਪੰਨ ਕਰਨ ਉਪਰੰਤ ਸਮੂਹ ਮੈਂਬਰ ਮਾਲੇਰਕੋਟਲਾ ਪਹੁੰਚੇ ਜਿੱਥੇ ਉਨ੍ਹਾਂ ਨੇ ਲੰਗਰ ਵਿੱਚ ਸਹਿਯੋਗ ਦੇਣ ਵਾਲੀਆਂ ਸਮੂਹ ਸੰਸਥਾਵਾਂ ਅਤੇ ਸ਼ਹਿਰ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਲੰਗਰ ਕਮੇਟੀ ਦੇ ਮੋਹਨ ਲਾਲ ਸਿੰਗਲਾ ਨੇ ਉਨ੍ਹਾਂ ਵੱਲੋਂ ਸ਼੍ਰੀ ਬਦਰੀਨਾਥ ਧਾਮ ਵਿਖੇ ਲਗਾਏ ਗਏ ਲੰਗਰ ਦੀ ਸਮਾਪਤੀ ਸੰਤਾਂ ਦੇ ਭੋਜਨ ਦੇ ਨਾਲ ਕੀਤੀ ਗਈ। ਇਸ ਮੌਕੇ ਸ਼੍ਰੀ ਨਰੇਂਦਰ ਪਾਲ ਨੰਦਾ ਪ੍ਰਧਾਨ ਸਨਾਤਨ ਧਰਮ ਸਭਾ ਰਜਿਸਟਰ ਨੇ ਸੰਤਾਂ ਨੂੰ ਤਿਲਕ ਲਗਾਇਆ, ਮਾਸਟਰ ਵਿਜੇ ਸ਼ਰਮਾ ਇੰਚਾਰਜ ਲੰਗਰ ਸ਼੍ਰੀ ਬਦਰੀਨਾਥ ਧਾਮ ਨੇ ਸਾਰੇ ਸੰਤਾਂ ਨੂੰ ਦਕਸ਼ਨਾ ਦਿੱਤੀ, ਸ਼੍ਰੀ ਅਜੇ ਸ਼ਰਮਾ ਨੇ ਸੰਤਾਂ ਦੇ ਪੈਰ ਧੋ ਕੇ ਅਸ਼ੀਰਵਾਦ ਲਿਆ, ਮਹੰਤ ਸਵਰੂਪ ਸ਼ਰਨ ਨੇ ਕਿਹਾ ਕਿ ਸਨਾਤਨ ਧਰਮ ਦੀਆਂ ਪਰੰਪਰਾਵਾਂ ਅਨੁਸਾਰ ਸਾਨੂੰ ਨਰ ਸੇਵਾ ਨਰਾਇਣ ਸੇਵਾ ਕਰਕੇ ਹਰ ਜੀਵ ਦੀ ਸੇਵਾ ਕਰਨੀ ਚਾਹੀਦੀ ਹੈ, ਇਹ ਸਨਾਤਨ ਧਰਮ ਵਿੱਚ ਨਿਰਸਵਾਰਥ ਸੇਵਾ ਕਰਨ ਲਈ ਕਿਹਾ ਗਿਆ ਹੈ ਅਤੇ ਲੰਗਰ ਕਮੇਟੀ ਸ਼੍ਰੀ ਹਨੂਮਾਨ ਮੰਦਰ ਇਸ ਮਾਰਗ 'ਤੇ ਚੱਲ ਰਹੀ ਹੈ। ਮੋਹਨ ਲਾਲ ਸਿੰਗਲਾ ਦੀ ਪ੍ਰਧਾਨਗੀ ਹੇਠ ਹੋਈ ਇਸ ਮੌਕੇ ਸਮੀਰ ਕੌਸ਼ਿਕ, ਅਨੁਪਮ ਕੌਸ਼ਿਕ ਲੰਗਰ ਦੀ ਸੇਵਾ ਕੀਤੀ ਅਤੇ ਸੰਤਾਂ ਦਾ ਆਸ਼ੀਰਵਾਦ ਲਿਆ ਸ਼੍ਰੀ ਰਾਜ ਕੁਮਾਰ ਅਗਰਵਾਲ ਸ਼੍ਰੀ ਕ੍ਰਿਸ਼ਨ ਗੋਪਾਲ ਸ਼੍ਰੀ ਗਗਨ ਭਾਰਦਵਾਜ ਸੁਭਾਸ਼ ਸ਼ਰਮਾ ਵਿਨੈ ਗੁਪਤਾ ਹਰੀਓਮ ਗੋਇਲ ਬਲਦੇਵ ਪ੍ਰਕਾਸ਼ ਟੀਮ ਦੇ ਮੈਂਬਰਾਂ ਨੇ ਆਪਣੀ ਸੇਵਾ ਪੂਰੀ ਤਨਦੇਹੀ ਨਾਲ ਨਿਭਾਈ ਅਤੇ ਕਿਹਾ ਕਿ ਜਿਸ ਤਰ੍ਹਾਂ ਅਸੀਂ ਲਗਾਤਾਰ ਸਾਨੂੰ ਲੋਕਾਂ ਦਾ ਸਹਿਯੋਗ ਮਿਲਦਾ ਰਿਹਾ ਹੈ, ਅਸੀਂ ਸੇਵਾ ਦੇ ਕੰਮ ਵੀ ਕਰਦੇ ਰਹਾਂਗੇ ।

# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਅੱਜ

**ਪਟਿਆਲਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ ਵੱਲੋਂ ਅੱਜ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਵੱਖ ਵੱਖ ਅਸਾਮੀਆਂ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਬਿਉਰੋ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਕੁਏਸ ਕਾਰਪ ਲਿਮਟਿਡ ਵੱਲੋਂ ਰਿਲੇਸ਼ਨਸ਼ਿਪ ਅਫ਼ਸਰ, ਲੋਨ ਅਫ਼ਸਰ ਅਤੇ ਮਾਰਕੀਟਿੰਗ ਅਫ਼ਸਰ ਦੀ ਅਸਾਮੀਆਂ ਲਈ ਸਿਰਫ਼ ਪੁਰਸ਼ ਉਮੀਦਵਾਰਾਂ ਦੀ ਮੰਗ ਕੀਤੀ ਗਈ ਹੈ, ਜਿਨ੍ਹਾਂ ਉਮੀਦਵਾਰ ਨੇ ਬਾਰ੍ਹਵੀਂ/ਗਰੈਜੂਏਸ਼ਨ/ ਪੋਸਟ ਗਰੈਜੂਏਸ਼ਨ ਪਾਸ ਕੀਤੀ ਹੋਵੇ ਅਤੇ ਉਮਰ 18-35 ਸਾਲ ਹੋਵੇ, ਉਹ ਉਮੀਦਵਾਰ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈ ਸਕਦੇ ਹਨ। ਨੌਕਰੀ ਦੇ ਚਾਹਵਾਨ ਉਮੀਦਵਾਰ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈਣ ਲਈ ਆਪਣੀ ਯੋਗਤਾ ਦੇ ਸਾਰੇ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਫੋਟੋਕਾਪੀਆਂ ਅਤੇ ਰਜ਼ਿਊਮੇ ਨਾਲ ਲੈ ਕੇ ਸਵੇਰੇ 10 ਵਜੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਬਲਾਕ ਡੀ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਨੇੜੇ ਸੇਵਾ ਕੇਂਦਰ, ਪਟਿਆਲਾ ਵਿਖੇ ਪਹੁੰਚ ਕੇ ਇਸ ਕੈਂਪ ਵਿੱਚ ਹਿੱਸਾ ਲੈਣ। ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪ ਲਾਈਨ ਨੰਬਰ 98776-10877 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਨਵੇਂ ਸੀਵਰੇਜ ਨੂੰ ਮਨਜੂਰੀ ਦੇਣ ਲਈ ਐਮ.ਐਲ.ਏ. ਦਾ ਧੰਨਵਾਦ : ਸਮਾਜ ਸੇਵਕ ਪ੍ਰਦੀਪ ਕੁਮਾਰ



**ਅੰਮ੍ਰਿਤਸਰ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ ਦੇ ਹਲਕਾ ਪੱਛਮੀ ਇਲਾਕੇ ਦੇ ਖੰਡਵਾਲਾ ਧੱਕਾ ਕਲੋਨੀ ਇਲਾਕੇ ਵਿੱਚ ਪਿਛਲੇ ਲੰਮੇ ਸਮੇਂ ਤੋਂ ਸੀਵਰੇਜ ਦੀ ਸਮੱਸਿਆ ਲੋਕਾਂ ਦੀ ਸਿਰ ਦਰਦ ਦਾ ਕਾਰਨ ਬਣੀ ਹੋਈ ਹੈ ਜਿਸ ਕਾਰਨ ਲੋਕਾਂ ਦੇ ਸੀਵਰੇਜ ਪਿਛਲੇ ਛੇ ਮਹੀਨੇ ਤੋਂ ਲਗਾਤਾਰ ਬੰਦ ਪਏ ਹਨ ਅਤੇ ਕਾਰਪੋਰੇਸ਼ਨ ਨੂੰ ਬਹੁਤ ਵਾਰ ਕਿਹਾ ਗਿਆ ਪਰ ਜਿਆਦਾ ਧਿਆਨ ਨਾ ਦੇਣ ਕਾਰਨ ਸਮਾਜ ਸੇਵਾ ਤੇ ਪ੍ਰਦੀਪ ਕੁਮਾਰ ਵੱਲੋਂ ਮੌਜੂਦਾ ਐਮ ਐਲ ਏ ਡਾਕਟਰ ਜਸਬੀਰ ਸਿੰਘ ਸੰਧੂ ਨੂੰ ਮਿਲ ਕੇ ਉਹਨਾਂ ਨਾਲ ਮੁਲਾਕਾਤ ਕਰਕੇ ਇਲਾਕੇ ਦੀ ਸਮੱਸਿਆ ਬਾਰੇ ਦੱਸਿਆ ਗਿਆ ਅਤੇ ਉਹਨਾਂ ਤੋਂ ਯਕੀਨੀ ਸੀਵਰੇਜ ਦੀ ਸਮੱਸਿਆ ਹੱਲ ਕਰਵਾਉਣ ਲਈ ਐਮ ਐਲ ਏ ਤੋਂ ਪੱਤਰ ਲਿਆ ਗਿਆ ਜੋ ਕਿ ਅੱਜ ਇਲਾਕਾ ਨਿਵਾਸੀਆਂ ਦੀ ਮੌਜੂਦਗੀ ਵਿੱਚ ਕਾਰਪੋਰੇਸ਼ਨ ਅੰਮ੍ਰਿਤਸਰ ਜੋਨ ਨੰਬਰ 8 ਦੇ ਜਈ ਨਰਿੰਦਰ ਨੂੰ ਪ੍ਰਦੀਪ ਕੁਮਾਰ ਸਮਾਜ ਵੱਲੋਂ ਇਹ ਪੱਤਰ ਦਿੱਤਾ ਗਿਆ ਅਤੇ ਜਲਦੀ ਹੀ ਸੀਵਰੇਜ ਦਾ ਕੰਮ ਸ਼ੁਰੂ ਕਰਾਉਣ ਲਈ ਕਿਹਾ ਗਿਆ ਮੌਕੇ ਤੇ ਮਹੱਲਾ ਨਿਵਾਸੀ ਮੌਜੂਦ ਸਨ ਅਤੇ ਸਮਾਜ ਸੇਵਕ ਪ੍ਰਦੀਪ ਕੁਮਾਰ ਵੱਲੋਂ ਡਾਕਟਰ ਜਸਬੀਰ ਸਿੰਘ ਐਮਐਲਏ ਹਲਕਾ ਪੱਛਮੀ ਦਾ ਧੰਨਵਾਦ ਕੀਤਾ ਗਿਆ।

# ਪੰਜਾਬ ਵਿਧਾਨ ਸਭਾ ਦੀ ਅਨੁਮਾਨ ਕਮੇਟੀ ਵੱਲੋਂ ਸਰਫੇਸ ਵਾਟਰ ਪ੍ਰੋਜੈਕਟ, ਤਲਵਾੜਾ ਦਾ ਅਧਿਐਨ

**ਹੁਸ਼ਿਆਰਪੁਰ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿਧਾਨ ਸਭਾ ਦੀ ਅਨੁਮਾਨ ਕਮੇਟੀ ਨੇ ਸਰਫੇਸ ਵਾਟਰ ਪ੍ਰੋਜੈਕਟ, ਤਲਵਾੜਾ ਦਾ ਨਿਰੀਖਣ ਕੀਤਾ। ਕਮੇਟੀ ਦੀ ਅਗਵਾਈ ਡਿਪਟੀ ਸਪੀਕਰ ਅਤੇ ਚੇਅਰਮੈਨ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਕੀਤੀ, ਜਿਸ ਵਿੱਚ ਦਸੂਹਾ ਦੇ ਵਿਧਾਇਕ ਕਰਮਬੀਰ ਸਿੰਘ ਘੁੰਮਣ, ਸੁਜਾਨਪੁਰ ਦੇ ਵਿਧਾਇਕ ਨਰੇਸ਼ ਪੁਰੀ, ਲੁਧਿਆਣਾ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਅਤੇ ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰੀ ਵੀ ਸ਼ਾਮਲ ਸਨ। ਇਸ ਦੌਰੇ ਦਾ ਮੁੱਖ ਉਦੇਸ਼ ਪ੍ਰੋਜੈਕਟ ਦੀ ਪ੍ਰਗਤੀ ਦੀ ਸਮੀਖਿਆ ਕਰਨਾ ਅਤੇ ਭਵਿੱਖ ਦੀਆਂ ਯੋਜਨਾਵਾਂ 'ਤੇ ਵਿਚਾਰ-ਵਟਾਂਦਰਾ ਕਰਨਾ ਸੀ।

ਅਧਿਐਨ ਦੇ ਬਾਅਦ, ਅਨੁਮਾਨ ਕਮੇਟੀ ਦੇ ਚੇਅਰਮੈਨ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਜ਼ਿਲ੍ਹੇ ਵਿਚ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ ਦੀ ਵਿਸਥਾਰਪੂਰਵਕ ਸਮੀਖਿਆ ਕੀਤੀ। ਇਸ ਸਮੀਖਿਆ ਦੌਰਾਨ, ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਣ ਅਤੇ ਸਾਰੇ ਪ੍ਰੋਜੈਕਟਾਂ ਨੂੰ ਸਮੇਂ ਸਿਰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਪਾਰਦਰਸ਼ਤਾ ਅਤੇ ਗੁਣਵੱਤਾ ਨਿਸ਼ਚਿਤ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਜਨਤਾ ਨੂੰ ਇਨ੍ਹਾਂ ਪ੍ਰੋਜੈਕਟਾਂ ਦਾ ਵੱਧ ਤੋਂ ਵੱਧ ਲਾਭ ਮਿਲ ਸਕੇ।

ਕਮੇਟੀ ਨੇ ਆਪਣੇ ਦੌਰੇ ਦੌਰਾਨ ਜ਼ਿਲ੍ਹੇ ਵਿਚ ਚੱਲ ਰਹੇ ਹੋਰ ਪ੍ਰੋਜੈਕਟਾਂ 'ਤੇ ਵੀ ਧਿਆਨ ਦਿੱਤਾ ਅਤੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਕਿ ਉਹ ਨਿਯਮਿਤ ਤੌਰ 'ਤੇ ਪ੍ਰੋਜੈਕਟਾਂ ਦੀ ਸਥਿਤੀ ਬਾਰੇ ਰਿਪੋਰਟ ਪੇਸ਼ ਕਰਨ।

ਇਸ ਮੌਕੇ 'ਤੇ ਮੌਜੂਦ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਅਨੁਮਾਨ ਕਮੇਟੀ ਨੂੰ ਭਰੋਸਾ ਦਿਵਾਇਆ ਕਿ ਜ਼ਿਲ੍ਹੇ ਵਿਚ ਸਾਰੇ ਵਿਕਾਸ ਕਾਰਜ ਕਮੇਟੀ ਦੇ ਨਿਰਦੇਸ਼ਾਂ ਦੇ ਅਨੁਸਾਰ ਪੂਰੀ ਪਾਰਦਰਸ਼ਤਾ ਨਾਲ ਕੀਤੇ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਮੌਜੂਦਾ ਪ੍ਰੋਜੈਕਟਾਂ ਦੀ ਗੁਣਵੱਤਾ ਦੀ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਕਿਸੇ ਵੀ ਤਰ੍ਹਾਂ ਦੀ ਕੋਤਾਹੀ ਨਾ ਹੋਵੇ। ਉਨ੍ਹਾਂ ਕਿਹਾ ਕਿ ਜਨਤਾ ਦੀ ਭਲਾਈ ਲਈ ਸਾਰੇ ਕਾਰਜ ਜਲਦ ਹੀ ਪੂਰੇ ਕੀਤੇ ਜਾਣਗੇ।

ਇਸ ਮੌਕੇ 'ਤੇ ਐਸ.ਐਸ.ਪੀ. ਸੁਰੇਂਦਰ ਲਾਂਬਾ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਰਾਹੁਲ ਚਾਬਾ, ਵਿਧਾਨ ਸਭਾ ਦੇ ਡਿਪਟੀ ਸਕੱਤਰ ਬਲਬੀਰ ਕੌਰ, ਸਹਾਇਕ ਸੂਚਨਾ ਅਧਿਕਾਰੀ ਤਰਸੇਮ ਲਾਲ, ਜ਼ਿਲ੍ਹੇ ਦੇ ਸਮੂਹ ਐਸ.ਡੀ.ਐਮ ਅਤੇ ਵੱਖ-ਵੱਖ ਵਿਭਾਗਾਂ ਦੇ ਮੁੱਖ ਅਧਿਕਾਰੀ ਵੀ ਹਾਜ਼ਰ ਸਨ।

# ਸ਼੍ਰੀ ਰਾਧਾ ਅਸ਼ਟਮੀ ਦੇ ਸ਼ੁਭ ਮੌਕੇ 'ਤੇ ਕਰਵਾਇਆ ਕੀਰਤਨ



**ਧੂਰੀ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਰਾਧਾ ਅਸ਼ਟਮੀ ਦੇ ਸ਼ੁਭ ਦਿਹਾੜੇ 'ਤੇ ਸ਼੍ਰੀ ਸ਼ਿਆਮ ਪਰਿਵਾਰ ਵੱਲੋਂ ਧਾਰਮਿਕ ਸਮਾਗਮ ਕਰਵਾਇਆ ਗਿਆ। ਜਿਸਦੀ ਸ਼ੁਰੂਆਤ ਭਾਜਪਾ ਮਹਿਲਾ ਮੋਰਚਾ ਦੀ ਬਲਾਕ ਪ੍ਰਧਾਨ ਸੁਨੇਹੇ ਲਤਾ ਵੱਲੋਂ ਪੂਜਾ ਕਰਕੇ ਕੀਤੀ ਗਈ। ਇਸ ਦੌਰਾਨ ਸ਼ਿਵਮ ਨਰਾਇਣ ਸ਼ਾਹਬਾਦ ਮੰਡਲੀ ਵੱਲੋਂ ਆਪਣੇ ਭਜਨਾਂ ਰਾਹੀਂ ਸ਼੍ਰੀ ਰਾਧਾ ਕ੍ਰਿਸ਼ਨ ਜੀ ਦਾ ਗੁਣਗਾਨ ਕਰਦੇ ਹੋਏ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਦੌਰਾਨ ਸ਼ਰਧਾਲੂ ਵੀ ਸ਼੍ਰੀ ਰਾਧਾ ਕ੍ਰਿਸ਼ਨ ਦੇ ਰੰਗ ਵਿੱਚ ਰੰਗਦੇ ਹੋਏ ਝੂਮਦੇ ਨਜ਼ਰ ਆਏ, ਜਿੰਨਾ ਵੱਲੋਂ ਫੁੱਲਾਂ ਦੀ ਵਰਖਾ ਵੀ ਕੀਤੀ ਗਈ । ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਦੁੱਲਟ, ਭਾਜਪਾ ਮਹਿਲਾ ਮੋਰਚਾ ਦੀ ਜ਼ਿਲ੍ਹਾ ਪ੍ਰਧਾਨ ਮੰਜੂਲਾ ਸ਼ਰਮਾ, ਵਾਈਸ ਪ੍ਰਧਾਨ ਨੀਲੂ ਮਿੱਤਲ, ਸਰਪੰਚ ਹਰਦੀਪ ਸਿੰਘ ਦੌਲਤਪੁਰ , ਸਰਪੰਚ ਮਿੱਠੂ ਲੱਡਾ, ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਸ਼ੁਭਮ ਸ਼ਰਮਾ ਆਦਿ ਨੇ ਵੀ ਸ਼੍ਰੀ ਰਾਧਾ ਕ੍ਰਿਸ਼ਨ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

# ਪਲੇਵੇਜ਼ ਸਕੂਲ 'ਚ ਲਗਾਈ ਗਈ 20 ਦੇਸ਼ਾਂ ਦੀ ਸੱਭਿਆਚਾਰਕ ਵਿਭਿੰਨਤਾ ਨੂੰ ਦਰਸਾਉਂਦੀ ਗਲੋਬਲ ਵਿਲੇਜ ਪ੍ਰਦਰਸ਼ਨੀ

**ਪਟਿਆਲਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**





ਪਟਿਆਲਾ ਦੇ ਮਸ਼ਹੂਰ ਪਲੇਵੇਜ਼ ਸੀਨੀਅਰ ਸੈਕੰਡਰੀ ਸਕੂਲ ਵਿਖੇ ਚੇਅਰਮੈਨ ਡਾ. ਰਾਜਦੀਪ ਸਿੰਘ, ਡਾਇਰੈਕਟਰ ਹਰਲੀਨ ਕੌਰ ਅਤੇ ਪ੍ਰਿੰਸੀਪਲ ਰਕਸ਼ਾ ਵਰਮਾ ਦੀ ਅਗਵਾਈ ਹੇਠ ਗਲੋਬਲ ਵਿਲੇਜ ਕੀਤਾ ਗਿਆ ਇਸ ਸਮਾਰੋਹ ਵਿੱਚ 20 ਦੇਸ਼ਾਂ ਦੀਆਂ ਵੱਖ ਵੱਖ ਵਿਸ਼ੇਸ਼ਤਾਵਾਂ ਦਰਸਾਉਂਦੇ ਹੋਏ ਪ੍ਰਦਰਸ਼ਨੀਆਂ ਲਾਈਆਂ ਗਈਆਂ। ਜਿਸ ਵਿੱਚ ਟਿਊਨੀਸ਼ੀਆ, ਦੁਬਈ, ਸਵਿਟਜ਼ਰਲੈਂਡ, ਮੋਰੋਕੋ, ਫਰਾਂਸ, ਪੋਲੈਂਡ, ਮਿਸਰ, ਵੀਅਤਨਾਮ, ਸ੍ਰੀਲੰਕਾ, ਤੁਰਕੀ, ਗ੍ਰੀਸ, ਪਾਕਿਸਤਾਨ, ਆਈਵਰੀ ਕੋਸਟ, ਮਲੇਸ਼ੀਆ, ਸਿੰਗਾਪੁਰ, ਸਪੇਨ, ਯੂ. ਐੱਸ. ਏ., ਇੰਗਲੈਂਡ, ਜਰਮਨੀ ਅਤੇ ਪੰਜਾਬ ਸ਼ਾਮਲ ਹਨ।

ਪਲੇਵੇਜ਼ ਸੀਨੀਅਰ ਸੈਕੰਡਰੀ ਸਕੂਲ ਦੇ ਚੇਅਰਮੈਨ ਡਾ. ਰਾਜਦੀਪ ਸਿੰਘ ਦੇ ਸੂਝਵਾਨ ਅਤੇ ਚੰਗੇ ਵਿਚਾਰਾਂ ਸਦਕਾ ਸਕੂਲ ਹਮੇਸ਼ਾ ਵਿਦਿਆਰਥੀਆਂ ਲਈ ਗਿਆਨ ਵਧਾਉ ਉਪਰਾਲੇ ਕਰਦਾ ਰਹਿੰਦਾ ਹੈ ਇਸ ਸਮਾਰੋਹ ਵਿੱਚ ਪੰਜਵੀਂ ਤੋਂ ਬਾਰਵੀਂ ਤੱਕ ਦੇ ਵਿਦਿਆਰਥੀਆਂ ਨੇ ਵੱਧ ਚੜ ਕੇ ਹਿੱਸਾ ਲਿਆ। ਪ੍ਰਿੰਸੀਪਲ ਰਕਸ਼ਾ ਵਰਮਾ ਅਤੇ ਅਧਿਆਪਕਾਂ ਦੇ ਮਾਰਗ ਦਰਸ਼ਨ ਰਾਹੀਂ ਵਿਦਿਆਰਥੀਆਂ ਨੇ ਵਿਦੇਸ਼ਾਂ ਦੇ ਬਹੁਤ ਵਧੀਆ ਮਾਡਲ ਤਿਆਰ ਕੀਤੇ ਇਸ ਪ੍ਰਦਰਸ਼ਨੀਆਂ ਨੂੰ ਦੇਖਣ ਲਈ 6000 ਤੋਂ ਵੱਧ ਲੋਕ ਹੁਮ ਹੁਮਾ ਕੇ ਪਹੁੰਚੇ।

ਚੇਅਰਮੈਨ ਡਾ. ਰਾਜਦੀਪ ਸਿੰਘ ਅਤੇ ਡਾਇਰੈਕਟਰ ਹਰਲੀਨ ਕੌਰ ਨੇ ਸਮਾਰੋਹ ਵਿੱਚ ਆਏ ਮੁੱਖ ਮਹਿਮਾਨਾਂ ਅਤੇ ਨਗਰ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਗਲੋਬਲ ਵਿਲੇਜ ਸਾਡੇ ਸਕੂਲ ਵਿੱਚ ਇੱਕ ਜਸ਼ਨ ਹੈ ਜਿੱਥੇ ਵਿਦਿਆਰਥੀ ਪ੍ਰਦਰਸ਼ਨੀਆਂ ਅਤੇ ਇੰਟਰਐਕਟਿਵ ਸੈਸ਼ਨਾ ਰਾਹੀਂ ਦੁਨੀਆ ਭਰ ਦੇ ਵੱਖ ਵੱਖ ਦੇਸ਼ਾਂ ਦੀ ਅਮੀਰ ਸੱਭਿਆਚਾਰਕ ਵਿਭਿੰਨਤਾ ਨੂੰ ਪ੍ਰਦਰਸ਼ਿਤ ਕਰਦੇ ਹਨ ਇਹ ਇਵੈਂਟ ਸਾਡੇ ਵਿਦਿਆਰਥੀਆਂ ਮਾਪਿਆਂ ਅਤੇ ਕਮਿਊਨਿਟੀ ਮੈਂਬਰਾਂ ਨੂੰ ਸਿੱਖਿਆ ਦੇਣ ਅਤੇ ਪ੍ਰੇਰਿਤ ਕਰਨ ਲਈ ਤਿਆਰ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਜਸਟਿਸ ਗੁਰਬੀਰ ਸਿੰਘ ਜੱਜ ਹਾਈ ਕੋਰਟ ਪੰਜਾਬ ਅਤੇ ਹਰਿਆਣਾ ਤੋਂ ਇਲਾਵਾ ਰੁਪਿੰਦਰਜੀਤ ਚਾਹਲ ਜਿਲ੍ਹਾ ਅਤੇ ਸੈਸ਼ਨ ਜੱਜ਼ ਪਟਿਆਲਾ, ਮੰਨੀ ਅਰੋੜਾ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਪਟਿਆਲਾ, ਦੀਪਿਕਾ ਸਿੰਗਲਾ ਜੱਜ ਫੈਮਿਲੀ ਕੋਰਟ, ਦਲਜੀਤ ਸਿੰਘ ਮਾਂਗਟ ਆਈ ਏ ਐਸ ਡਵੀਜ਼ਨਲ ਕਮਿਸ਼ਨਰ, ਪਟਿਆਲਾ, ਅਮਰਦੀਪ ਸਿੰਘ ਰਾਏ ਆਈ. ਪੀ. ਐਸ. ਏਡੀਜੀਪੀ ਪੰਜਾਬ, ਕੈਪ ਸਿਨਹਾ (ਆਈਏਐਸ) ਮੁੱਖ ਸਕੱਤਰ ਸਰਕਾਰ ਪੰਜਾਬ, ਸ਼ੌਕਤ ਅਹਿਮਦ ਪੈਰੇ (ਆਈ. ਏ. ਐਸ.), ਡਿਪਟੀ ਕਮਿਸ਼ਨਰ ਪਟਿਆਲਾ, ਡਾ. ਨਾਨਕ ਸਿੰਘ (ਆਈ. ਪੀ. ਐਸ.) ਸੀਨੀਅਰ ਸੁਪਰਡੈਂਟ ਆਫ਼ ਪੁਲਿਸ ਪਟਿਆਲਾ, ਨੀਲਕੰਠ ਐੱਸ ਅਵਧ (ਆਈ. ਏ. ਐੱਸ.) ਪ੍ਰਮੁੱਖ ਸਕੱਤਰ ਜਲ ਸਪਲਾਈ ਅਤੇ ਸੈਨੀਟੇਸ਼ਨ, ਅਦਿੱਤਿਆ ਡਚਲਵਾਲ ਕਮਿਸ਼ਨਰ ਨਗਰ ਨਿਗਮ ਪਟਿਆਲਾ, ਅਜੀਤਪਾਲ ਸਿੰਘ ਕੋਹਲੀ ਐਮ ਐਲ ਏ ਪਟਿਆਲਾ ਅਤੇ ਰਣਜੋਧ ਸਿੰਘ ਹਡਾਨਾ ਪੀ ਆਰ ਟੀ ਸੀ ਚੇਅਰਮੈਨ ਵੀ ਸ਼ਾਮਲ ਹੋਏ।

# ਭਬਾਤ 66 ਕੇਵੀ ਸਬ ਸਟੇਸ਼ਨ ਗਰਿੱਡ ਦੇ ਪੈਨਲ ਵਿੱਚ ਅਚਾਨਕ ਲੱਗੀ ਅੱਗ, ਜੇਈ ਸਰਬਜੋਤ ਸਿੰਘ ਨੇ ਅੱਗ 'ਤੇ ਪਾਇਆ ਕਾਬੂ

**ਜ਼ੀਰਕਪੁਰ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਬੀਤੇ ਦਿਨੀਂ ਸਵੇਰੇ ਪਾਵਰਕੌਮ ਦੇ ਪਿੰਡ ਭਬਾਤ ਸਥਿੱਤ 66 ਕੇਵੀ ਸਬਸਟੇਸ਼ਨ ਗਰਿੱਡ ਵਿੱਚ ਸਥਿਤ ਸਵਿਚਿੰਗ ਸਬਸਟੇਸ਼ਨ ਦੇ ਕੰਟਰੋਲ ਪੈਨਲ ਵਿੱਚ ਅਚਾਨਕ ਅੱਗ ਲੱਗ ਗਈ। ਇਸ ਘਟਨਾ ਨਾਲ ਇਲਾਕਾ ਨਿਵਾਸੀਆਂ ਅਤੇ ਵਰਕਰਾਂ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਪਰ ਜੇ.ਈ ਸਰਬਜੋਤ ਸਿੰਘ ਜੋ ਕਿ ਮੰਗਾਂ ਨੂੰ ਲੈ ਕੇ ਹੋਰ ਕਰਮਚਾਰੀਆਂ ਦੇ ਨਾਲ ਸਮੂਹਿਕ ਹੜਤਾਲ ਤੇ ਸ਼ਨ, ਨੇ ਆਪਣੀ ਸਮਾਜਿਕ ਜ਼ਿੰਮੇਵਾਰੀ ਸਮਝਦਿਆਂ ਤੁਰੰਤ ਕਾਰਵਾਈਆਂ ਸਦਕਾ ਅੱਗ ਤੋਂ ਕੋਈ ਵੱਡਾ ਨੁਕਸਾਨ ਹੋਣ ਤੋਂ ਪਹਿਲਾਂ ਹੀ ਕਾਬੂ ਪਾ ਲਿਆ ਗਿਆ। ਸਰਬਜੋਤ ਸਿੰਘ ਆਪਣੇ ਹੋਰਨਾਂ ਸਾਥੀਆਂ ਸਮੇਤ 10 ਸਤੰਬਰ ਤੋਂ ਕੰਮ ਦੇ ਬਿਹਤਰ ਹਾਲਾਤ ਅਤੇ ਤਨਖਾਹ ਦੀ ਮੰਗ ਨੂੰ ਲੈ ਕੇ ਹੜਤਾਲ 'ਤੇ ਹਨ। ਹਾਲਾਂਕਿ, ਅੱਗ ਲੱਗਣ ਦੀ ਸੂਚਨਾ ਮਿਲਣ 'ਤੇ, ਉਹ ਤੁਰੰਤ ਘਟਨਾ ਸਥਾਨ 'ਤੇ ਪਹੁੰਚ ਗਏ ਅਤੇ ਕੀਤੀ ਜਾ ਰਹੀ ਹੜਤਾਲ ਨੂੰ ਪਾਸੇ ਰੱਖਦਿਆਂ ਇਸ ਨੂੰ ਸਮਾਜਿਕ ਜ਼ਿੰਮੇਵਾਰੀ ਸਮਝਦਿਆਂ ਅੱਗੇ ਆਏ। ਹੋਰ ਕਰਮਚਾਰੀਆਂ ਦੀ ਮਦਦ ਨਾਲ, ਉਸਨੇ ਪੈਨਲ ਦੀ ਪਛਾਣ ਕੀਤੀ ਅਤੇ ਅੱਗ ਬੁਝਾਉਣ ਲਈ ਅੱਗ ਬੁਝਾਉਣ ਵਾਲੇ ਯੰਤਰਾਂ ਦੀ ਵਰਤੋਂ ਕੀਤੀ। ਸ਼ੁਰੂਆਤੀ ਅੰਦਾਜ਼ੇ ਮੁਤਾਬਕ ਅੱਗ ਕਾਰਨ ਸਬ ਸਟੇਸ਼ਨ ਦੇ ਕਈ ਬਿਜਲੀ ਦੇ ਪੈਨਲਾਂ ਅਤੇ ਹੋਰ ਸਾਮਾਨ ਨੂੰ ਨੁਕਸਾਨ ਪਹੁੰਚਿਆ। ਹਾਲਾਂਕਿ, ਸਰਬਜੋਤ ਸਿੰਘ ਅਤੇ ਉਸਦੇ ਸਾਥੀਆਂ ਦੀ ਤੇਜ਼ ਕਾਰਵਾਈ ਦੇ ਕਾਰਨ, ਨੁਕਸਾਨ 'ਤੇ ਕਾਬੂ ਪਾ ਲਿਆ ਗਿਆ ਅਤੇ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਅੱਗ ਲੱਗਣ ਦੇ ਕਾਰਨਾਂ ਦੀ ਅਜੇ ਜਾਂਚ ਕੀਤੀ ਜਾ ਰਹੀ ਹੈ ਪਰ ਮੰਨਿਆ ਜਾ ਰਿਹਾ ਹੈ ਕਿ ਇਹ ਕਿਸੇ ਤਕਨੀਕੀ ਖ਼ਰਾਬੀ ਕਾਰਨ ਲੱਗੀ ਹੈ। ਪਾਵਰਕਾਮ ਦੇ ਉੱਚ ਅਧਿਕਾਰੀਆਂ ਨੇ ਜੇ.ਈ ਸਰਬਜੋਤ ਸਿੰਘ ਅਤੇ ਉਨ੍ਹਾਂ ਦੀ ਟੀਮ ਦਾ ਜ਼ਿੰਮੇਵਾਰਾਨਾ ਕਾਰਵਾਈਆਂ ਲਈ ਧੰਨਵਾਦ ਕੀਤਾ। ਉਨ੍ਹਾਂ ਇਹ ਵੀ ਭਰੋਸਾ ਦਵਾਇਆ ਕਿ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਾਰੇ ਲੋੜੀਂਦੇ ਕਦਮ ਚੁੱਕੇ ਜਾਣਗੇ।

ਹੜਤਾਲ ਤੇ ਹੋਣ ਦੇ ਬਾਵਜੂਦ ਜੇ.ਈ ਸਰਬਜੋਤ ਸਿੰਘ ਸਮੇਤ ਵਰਕਰਾਂ ਨੇ ਆਪਣੇ ਫਰਜ਼ਾਂ ਅਤੇ ਜ਼ਿੰਮੇਵਾਰੀਆਂ ਪ੍ਰਤੀ ਵਚਨਬੱਧਤਾ ਦਿਖਾਉਂਦੇ ਹੋਏ ਇਕ ਮਿਸਾਲ ਪੈਦਾ ਕੀਤੀ ਹੈ। ਇਹ ਘਟਨਾ ਸੰਕਟ ਦੇ ਸਮੇਂ ਜ਼ਿੰਮੇਵਾਰੀ ਅਤੇ ਤੁਰੰਤ ਕਾਰਵਾਈਆਂ ਦੀ ਮਹੱਤਤਾ ਦੀ ਯਾਦ ਦਿਵਾਉਣ ਦਾ ਕੰਮ ਕਰਦੀ ਹੈ। ਜੇਈ ਸਰਬਜੋਤ ਸਿੰਘ ਦਾ ਪਭਾਤ 66 ਕੇਵੀ ਸਬ ਸਟੇਸ਼ਨ ਗਰਿੱਡ ਦੇ ਕੰਟਰੋਲ ਪੈਨਲ ਵਿੱਚ ਅੱਗ ਬੁਝਾਉਣ ਦਾ ਨਿਰਸਵਾਰਥ ਕਾਰਜ ਪਾਵਰਕੌਮ ਦੇ ਕਰਮਚਾਰੀਆਂ ਦੇ ਸਮਰਪਣ ਅਤੇ ਬਹਾਦਰੀ ਦਾ ਪ੍ਰਮਾਣ ਹੈ। ਕਰਮਚਾਰੀ ਆਸ ਕਰਦੇ ਹਨ ਕਿ ਇਹ ਘਟਨਾ ਕਰਮਚਾਰੀਆਂ ਦੀਆਂ ਮੰਗਾਂ ਵੱਲ ਵੀ ਧਿਆਨ ਦਵਾਵੇਗੀ ਅਤੇ ਉਨ੍ਹਾਂ ਦੀਆਂ ਕੰਮਕਾਜੀ ਹਾਲਤਾਂ ਵਿੱਚ ਸਕਾਰਾਤਮਕ ਤਬਦੀਲੀਆਂ ਲਿਆਏਗੀ।

# ਗਰਭ ਅਵਸਥਾ ਦੌਰਾਨ ਕਸਰਤ ਦੇ ਫ਼ਾਇਦੇ



ਗਰਭ ਅਵਸਥਾ ਦਾ ਅਹਿਸਾਸ ਸਾਰਿਆਂ ਲਈ ਖ਼ੁਸ਼ੀ ਭਰਿਆ ਹੁੰਦਾ ਹੈ। ਜਦੋਂ ਘਰ ਵਿੱਚ ਛੋਟੇ ਬੱਚੇ ਦੇ ਆਉਣ ਦੀ ਖਬਰ ਮਿਲਦੀ ਹੈ ਤਾਂ ਸਾਰਿਆਂ ਦੀ ਖ਼ੁਸ਼ੀ ਦਾ ਠਿਕਾਣਾ ਨਹੀਂ ਰਹਿੰਦਾ। ਇਨ੍ਹਾਂ ਦਿਨਾਂ ਵਿੱਚ ਬਾਲੀਵੁੱਡ ਦੀ ਕਈ ਐਕਟਰਸ ਆਪਣੇ ਪ੍ਰੈਗਨੇਂਸੀ ਪੀਰੀਅਡ ਨੂੰ ਕਾਫ਼ੀ ਇਨਜਾਏ ਕਰ ਰਹੀ ਹੈ। ਆਪਣੇ ਬੇਬੀ ਬੰਪ ਦੇ ਨਾਲ ਨਵੇਂ-ਨਵੇਂ ਪੋਜ ਦੇ ਕੇ ਫ਼ੋਟੋਜ ਸ਼ੇਅਰ ਕਰ ਰਹੀ ਹੈ। ਇਸ ਤੋਂ ਇਲਾਵਾ ਬਾਲੀਵੁੱਡ ਡਿਵਾਜ ਆਪਣੇ ਗਰਭ ਅਵਸਥਾ ਵਿੱਚ ਕਸਰਤ ਨੂੰ ਕਾਫ਼ੀ ਅਹਮਿਅਤ ਦੇ ਰਹੀ ਹੈ। ਕੀ ਤੁਸੀਂ ਜਾਣਦੇ ਹੋ ਗਰਭ ਅਵਸਥਾ ਵਿੱਚ ਕਸਰਤ ਕਰਨ ਨਾਲ ਕਿਹੜੇ ਫ਼ਾਇਦੇ ਮਿਲਦੇ ਹਨ। ਜੇ ਤੁਸੀਂ ਨਹੀਂ ਜਾਣਦੇ ਤਾਂ ਇਨ੍ਹਾਂ ਬਾਲੀਵੁੱਡ ਅਦਾਕਾਰਾ ਤੋਂ ਸਿਖੋ। ਆਓ ਜਾਣਦੇ ਹਾਂ ਗਰਭ ਅਵਸਥਾ ਦੇ ਦੌਰਾਨ ਕਸਰਤ ਕਰਨ ਨਾਲ ਕੀ ਫ਼ਾਇਦਾ ਹੁੰਦਾ ਹੈ।

1. ਲੇਬਰ ਪੇਨ ਮਾਨਸਿਕ ਅਤੇ ਸਰੀਰਕ ਰੂਪ ਵਿੱਚ ਕਾਫ਼ੀ ਦਰਦ ਦਿੰਦਾ ਹੈ। ਜਦੋਂ ਲੇਬਰ ਪੇਨ ਹੁੰਦਾ ਹੈ ਤਾਂ ਇਸ ਨੂੰ ਸਹਿਣਾ ਕਾਫ਼ੀ ਮੁਸ਼ਕਲ ਹੁੰਦਾ ਹੈ ਪਰ ਗਰਭ ਅਵਸਥਾ ਦੌਰਾਨ ਕਸਰਤ ਕੀਤੀ ਜਾਵੇ ਤਾਂ ਲੇਬਰ ਪੇਨ ਦਾ ਦਰਦ ਸਹਿਣ ਲਈ ਤਾਕਤ ਮਿਲਦੀ ਹੈ।
2. ਗਰਭ ਅਵਸਥਾ ਦੌਰਾਨ ਕਸਰਤ ਕਰਨ ਨਾਲ ਪੇਲਵਿਰ ਫ਼ਲੋਰ ਮਾਸਪੇਸ਼ੀਆਂ ਵੀ ਮਜ਼ਬੂਤ ਹੋ ਜਾਂਦੀਆਂ ਹਨ। ਇਸ ਨਾਲ ਵੈਜਾਈਨਾ ਨੂੰ ਸਪੋਟ ਮਿਲਦੀ ਹੈ। ਇਸ ਲਈ ਗਰਭ ਅਵਸਥਾ ਦੌਰਾਨ ਫ਼ਲੋਰ ਫ਼ਰਸ਼ ਨਾਲ ਜੁੜੀ ਕਸਰਤ ਕਰੋ।
3. ਗਰਭ ਅਵਸਥਾ ਦੌਰਾਨ ਜੇ ਤੁਸੀਂ ਆਸਾਨੀ ਨਾਲ ਹੋਣ ਵਾਲੀ ਕਸਰਤ ਵੀ ਕਰੋ ਤਾਂ ਇਸ ਨਾਲ ਲੱਤਾ ਦੀਆਂ ਮਾਸਪੇਸ਼ੀਆਂ ਮਜ਼ਬੂਕ ਰਹਿੰਦੀਆਂ ਹਨ। ਇਸ ਲਈ ਬਹਿਤਰ ਹੋਵੇਗਾ ਕਿ ਕਸਰਤ ਕਰੋ ਕਿਉਂਕਿ ਇਹ ਲੱਤਾ ਦੀਆਂ ਮਾਸਪੇਸ਼ੀਆਂ ਨੂੰ ਲੇਬਰ ਦੇ ਤਣਾਅ ਤੋਂ ਬਚਾਉਂਦੀ ਹੈ।
4. ਗਰਭ ਅਵਸਥਾ ਦੇ ਬਾਅਦ ਭਾਰ ਵਧਣ ਲੱਗਦਾ ਹੈ ਜੇ ਤੁਸੀਂ ਵੀ ਆਪਣੇ ਭਾਰ ਨੂੰ ਕੰਟਰੋਲ ਵਿੱਚ ਰੱਖਣਾ ਚਾਹੁੰਦੀ ਹੋ ਤਾਂ ਗਰਭ ਅਵਸਥਾ ਦੇ ਦੌਰਾਨ ਕਸਰਤ ਨੂੰ ਵੀ ਅਹਮਿਅਤ ਦਿਓ।
5. ਡਿਲਵਰੀ ਦੇ ਬਾਅਦ ਸਰੀਰ ਨੂੰ ਫ਼ਿਟ ਰੱਖਣ ਲਈ ਕਸਰਤ ਕਾਫ਼ੀ ਜ਼ਰੂਰੀ ਹੈ। ਇਸ ਨਾਲ ਤੇਜ਼ੀ ਨਾਲ ਰਿਕਵਰੀ ਹੋਵੇਗੀ ਅਤੇ ਤੁਸੀਂ ਪਹਿਲਾਂ ਵਰਗੀ ਫ਼ਿਗਰ ਮੇਨਟੇਨ ਰੱਖ ਸਕੋਗੀ।

# ਤੁਲਸੀ ਕਰਦੀ ਹੈ ਸ਼ਰੀਰ ਦੀਆਂ ਕਈ ਬੀਮਾਰੀਆਂ ਨੂੰ ਦੂਰ



ਤੁਲਸੀ ਵਿੱਚ ਕਈ ਔਸ਼ਧੀਆਂ ਦੇ ਗੁਣ ਮੌਜੂਦ ਹਨ। ਦਿਲ ਦਾ ਰੋਗ ਹੋਵੇ ਜਾਂ ਸਰਦੀ ਜ਼ੁਕਾਮ, ਆਯੁਰਵੇਦਾ ਵਿੱਚ ਤੁਲਸੀ ਦੀ ਵਰਤੋਂ ਸ਼ੁਰੂ ਤੋਂ ਹੁੰਦੀ ਆ ਰਹੀ ਹੈ। ਭਾਰਤ ਵਿੱਚ ਕਈ ਘਰਾਂ ਵਿੱਚ ਹੀ ਤੁਹਾਨੂੰ ਤੁਲਸੀ ਦੇ ਪੌਦੇ ਦੇਖਣ ਨੂੰ ਮਿਲ ਜਾਂਦੇ ਹਨ। ਤੁਲਸੀ ਦੀ ਵਰਤੋਂ ਨਾਲ ਸਰੀਰ ਕਈ ਬੀਮਾਰੀਆਂ ਤੋਂ ਦੂਰ ਰਹਿੰਦਾ ਹੈ। ਤੁਲਸੀ ਨਾਲ ਕਈ ਰੋਗਾਂ ਨੂੰ ਦੂਰ ਕੀਤਾ ਜਾ ਸਕਦਾ ਹੈ। ਆਓ ਜਾਣਦੇ ਹਾਂ ਤੁਲਸੀ ਨਾਲ ਸ਼ਰੀਰ ਨੂੰ ਹੋਣ ਵਾਲੇ ਫ਼ਾਇਦਿਆਂ ਬਾਰੇ...

1. ਗਲੇ ਦੀ ਖ਼ਰਾਸ਼: ਤੁਲਸੀ ਦੀਆਂ ਪੱਤੀਆਂ ਨੂੰ ਉਬਾਲ ਕੇ ਉਸ ਪਾਣੀ ਨੂੰ ਪੀਣ ਨਾਲ ਗਲੇ ਦੀ ਖ਼ਰਾਸ਼ ਦੂਰ ਹੋ ਜਾਂਦੀ ਹੈ। ਇਸ ਪਾਣੀ ਨੂੰ ਤੁਸੀਂ ਗਰਾਰੇ ਕਰਨ ਲਈ ਵੀ ਵਰਤ ਸਕਦੇ ਹੋ। ਬੱਚਿਆਂ ਵਿੱਚ ਬੁਖ਼ਾਰ, ਖ਼ਾਂਸੀ ਅਤੇ ਉਲਟੀ ਵਰਗੀ ਸਮੱਸਿਆ ਹੋਣ 'ਤੇ ਤੁਲਸੀ ਬੇਹੱਦ ਫ਼ਾਇਦੇਮੰਦ ਹੁੰਦੀ ਹੈ।
2. ਸਾਹ ਦੀ ਸਮੱਸਿਆ: ਸਾਹ ਦੀ ਸਮੱਸਿਆ ਹੋਣ 'ਤੇ ਤੁਲਸੀ ਬਹੁਤ ਹੀ ਲਾਭਕਾਰੀ ਸਾਬਤ ਹੁੰਦੀ ਹੈ। ਸ਼ਹਿਦ, ਅਦਰਕ ਅਤੇ ਤੁਲਸੀ ਨੂੰ ਮਿਲਾ ਕੇ ਬਣਾਇਆ ਗਿਆ ਕਾੜ੍ਹਾ ਪੀਣ ਨਾਲ ਖ਼ਾਂਸੀ ਅਤੇ ਸਰਦੀ ਤੋਂ ਰਾਹਤ ਮਿਲਦੀ ਹੈ ਅਤੇ ਇਸ ਨਾਲ ਸਾਹ ਦੀ ਸਮੱਸਿਆ ਵੀ ਦੂਰ ਹੋ ਜਾਂਦੀ ਹੈ।
3. ਗੁਰਦੇ ਦੀ ਪੱਥਰੀ: ਤੁਲਸੀ ਗੁਰਦਿਆਂ ਨੂੰ ਮਜ਼ਬੂਤ ਬਣਾਉਂਦੀ ਹੈ ਜੇ ਕਿਸੇ ਦੇ ਗੁਰਦੇ ਵਿੱਚ ਪੱਥਰੀ ਹੋ ਗਈ ਹੈ ਤਾਂ ਸ਼ਹਿਦ ਵਿੱਚ ਤੁਲਸੀ ਦੇ ਪੱਤੇ ਮਿਲਾ ਕੇ ਨਿਯਮਿਤ ਇਸ ਦੀ ਵਰਤੋਂ ਕਰੋ। ਛੇ ਮਹੀਨੇ ਵਿਚ ਹੀ ਇਸ ਦਾ ਅਸਰ ਦਿਖਣਾ ਸ਼ੁਰੂ ਹੋ ਜਾਵੇਗਾ। 4. ਦਿਲ ਦੇ ਰੋਗ: ਤੁਲਸੀ ਖ਼ੂਨ ਵਿੱਚ ਕੋਲੈਸਟਰੋਲ ਦੇ ਲੇਵਲ ਨੂੰ ਘਟਾਉਂਦੀ ਹੈ। ਅਜਿਹੇ ਵਿੱਚ ਦਿਲ ਦੇ ਰੋਗੀਆਂ ਲਈ ਇਹ ਕਾਫ਼ੀ ਕਾਰਗਾਰ ਸਾਬਤ ਹੁੰਦੀ ਹੈ। ਇਸ ਤੋਂ ਇਲਾਵਾ ਜਿਨ੍ਹਾਂ ਮਰਦਾਂ ਨੂੰ ਕੋਲੈਸਟਰੋਲਦ ਦੀ ਵਜ੍ਹਾ ਤੋਂ ਨਾਮਰਦੀ ਦੀ ਸਮੱਸਿਆ ਨਾਲ ਜੂਝਣਾ ਪੈ ਰਿਹਾ ਹੈ, ਉਨ੍ਹਾਂ ਨੂੰ ਵੀ ਤੁਲਸੀ ਦੀ ਲੰਬਾ ਅਰਸਾ ਵਰਤੋਂ ਨਾਲ ਫ਼ਾਇਦਾ ਹੁੰਦਾ ਹੈ।
5. ਤਨਾਅ: ਤੁਲਸੀ ਦੇ ਪੱਤਿਆਂ ਵਿੱਚ ਤਨਾਅ ਦੂਰ ਕਰਨ ਦੇ ਗੁਣ ਵੀ ਮੌਜੂਦ ਹਨ। ਹਾਲ ਹੀ ਵਿੱਚ ਇੱਕ ਸ਼ੋਧ ਵਿੱਚ ਪਤਾ ਚਲਿਆ ਹੈ ਕਿ ਤੁਲਸੀ ਤਨਾਅ ਤੋਂ ਬਚਾਉਂਦੀ ਹੈ। ਤਨਾਅ ਨੂੰ ਖੁਦ ਤੋਂ ਦੂਰ ਰੱਖਣ ਲਈ ਹਰ ਕਿਸੇ ਨੂੰ ਤੁਲਸੀ ਦੇ 12 ਪੱਤਿਆਂ ਦੀ ਰੋਜ਼ ਵਰਤੋਂ ਕਰਨੀ ਚਾਹੀਦੀ ਹੈ। ਇਸ ਨਾਲ ਕਾਫ਼ੀ ਫ਼ਾਇਦਾ ਹੁੰਦਾ ਹੈ।
6. ਇਨਫ਼ੈਕਸ਼ਨ ਅਤੇ ਚਮੜੀ ਰੋਗ: ਅਲਸਰ ਅਤੇ ਇਨਫੈਕਸ਼ਨ ਹੋਣ 'ਤੇ ਤੁਲਸੀ ਦੀਆਂ ਪੱਤੀਆਂ ਫ਼ਾਇਦੇਮੰਦ ਸਾਬਤ ਹੁੰਦੀਆਂ ਹਨ। ਰੋਜ਼ਾਨਾ ਤੁਲਸੀ ਨੂੰ ਚਬਾਉਣ ਨਾਲ ਇਨਫ਼ੈਕਸ਼ਨ ਦੂਰ ਹੋ ਜਾਂਦੀ ਹੈ। ਦਾਦ, ਖ਼ਾਰਸ਼ ਅਤੇ ਚਮੜੀ ਦੀਆਂ ਹੋਰ ਸਮੱਸਿਆਵਾਂ ਲਈ ਤੁਲਸੀ ਦੇ ਅਰਕ ਨੂੰ ਪ੍ਰਭਾਵਿਤ ਥਾਂਵਾਂ 'ਤੇ ਲਗਾਉਣ ਨਾਲ ਕੁਝ ਹੀ ਦਿਨ੍ਹਾਂ ਵਿੱਚ ਰੋਗ ਦੂਰ ਹੋ ਜਾਂਦਾ ਹੈ।
7. ਸਾਹ ਦੀ ਬਦਬੂ: ਤੁਲਸੀ ਦੀਆਂ ਸੁੱਕੀਆਂ ਪੱਤੀਆਂ ਨੂੰ ਸਰ੍ਹੋਂ ਦੇ ਤੇਲ ਵਿੱਚ ਮਿਲਾ ਕੇ ਦੰਦ ਸਾਫ਼ ਕਰਨ ਨਾਲ ਸਾਹ ਦੀ ਬਦਬੂ ਦੂਰ ਹੋ ਜਾਂਦੀ ਹੈ। ਸਿਰ ਦਰਦ ਵਿੱਚ ਤੁਲਸੀ ਇੱਕ ਵੱਧੀਆ ਦਵਾਈ ਦੇ ਤੌਰ 'ਤੇ ਕੰਮ ਕਰਦੀ ਹੈ। ਤੁਲਸੀ ਦਾ ਕਾੜ੍ਹਾ ਪੀਣ ਨਾਲ ਸਿਰ ਦਰਦ ਵਿੱਚ ਆਰਾਮ ਮਿਲਦਾ ਹੈ। ਅੱਖਾਂ ਵਿੱਚ ਜਲਨ ਹੋਣ 'ਤੇ ਤੁਲਸੀ ਕਾਰਗਾਰ ਸਾਬਤ ਹੁੰਦੀ ਹੈ। ਰੋਜ਼ਾਨਾ ਤੁਲਸੀ ਦੇ ਅਰਕ ਦੀਆਂ ਦੋ ਬੂੰਦਾਂ ਅੱਖਾਂ ਵਿੱਚ ਪਾਉਣੀਆਂ ਚਾਹੀਦੀਆਂ ਹਨ।

# ਡੇਂਗੂ ਦਾ ਇਲਾਜ ਤੇ ਸਾਵਧਾਨੀਆਂ

ਨਰਿੰਦਰ ਕੁਮਾਰ ਭਦੌੜੀਆ (ਡਾ.)



ਡੇਂਗੂ ਇੱਕ ਵਾਇਰਸ ਦਾ ਨਾਮ ਹੈ। ਡੇਂਗੂ ਹੋਣ ਦਾ ਕਾਰਨ ਇਨਫੈਕਸ਼ਨ ਹੁੰਦਾ ਹੈ। ਇਹ ਇਨਫੈਕਸ਼ਨ ਡੇਂਗੂ ਦੇ ਕਰੀਬ ਚਾਰ ਤਰ੍ਹਾਂ ਦੇ ਵਾਇਰਸ ਕਰਕੇ ਹੁੰਦਾ ਹੈ। ਇਹ ਵਾਇਰਸ ਹਨ 45ਐਨਵੀ1, 45ਐਨਵੀ 2, 45ਐਨਵੀ 3 ਅਤੇ 45 ਐਨਵੀ4। ਡੇਂਗੂ ਬੁਖ਼ਾਰ, ਡੇਂਗੂਗ੍ਰਸਤ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਜਿਸਦਾ ਨਾਮ ਏਡੀਜ਼ ਹੈ। ਇਹ ਇੱਕ ਮਨੁੱਖ, ਜਿਸਨੂੰ ਡੇਂਗੂ ਹੈ, ਰਾਹੀਂ ਇਕ ਮਨੁੱਖ ਤੋਂ ਦੂਸਰੇ ਮਨੁੱਖ ਤੱਕ ਏਡੀਜ਼ ਮੱਛਰ ਫੈਲਾਉਂਦਾ ਹੈ। ਇਸ ਮੱਛਰ ਦੇ ਸਰੀਰ ਅਤੇ ਲੱਤਾਂ 'ਤੇ ਕਾਲੇ ਅਤੇ ਚਿੱਟੇ ਰੰਗ ਦੀਆਂ ਧਾਰੀਆਂ ਹੁੰਦੀਆਂ ਹਨ। ਇਸ ਕਰਕੇ ਇਸ ਨੂੰ ਚੀਤਾ ਮੱਛਰ ਵੀ ਕਿਹਾ ਜਾਂਦਾ ਹੈ। ਇਹ ਮੱਛਰ ਦਿਨ ਸਮੇਂ ਕੱਟਦਾ ਹੈ। ਮਾਦਾ ਮੱਛਰ ਆਪਣੇ ਆਂਡੇ ਸਾਫ ਪਾਣੀ ਦੇ ਕੰਟੇਨਰਾਂ ਵਿੱਚ ਹੀ ਦਿੰਦੀ ਹੈ।

ਸਿਰਫ ਮਾਦਾ ਮੱਛਰ ਹੀ ਡੰਗ ਮਾਰਦਾ ਹੈ ਕਿਉਂਕਿ ਇਸਨੂੰ ਆਂਡੇ ਦੇਣ ਲਈ ਪ੍ਰੋਟੀਨ ਦੀ ਜ਼ਰੂਰਤ ਹੁੰਦੀ ਹੈ ਜੋ ਇਸ ਨੂੰ ਮਨੁੱਖੀ ਖ਼ੂਨ ਚੋਂ ਮਿਲ ਜਾਂਦੀ ਹੈ। ਇਸ ਨਾਲ ਇਸ ਦੇ ਆਂਡੇ ਨੂੰ ਵਧਣ ਵਿੱਚ ਆਸਾਨੀ ਹੋ ਜਾਂਦੀ ਹੈ। ਇਸ ਮੱਛਰ ਦੇ ਕੱਟਣ ਤੋਂ ਸੱਤ ਦਿਨਾਂ ਬਾਅਦ ਇਸ ਦਾ ਵਾਇਰਸ ਮਨੁੱਖੀ ਸਰੀਰ 'ਚ ਘਰ ਕਰ ਜਾਂਦਾ ਹੈ।

ਇਕ ਮਾਦਾ ਏਡੀਜ਼ ਦੀ ਉਮਰ ਲਗਪਗ ਤਿੰਨ ਹਫਤੇ ਮੰਨੀ ਜਾਂਦੀ ਹੈ। ਪ੍ਰੰਤੂ ਇਹ ਮਾਦਾ ਮੱਛਰ ਆਪਣੀ ਉਮਰ ਵਿੱਚ 3 ਜਾਂ 4 ਵਾਰੀ ਆਂਡੇ ਦਿੰਦੀ ਹੈ। ਹਰ ਵਾਰ ਦਿੱਤੇ ਆਂਡਿਆਂ ਦੀ ਗਿਣਤੀ ਕਰੀਬ 200-250 ਹੁੰਦੀ ਹੈ।

ਵੱਡੇ ਬਣ ਚੁੱਕੇ ਮੱਛਰ ਆਮ ਤੌਰ 'ਤੇ ਹਨੇਰੇ ਥਾਵਾਂ ਉਪਰ ਜਿਵੇਂ ਕਿ ਕਮਰੇ ਵਿੱਚ ਬੈਡ ਦੇ ਹੇਠਾਂ, ਪਰਦਿਆਂ ਦੇ ਪਿੱਛੇ, ਕੁਰਸੀਆਂ ਅਤੇ ਮੇਜ਼ਾਂ ਦੇ ਥੱਲੇ ਲੁਕ ਕੇ ਬੈਠਦੇ ਹਨ। ਇਨ੍ਹਾਂ ਦੇ ਡੰਗ ਮਾਰਨ ਲਈ ਉਡਣ ਦੀ ਸਮਰੱਥਾ ਬਹੁਤ ਥੋੜੀ ਹੁੰਦੀ ਹੈ। ਇਹ ਮੱਛਰ ਤਕਰੀਬਨ 400 ਮੀਟਰ ਤਕ ਉਡਾਰੀ ਮਾਰ ਸਕਦਾ ਹੈ। ਸਾਫ ਪਾਣੀ ਨਾਲ ਭਰੇ ਹੋਏ ਕੰਟੇਨਰ, ਪਾਣੀ ਵਾਲੇ ਘੜੇ, ਪੁਰਾਣੇ ਸਕੂਟਰਾਂ ਸਾਈਕਲਾਂ ਦੇ ਟਾਇਰ, ਗਮਲੇ ਅਤੇ ਹੋਰ ਅਜਿਹਾ ਸਾਮਾਨ, ਜਿਸ ਵਿੱਚ ਪਾਣੀ ਖੜ੍ਹਾ ਹੋਵੇ, ਆਂਡੇ ਦੇਣ ਲਈ ਵਰਤਦੇ ਹਨ। ਇਸ ਦਾ ਸਿੱਧਾ ਮਤਲਬ ਇਹ ਨਿਕਲਦਾ ਹੈ ਕਿ ਇਹ ਮੱਛਰ ਹੌਲੀ ਹੌਲੀ ਆਪਣੇ ਆਂਡਿਆਂ ਨਾਲ ਇਸ ਬਿਮਾਰੀ ਨੂੰ ਬਹੁਤ ਹੀ ਆਸਾਨੀ ਨਾਲ ਫੈਲਾਅ ਦਿੰਦੇ ਹਨ। ਡੇਂਗੂ ਮਾਦਾ ਮੱਛਰ ਕਦੇ ਵੀ ਆਪਣੇ ਆਂਡੇ ਦੇਣ ਲਈ ਚੱਲਦੇ ਪਾਣੀ ਦਾ ਇਸਤੇਮਾਲ ਜਿਵੇਂ ਸੂਏ, ਨਹਿਰਾਂ, ਡਰੇਨਾਂ, ਨਦੀਆਂ, ਝੀਲਾਂ ਆਦਿ ਨੂੰ ਨਹੀਂ ਵਰਤਦੇ।



ਦੇਖਣ ਵਿੱਚ ਆਇਆ ਹੈ ਕਿ ਮਾਦਾ ਮੱਛਰ ਦੇ ਡੰਗ ਮਾਰਨ ਤੋਂ 5-6 ਦਿਨਾਂ ਬਾਅਦ ਮੱਛਰ ਦੀ ਇਨਫੈਕਸ਼ਨ ਮਨੁੱਖੀ ਸਰੀਰ ਵਿੱਚ ਘਰ ਕਰਦੀ ਹੈ। ਇਸ ਦਾ ਸਿੱਧਾ ਜਿਹਾ ਮਤਲਬ ਇਹ ਹੈ ਕਿ ਕਿਸੇ ਵੀ ਡੇਂਗੂ ਮਾਦਾ ਮੱਛਰ ਦੇ ਕੱਟਣ ਮੌਕੇ ਇਨਫੈਕਸ਼ਨ ਨਹੀਂ ਹੁੰਦੀ ਸਗੋਂ 5- 6 ਦਿਨਾਂ ਵਿੱਚ ਇਸਦਾ ਅਸਰ ਹੋਣਾ ਸ਼ੁਰੂ ਹੁੰਦਾ ਹੈ। ਡੇਂਗੂ ਦਾ ਮੱਛਰ ਆਮ ਕਰਕੇ ਦਿਨ ਵੇਲੇ ਡੰਗ ਮਾਰਦਾ ਹੈ। ਇਹ ਦੇਖਣ ਵਿੱਚ ਆਇਆ ਹੈ ਕਿ ਇਹ ਸੂਰਜ ਨਿਕਲਣ ਤੋਂ ਦੋ ਘੰਟੇ ਬਾਅਦ ਅਤੇ ਸ਼ਾਮ ਨੂੰ ਸੂਰਜ ਛਿਪਣ ਤੋਂ ਦੋ ਘੰਟੇ ਪਹਿਲਾਂ ਐਕਟਿਵ ਰਹਿੰਦਾ ਹੈ ਭਾਵ ਡੇਂਗੂ ਦਾ ਮੱਛਰ ਸਿਰਫ ਦਿਨ ਸਮੇਂ ਹੀ ਕੱਟਦਾ ਹੈ। ਇਸ ਤੋਂ ਬਚਣ ਲਈ ਪੂਰੀਆਂ ਬਾਹਾਂ ਦੇ ਕੱਪੜੇ ਪਹਿਨੋ। ਇਸ ਤਰ੍ਹਾਂ ਦੇ ਕੱਪੜੇ ਪਾਉ ਜਿਸ ਨਾਲ ਪੂਰਾ ਸਰੀਰ ਢੱਕਿਆ ਜਾਵੇ। ਦਿਨ ਸਮੇਂ ਮੱਛਰ ਭਜਾਉਣ ਵਾਲੀਆਂ ਕਰੀਮਾਂ, ਗੁੱਡ ਨਾਈਟ, ਆਦਿ ਦਾ ਇਸਤੇਮਾਲ ਕਰੋ। ਖਾਸ ਕਰਕੇ ਬੱਚਿਆਂ ਅਤੇ ਬਜ਼ੁਰਗਾਂ ਦਾ ਧਿਆਨ ਰੱਖੋ ਕਿਉਂਕਿ ਦਿਨ ਸਮੇਂ ਜ਼ਿਆਦਾਤਰ ਬੱਚੇ ਅਤੇ ਬਜ਼ੁਰਗ ਆਰਾਮ ਕਰਦੇ ਹਨ। ਡੇਂਗੂ ਦੀਆਂ ਨਿਸ਼ਾਨੀਆਂ: ਤੇਜ਼ ਸਿਰ ਦਰਦ ਹੋਣਾ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਜ਼ਿਆਦਾ ਦਰਦ ਮਹਿਸੂਸ ਹੋਣਾ, ਮਾਸਪੇਸ਼ੀਆਂ ਦਾ ਦਰਦ, ਜੋੜਾਂ ਦਾ ਦਰਦ, ਖਾਰਸ਼ ਨਾਲ ਦਾਣੇ ਨਿਕਲਣਾ ਅਤੇ ਨੱਕ ਤੇ ਮਸੂੜਿਆਂ ਵਿਚੋਂ ਖ਼ੂਨ ਵਗਣਾ। ਇਹ ਲੱਛਣ ਆਮ ਤੌਰ 0ਤੇ ਡੇਂਗੂ ਦੀ ਬਿਮਾਰੀ ਗ੍ਰਸਤ ਮੱਛਰ ਦੇ ਕੱਟਣ ਤੇ ਦਿਖਾਈ ਦਿੰਦੇ ਹਨ। ਇਥੇ ਇਹ ਵੀ ਜਿਕਰਯੋਗ ਹੈ ਕਿ ਇਹ ਉਪਰੋਕਤ ਲੱਛਣ ਹੋਣ ਦਾ ਮਤਲਬ ਇਹ ਵੀ ਨਹੀਂ ਹੈ ਕਿ ਜਿਸ ਮਨੁੱਖ 0ਚ ਇਹ ਲੱਛਣ ਹੋਣ ਉਸ ਨੂੰ ਡੇਂਗੂ ਹੋਣਾ ਯਕੀਨੀ ਹੈ। ਜੇ ਕਿਸੇ ਮਨੁੱਖ ਨੂੰ ਲੱਗਦਾ ਹੈ ਕਿ ਉਸ ਵਿੱਚ ਡੇਂਗੂ ਬੁਖ਼ਾਰ ਦੇ ਲੱਛਣ ਹਨ ਤਾਂ ਉਹ ਜਲਦੀ ਡਾਕਟਰ ਕੋਲ ਜਾ ਕੇ ਆਪਣੇ ਖ਼ੂਨ ਦੇ ਸੈਂਪਲ ਦੇ ਸਕਦਾ ਹੈ। ਸੈਂਪਲ ਦੀ ਰਿਪੋਰਟ ਆਉਣ ਤੇ ਸਾਫ ਹੋ ਜਾਂਦਾ ਹੈ ਕਿ ਡੇਂਗੂ ਹੈ ਜਾਂ ਨਹੀ। ਡੇਂਗੂ ਦੇ ਟੈਸਟ ਦੋ ਪ੍ਰਕਾਰ ਦੇ ਹੁੰਦੇ ਹਨ। ਇਕ ਟੈਸਟ ਪਹਿਲੇ ਪੰਜ ਦਿਨ ਵਿੱਚ ਡੇਂਗੂ ਦੇ ਲੱਛਣ ਮਹਿਸੂਸ ਹੋਣ ਅਤੇ ਦੂਜਾ ਟੈਸਟ ਪੰਜ ਦਿਨਾਂ ਤੋਂ ਬਾਅਦ ਹੁੰਦਾ ਹੈ। ਸਾਧਾਰਨ ਡੇਂਗੂ ਬੁਖ਼ਾਰ ਵਿੱਚ ਮੌਤ ਨਹੀਂ ਹੁੰਦੀ ਅਤੇ ਲਗਭਗ ਇੱਕ ਹਫਤੇ ਬਾਅਦ ਮਰੀਜ਼ ਠੀਕ ਹੋ ਜਾਂਦਾ ਹੈ। ਪਰ ਜੇਕਰ ਮਰੀਜ਼ ਨੂੰ ਅਗਲੇ ਪੜਾਅ ਡੇਂਗੂ ਸੋਕ ਸਿੰਡਰਮ ਦੇ ਲੱਛਣ ਹੋਣ ਅਤੇ ਸਮੇਂ ਸਿਰ ਭਰਤੀ ਨਾ ਕਰਵਾਇਆ ਜਾਵੇ ਤਾਂ ਜਾਨਲੇਵਾ ਹੋ ਸਕਦਾ ਹੈ। 3 ਤੋਂ 5 ਦਿਨਾ ਦੇ ਬੁਖਾਰ ਤੋ ਬਾਅਦ ਉਪਰੋਕਤ ਲੱਛਣ ਦਿਖਾਈ ਦੇਣ ਤਾਂ ਮਰੀਜ਼ ਨੂੰ ਤੁਰੰਤ ਹਸਪਤਾਲ ਭਰਤੀ ਕਰਵਾ ਦੇਣਾ ਚਾਹੀਦਾ ਹੈ। ਨਵਜੰਮੇ ਬੱਚੇ ਅਤੇ ਛੋਟੇ ਬੱਚੇ ਇਸਦਾ ਜਲਦੀ ਸ਼ਿਕਾਰ ਹੋ ਸਕਦੇ ਹਨ। ਸਹੀ ਸਮੇਂ ਕੀਤਾ ਗਿਆ ਇਲਾਜ ਡੇਂਗੂ ਮਰੀਜ਼ ਦੀ ਜ਼ਿੰਦਗੀ ਬਚਾ ਸਕਦਾ ਹੈ। ਇਸ ਵਿੱਚ ਦੇਰੀ ਹੋਣ ਕਾਰਨ ਮੌਤ ਦਾ ਖ਼ਤਰਾ ਵੀ ਬਣਿਆ ਰਹਿੰਦਾ ਹੈ।

ਡੇਂਗੂ ਦੇ ਚਿੰਨ੍ਹ: ਜ਼ਿਆਦਾ ਪੇਟ ਦਰਦ ਅਤੇ ਵਾਰ-ਵਾਰ ਉਲਟੀ ਆਉਣਾ। ਲਾਲ ਰੰਗ ਦੇ ਧੱਬੇ ਜਾਂ ਚਮੜੀ ਦੇ ਪੈਚਿਜ। ਨੱਕ ਰਾਹੀਂ ਖ਼ੂਨ ਦਾ ਆਉਣਾ। ਉਲਟੀ ਰਾਹੀਂ ਖ਼ੂਨ ਦਾ ਆਉਣਾ। ਸਾਹ ਲੈਣ ਵੇਲੇ ਤਕਲੀਫ ਹੋਣਾ। ਜਿਸ ਮਰੀਜ਼ ਨੂੰ ਇਕ ਵਾਰ ਡੇਂਗੂ ਹੋ ਚੁੱਕਾ ਹੋਵੇ ਉਸ ਨੂੰ ਦੁਬਾਰਾ ਵੀ ਡੇਂਗੂ ਹੋਣ ਦੇ ਆਸਾਰ ਹਨ, ਪਰ ਦੂਸਰੀ ਕਿਸਮ ਦੇ ਵਾਇਰਸ ਤੋਂ।

ਤੰਦਰੁਸਤ ਦਿਖਣ ਵਾਲਾ ਵਿਅਕਤੀ ਵੀ ਡੇਂਗੂ ਦਾ ਮਰੀਜ਼ ਹੋ ਸਕਦਾ ਹੈ। ਜ਼ਿਆਦਾਤਰ ਮਰੀਜ਼ ਡੇਂਗੂ ਬੁਖਾਰ ਦਾ ਇਲਾਜ ਆਪਣੇ ਘਰ ਕਰਵਾਉਂਦੇ ਹਨ ਕਿਉਂਕਿ ਆਪਣੇ ਘਰ ਵਿੱਚ ਮਰੀਜ਼ ਸੁਖਾਵਾਂ ਰਹਿ ਕੇ ਆਪਣੇ ਖਾਣ ਪੀਣ ਦਾ ਜ਼ਿਆਦਾ ਧਿਆਨ ਰੱਖ ਸਕਦਾ ਹੈ।

ਸੰਪਰਕ: 95014-00972

# ਮੁੱਢਲੀ ਸਹਾਇਤਾ ਦਾ ਮਹੱਤਵ

ਨਰੇਸ਼ ਪਠਾਣੀਆ



ਦੁਨੀਆ ਭਰ ਦੇ ਲੋਕਾਂ ਅੰਦਰ ਫ਼ਸਟ ਏਡ ਦੀ ਮਹੱਤਤਾ ਨੂੰ ਪ੍ਰਗਟ ਕਰਨ ਅਤੇ ਉਨ੍ਹਾਂ ਨੂੰ ਫ਼ਸਟ ਏਡ ਦਾ ਗਿਆਨ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰਨ ਵਜੋਂ ਮਨੁੱਖਤਾ ਭਲਾਈ ਲਈ ਕੰਮ ਕਰ ਰਹੀਆਂ ਸੰਸਥਾਵਾਂ ਇੰਟਰਨੈਸ਼ਨਲ ਫੈਡਰੇਸ਼ਨ ਆਫ਼ ਰੈੱਡ ਕਰਾਸ ਅਤੇ ਰੈੱਡ ਕਰੀਸੈਂਟ ਸੁਸਾਇਟੀਜ਼ ਵੱਲੋਂ ਹਰ ਸਾਲ ਸਤੰਬਰ ਮਹੀਨੇ ਦਾ ਦੂਜਾ ਸ਼ਨੀਵਾਰ "ਵਿਸ਼ਵ ਮੁੱਢਲੀ ਸਹਾਇਤਾ ਦਿਵਸ" ਵਜੋਂ ਮਨਾਉਣ ਦਾ ਐਲਾਨ ਕੀਤਾ ਹੋਇਆ ਹੈ ਤਾਂ ਜੋ ਹਾਦਸਿਆਂ ਦੌਰਾਨ ਲੱਗਣ ਵਾਲੀਆਂ ਘਾਤਕ ਸਰੀਰਕ ਅਤੇ ਮਾਨਸਿਕ ਸੱਟਾਂ ਦੇ ਅਸਰ ਨੂੰ ਘਟਾਇਆ ਜਾ ਸਕੇ ਅਤੇ ਕੀਮਤੀ ਮਨੁੱਖੀ ਜਾਨਾਂ ਬਚਾਈਆਂ ਜਾ ਸਕਣ। ਹਾਦਸੇ, ਸਾਡੀ ਜ਼ਿੰਦਗੀ ਦਾ ਹਿਸਾ ਬਣ ਚੁੱਕੇ ਹਨ। ਸੜਕਾਂ 'ਤੇ ਵਾਹਨਾਂ ਦੀ ਦਿਨੋਂ-ਦਿਨ ਵੱਧ ਰਹੀ ਆਵਾਜਾਈ ਅਤੇ ਸਾਡੀ ਤੇਜ਼ ਹੁੰਦੀ ਜਾ ਰਹੀ ਰ਼ਫਤਾਰ ਨੇ ਸਾਡੇ ਜੀਵਨ ਦੀ ਰ਼ਫਤਾਰ ਨੂੰ ਵੀ ਛੋਟਾ ਕਰ ਦਿੱਤਾ ਹੈ। ਇਹ ਸੜਕੀ ਹਾਦਸੇ ਪਲਾਂ ਵਿਚ ਹੀ ਕਿਸੇ ਹੱਸਦੀ-ਖੇਡਦੀ ਜ਼ਿੰਦਗੀ ਨੂੰ ਖ਼ਤਮ ਕਰ ਜਾਂਦੇ ਹਨ ਅਤੇ ਇਨ੍ਹਾਂ ਹਾਦਸਿਆਂ ਵਿਚੋਂ ਜ਼ਿੰਦਾ ਬਚੇ ਫੱਟੜ ਵਿਅਕਤੀ ਉਮਰ ਭਰ ਲਈ ਅਪਾਹਜਤਾ ਭਰੀ ਜ਼ਿੰਦਗੀ ਜਿਊਂਦੇ ਹੋਏ ਪਰਿਵਾਰ ਅਤੇ ਸਮਾਜ ਉੱਪਰ ਬੋਝ ਬਣ ਜਾਂਦੇ ਹਨ। ਰੋਡ ਸੇਫ਼ਟੀ ਫੈੱਕਟਸ਼ੀਟ ਅਨੁਸਾਰ ਭਾਰਤ ਵਿਚ ਸੜਕੀ ਦੁਰਘਟਨਾਵਾਂ ਕਾਰਨ ਹਰ ਚਾਰ ਮਿੰਟਾਂ ਮਗਰੋਂ ਇਕ ਵਿਅਕਤੀ ਦੀ ਜਾਨ ਜਾ ਰਹੀ ਹੈ। ਅੰਕੜੇ ਦੱਸਦੇ ਹਨ ਕਿ ਭਾਰਤ ਵਿਚ ਹੀ ਹਰ ਸਾਲ ਇੱਕ ਲੱਖ ਤੋਂ ਵੱਧ ਮੌਤਾਂ ਸੜਕੀ ਹਾਦਸਿਆਂ ਵਿਚ ਹੋ ਜਾਂਦੀਆਂ ਹਨ। ਇਨ੍ਹਾਂ ਹੀ ਹਾਦਸਿਆਂ ਦਾ ਇਕ ਦੁਖਦਾਈ ਪਹਿਲੂ ਇਹ ਵੀ ਹੈ ਕਿ ਇਨ੍ਹਾਂ ਸੜਕ ਹਾਦਸਿਆਂ ਦੇ ਸ਼ਿਕਾਰ ਵਿਅਕਤੀਆਂ ਵਿਚੋਂ 50 ਫੀਸਦੀ ਮੌਤਾਂ ਸਮੇਂ ਸਿਰ ਫ਼ਸਟ ਏਡ ਜਾਂ ਡਾਕਟਰੀ ਸਹਾਇਤਾ ਨਾ ਮਿਲਣ ਕਰ ਕੇ ਹੋ ਜਾਂਦੀਆਂ ਹਨ। ਹਾਦਸਿਆਂ ਦੇ ਕਾਰਨ ਭਾਵੇਂ ਕੁਝ ਵੀ ਰਹੇ ਹੋਣ ਪਰੰਤੂ ਹਾਦਸਿਆਂ ਦੇ ਸ਼ਿਕਾਰ ਹੋਏ ਫੱਟੜਾਂ ਨੂੰ ਜੇ ਸਮੇਂ ਸਿਰ ਮੁੱਢਲੀ ਸਹਾਇਤਾ ਮਿਲ ਸਕੇ ਤਾਂ ਜਿੱਥੇ ਉਨ੍ਹਾਂ ਦੇ ਦੁੱਖ ਦਰਦ ਨੂੰ ਘੱਟ ਕੀਤਾ ਜਾ ਸਕਦਾ ਹੈ, ਉੱਥੇ ਕਿਸੇ ਕੀਮਤੀ ਅਤੇ ਵੱਡਮੁੱਲੀ ਜਾਨ ਨੂੰ ਵੀ ਬਚਾਇਆ ਜਾ ਸਕਦਾ ਹੈ। ਅੱਜ ਜ਼ਿਆਦਾਤਰ ਕਾਨੂੰਨੀ ਝੰਜਟਾਂ ਤੋਂ ਡਰਦੇ ਹਮਦਰਦੀ ਹੁੰਦਿਆਂ ਵੀ ਸੜਕਾਂ 'ਤੇ ਪਏ ਜ਼ਖਮੀਆਂ ਜਾਂ ਰੋਗੀਆਂ ਨੂੰ ਹੱਥ ਨਹੀਂ ਪਾਉਂਦੇ ਪਰੰਤੂ ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ਾਂ ਮੁਤਾਬਕ ਹਾਦਸਿਆਂ ਵਿਚ ਸ਼ਿਕਾਰ ਹੋਏ ਲੋਕਾਂ ਦੀ ਮਦਦ ਕਰਨ ਵਾਲਿਆਂ ਨੂੰ ਕਾਨੂੰਨੀ ਝੰਜਟਾਂ ਵਿੱਚ ਨਹੀਂ ਪਾਇਆ ਜਾ ਸਕਦਾ ਬਲਕਿ ਕਿਸੇ ਜ਼ਖਮੀ ਜਾਂ ਫੱਟੜ ਦੀ ਮਦਦ ਕਰਨ ਵਾਲੇ ਨੂੰ ਸਨਮਾਨਿਤ ਕੀਤੇ ਜਾਣਾ ਦਾ ਕਰਾਰ ਦਿੱਤਾ ਗਿਆ ਹੈ। ਲੋੜ ਹੈ ਇਹ ਗੱਲ ਲੋਕਾਂ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਚਾਰਨ ਦੀ ਤਾਂ ਜੋ ਲੋਕ ਦੂਸਰਿਆਂ ਦੀ ਮਦਦ ਲਈ ਸਵੈ-ਇੱਛਾ ਨਾਲ ਅੱਗੇ ਆਉਣ। ਮੋਟਰ ਵਹੀਕਲ ਐੱਕਟ ਮੁਤਾਬਕ ਵਾਹਨਾਂ ਵਿੱਚ ਫ਼ਸਟ ਏਡ ਬਕਸੇ ਰੱਖਣੇ ਵੀ ਜ਼ਰੂਰੀ ਹਨ ਪ੍ਰੰਤੂ ਦੁੱਖ ਦੀ ਗੱਲ ਹੈ ਕਿ ਅੱਜ ਬਹੁਤੇ ਵਾਹਨਾਂ ਵਿਚ ਲੋੜ ਪੈਣ 'ਤੇ ਫ਼ਸਟ ਏਡ ਬਕਸੇ ਵੀ ਨਹੀਂ ਮਿਲਦੇ। ਸਾਡੀ ਥੋੜ੍ਹੀ ਜਿਹੀ ਹੁਸ਼ਿਆਰੀ ਅਤੇ ਸਿਆਣਪ ਫੱਟੜ ਮਰੀਜ਼ ਨੂੰ ਇੱਕ ਨਵੀਂ ਜ਼ਿੰਦਗੀ ਬਖ਼ਸ਼ ਸਕਦੀ ਹੈ। ਐਕਸੀਡੈਂਟ ਜੇ ਸੜਕ ਵਿਚਕਾਰ ਹੋਇਆ ਹੈ ਤਾਂ ਪਹਿਲਾ ਕੰਮ ਫੱਟੜਾਂ/ਸੱਟੜਾਂ ਨੂੰ ਸੁਰੱਖਿਅਤ ਢੰਗ ਨਾਲ ਚੁੱਕ ਕੇ ਇੱਕ ਪਾਸੇ ਕਰ ਦਿਓ ਤਾਂ ਜੋ ਕਿਸੇ ਤੇਜ਼ ਆ ਰਹੇ ਵਾਹਨਾਂ ਨਾਲ ਤੁਹਾਡੀ ਜਾਂ ਮਰੀਜ਼ ਦੀ ਜਾਨ ਨੂੰ ਕੋਈ ਖ਼ਤਰਾ ਨਾ ਹੋਵੇ। ਪੀੜਤ ਵਿਅਕਤੀ ਦੀ ਦਿਲ ਦੀ ਧੜਕਣ ਅਤੇ ਸਾਹ ਕਿਰਿਆ ਚੈੱਕ ਕਰੋ। ਏਅਰਵੇਜ਼ ਭਾਵ ਸਾਹ ਲੈਣ ਵਾਲੇ ਰਸਤਿਆਂ ਨੱਕ ਅਤੇ ਮੂੰਹ ਨੂੰ ਚੈੱਕ ਕਰੋ। ਏਅਰਵੇਜ਼ ਵਿਚ ਕਿਸੇ ਕਿਸਮ ਦੀ ਰੁਕਾਵਟ ਹੋਵੇ ਤਾਂ ਦੂਰ ਕਰੋ। ਦਿਲ ਦੀ ਧੜਕਣ ਅਤੇ ਸਾਹ ਬੰਦ ਹੋਵੇ ਤਾਂ ਬਨਾਵਟੀ ਸਾਹ ਦੇਣ ਦੇ ਢੰਗ ਤਰੀਕੇ ਅਤੇ ਸੀ.ਪੀ.ਆਰ. ਮੈੱਥਡ ਫ਼ਸਟ ਏਡ ਟ੍ਰੇਨਿੰਗ ਦੌਰਾਨ ਸਿਖਾਏ ਜਾਂਦੇ ਹਨ। ਫ਼ਸਟ ਏਡ ਦੇ ਇਹ ਟ੍ਰੇਨਿੰਗ ਪ੍ਰੋਗਰਾਮ ਜ਼ਿਲ੍ਹਿਆਂ ਵਿਚ ਕੰਮ ਕਰਦੀਆਂ ਰੈੱਡ ਕਰਾਸ ਸੰਸਥਾਵਾਂ ਦੀ ਸਹਿਯੋਗੀ ਸੰਸਥਾ ਸੇਂਟ ਜਾੱਨ ਐਂਬੂਲੈਂਸ ਵੱਲੋਂ ਚਲਾਏ ਜਾਂਦੇ ਹਨ। ਵੇਖੋ ਕਿ ਪੀੜਤ ਵਿਅਕਤੀ ਹੋਸ਼ ਵਿੱਚ ਹੈ ਜਾਂ ਨਹੀਂ ਅਤੇ ਕਿਤੋਂ ਬਾਹਰੀ ਖ਼ੂਨ ਤਾਂ ਨਹੀਂ ਵਗ ਰਿਹਾ। ਹਾਦਸੇ ਮਗਰੋਂ ਮੌਤ ਦਾ ਇਕ ਵੱਡਾ ਕਾਰਨ ਸਰੀਰ ਵਿਚੋਂ ਬਹੁਤ ਜ਼ਿਆਦਾ ਮਾਤਰਾ ਵਿਚ ਖ਼ੂਨ ਵਹਿ ਜਾਣਾ ਵੀ ਹੁੰਦਾ ਹੈ। ਫੱਟਾਂ ਵਿੱਚੋਂ ਖ਼ੂਨ ਵਗ ਰਿਹਾ ਹੋਵੇ ਤਾਂ ਅੰਗ ਨੂੰ ਥੋੜ੍ਹਾ ਉੱਚਾ ਕਰਕੇ ਰੱਖੋ ਅਤੇ ਵਗਦੇ ਖ਼ੂਨ ਨੂੰ ਰੋਕਣ ਦੇ ਉਪਰਾਲੇ ਕਰੋ। ਖ਼ੂਨ ਵਗਣ ਵਾਲੀ ਜਗ੍ਹਾ 'ਤੇ ਸਾਫ਼ ਰੁਮਾਲ/ਕੱਪੜੇ ਜਾਂ ਪੱਟੀਆਂ ਆਦਿ ਨਾਲ ਦਬਾਅ ਬਣਾ ਕੇ ਰੱਖੋ। ਕਈ ਵਾਰ ਬਾਹਰੋਂ ਖ਼ੂਨ ਨਹੀਂ ਵਗ ਰਿਹਾ ਹੁੰਦਾ ਪ੍ਰੰਤੂ ਅੰਦਰੂਨੀ ਸੱਟਾਂ ਕਾਰਣ ਸਰੀਰ ਦੇ ਅੰਦਰ ਹੀ ਖ਼ੂਨ ਦਾ ਵਗਣਾ ਵੀ ਹੋ ਸਕਦਾ ਹੈ ਅਤੇ ਕੁੱਝ ਸਮੇਂ ਬਾਅਦ ਵਿਅਕਤੀ ਦੀ ਜਾਨ ਜਾ ਸਕਦੀ ਹੈ। ਅਜਿਹੀ ਹਾਲਤ ਵਿਚ ਜਾਂ ਬੇਹੋਸ਼ ਵਿਅਕਤੀ ਨੂੰ ਲੈ ਜਾਣ ਵੇਲੇ ਟੇਢਾ ਕਰਕੇ ਭਾਵ ਵੱਖੀ ਪਰਨੇ ਜਿਸ ਨੂੰ ਰਿਕਵਰੀ (ਪੁਜੀਸ਼ਨ ਕਹਿੰਦੇ ਹਨ) ਵਾਲੀ ਹਾਲਤ 'ਚ ਪਾ ਕੇ ਹਸਪਤਾਲ ਲੈ ਜਾਇਆ ਜਾਵੇ ਤਾਂ ਜੋ ਅੰਦਰੋਂ ਨਿਕਲਣ ਵਾਲਾ ਖ਼ੂਨ ਜਾਂ ਉਲਟੀ ਫੇਫੜਿਆਂ ਵਿਚ ਨਾ ਚਲੀ ਜਾਵੇ ਜੋ ਕਿ ਜਾਨਲੇਵਾ ਹੋ ਸਕਦੀ ਹੈ। ਫੱਟੜ ਦੇ ਆਲੇ-ਦੁਆਲੇ ਜ਼ਿਆਦਾ ਭੀੜ ਇਕੱਠੀ ਨਾ ਹੋਣ ਦਿਓ ਕਿਉਂਕਿ ਮਰੀਜ਼ ਨੂੰ ਤਾਜ਼ੀ ਹਵਾ ਦੀ ਲੋੜ ਹੁੰਦੀ ਹੈ। ਭੀੜ ਤੋਂ ਕਿਸੇ ਵੀ ਕਿਸਮ ਦੀ ਮਦਦ ਲਈ ਜਾ ਸਕਦੀ ਹੈ। ਫੱਟੜਾਂ ਨੂੰ ਇਕਦਮ ਚੁੱਕਣ ਦੀ ਕਾਹਲ ਨਾ ਕਰੋ। ਕਈ ਵਾਰ ਲੋਕਾਂ ਦੀ ਭਾਵਨਾ ਹੁੰਦੀ ਹੈ ਕਿ ਪੀੜਤ ਵਿਅਕਤੀ ਨੂੰ ਛੇਤੀ ਹੀ ਖੜ੍ਹਾ ਕੀਤਾ ਜਾਵੇ ਜਾਂ ਬਿਠਾ ਕੇ ਕਿਸੇ ਵਹੀਕਲ ਵਿਚ ਪਾਇਆ ਜਾਵੇ। ਕਾਹਲ ਵਿਚ ਉਸ ਦੀ ਖਿੱਚ ਧੂਹ ਕੀਤੀ ਜਾਂਦੀ ਹੈ। ਹਾਦਸੇ ਵੇਲੇ ਪੀੜਤ ਵਿਅਕਤੀ ਦੀ ਰੀੜ ਦੀ ਹੱਡੀ ਖ਼ਾਸ ਕਰਕੇ ਧੌਣ ਵਿਚ ਸੱਟ ਲੱਗੀ ਹੋਵੇ ਤਾਂ ਫੱਟੜ ਨੂੰ ਬਹੁਤ ਹੀ ਤਰੀਕੇ ਨਾਲ ਸੰਭਾਲ ਕੇ ਚੁੱਕਣਾ ਚਾਹੀਦਾ ਹੈ ਕਿਉਂਕਿ ਰੀੜ ਦੀ ਹੱਡੀ ਵਿਚਕਾਰ ਸਪਾਈਨਲ ਕਾਰਡ ਹੁੰਦੀ ਹੈ ਇਸ ਦੀ ਸੱਟ ਨਾਲ ਵਿਅਕਤੀ ਦਾ ਕੋਈ ਵੀ ਸਰੀਰਕ ਹਿੱਸਾ ਸਦਾ ਲਈ ਅਪਾਹਜ਼ ਹੋ ਸਕਦਾ ਹੈ। ਹੱਡੀਆਂ ਦੇ ਢਾਂਚੇ ਜਾਂ ਲੱਤਾਂ-ਬਾਹਾਂ, ਪੱਸਲੀਆਂ ਆਦਿ ਨੂੰ ਸੱਟ ਲੱਗਕੇ ਟੁੱਟੀਆਂ ਹੋ ਸਕਦੀਆਂ ਹਨ। ਇਸ ਹਾਲਤ ਵਿਚ ਪੀੜਤ ਵਿਅਕਤੀ ਨੂੰ ਚੁੱਕਣ ਤੋਂ ਪਹਿਲਾਂ ਇਹ ਜ਼ਰੂਰ ਵੇਖ ਲਓ ਕਿ ਕੋਈ ਹੱਡੀ ਤਾਂ ਨਹੀਂ ਟੁੱਟੀ। ਅੰਗ ਦੇ ਆਕਾਰ ਦਾ ਟੇਡਾਪਣ, ਦਰਦ, ਸੋਜ ਆਦਿ ਨਾਲ ਹੱਡੀ ਟੁੱਟੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਅਜਿਹੇ ਹਾਲਤਾਂ ਵਾਲੇ ਵਿਅਕਤੀ ਦੀ ਸ਼ਿਫਟਿੰਗ ਆਮ ਤੌਰ 'ਤੇ ਫੱਟੇ ਜਾਂ ਸਟਰੈੱਚਰ 'ਤੇ ਹੀ ਹੋਣੀ ਚਾਹੀਦੀ ਹੈ। ਫਰੈੱਕਚਰ ਕੇਸਾਂ ਵਿਚ ਟੁੱਟੀਆਂ ਹੱਡੀਆਂ ਨੂੰ ਸਹਾਰਾ ਦੇਣ ਵਾਸਤੇ ਫੱਟੀਆਂ ਭਾਵ ਸਪਲਿੰਟਸ ਦੀ ਵਰਤੋਂ ਵੀ ਕਰਨੀ ਜ਼ਰੂਰੀ ਹੁੰਦੀ ਹੈ। ਮੌਕੇ 'ਤੇ ਇਹ ਕੰਮ ਕਿਸੇ ਦਰਖ਼ਤ ਦੀ ਟਾਹਣੀ, ਫੱਟੀ, ਸੋਟੀ, ਰੱਦੀ ਤਹਿ ਕੀਤੇ ਅਖ਼ਬਾਰ/ਮੈਗਜ਼ੀਨ, ਗੱਤੇ ਆਦਿ ਤੋਂ ਚਲਾਇਆ ਜਾ ਸਕਦਾ ਹੈ। ਫਰੈੱਕਚਰ ਕੇਸਾਂ ਵਿਚ ਵਿਅਕਤੀ ਨੂੰ ਸਹੀ ਤਰੀਕੇ ਨਾਲ ਚੁੱਕ ਕੇ ਉਸ ਨੂੰ ਸਦਾ ਲਈ ਅਪਾਹਜ਼ ਹੋਣ ਤੋਂ ਬਚਾਇਆ ਜਾ ਸਕਦਾ ਹੈ। ਐਂਬੂਲੈਂਸ ਬੁਲਾਓ ਤੇ ਪੀੜਤ ਨੂੰ ਨਜ਼ਦੀਕੀ ਹਸਪਤਾਲ ਪਹੁੰਚਾਓ। ਹਾਦਸਾ ਪੀੜਤ ਦੇ ਮੋਬਾਈਲ ਫੋਨ ਜਾਂ ਜੇਬ ਵਿਚਲੇ ਕਾਗਜ਼ਾਂ-ਪੱਤਰਾਂ ਤੋਂ ਉਸਦੀ ਪਛਾਣ ਕਰੋ। ਉਸਦੇ ਪਰਿਵਾਰਕ ਮੈਂਬਰਾਂ ਨੂੰ ਵੀ ਸੂਚਿਤ ਕਰੋ। ਕਿਸੇ ਵੀ ਹਾਦਸੇ ਵਿਚ ਹੌਂਸਲਾ ਕਾਇਮ ਰੱਖੋ ਅਤੇ ਘਬਰਾਓ ਨਾ। ਸਹਾਇਤਾ ਮਿਲਣ ਤਕ ਰੋਗੀ ਜਾਂ ਉਸਦੇ ਰਿਸ਼ਤੇਦਾਰਾਂ ਨੂੰ ਵੀ ਮਾਨਸਿਕ ਹੌਂਸਲਾ ਅਤੇ ਤਸੱਲੀ ਦੇਣ ਦੀ ਕੋਸ਼ਿਸ਼ ਕਰੋ। ਇਸ ਨਾਲ ਫ਼ਿਕਰ ਅਤੇ ਬੇਚੈਨੀ ਘੱਟਦੀ ਹੈ। ਭੁੱਲ-ਭੁਲੇਖੇ ਵੀ ਕਦੀ ਕਿਸੇ ਜ਼ਖ਼ਮੀ, ਦੌਰੇ ਵਾਲੇ ਵਿਅਕਤੀ ਅਤੇ ਬੇਹੋਸ਼ੀ ਦੀ ਹਾਲਤ ਵਾਲੇ ਦੇ ਮੂੰਹ ਵਿਚ ਪਾਣੀ ਨਾ ਪਾਓ। ਇਹ ਪਾਣੀ ਫੇਫੜਿਆਂ ਵਿਚ ਜਾ ਕੇ ਸਾਹ ਰੋਕ ਸਕਦਾ ਹੈ। ਛੇਤੀ ਤੋਂ ਛੇਤੀ ਫੱਟੜਾਂ ਨੂੰ ਹਸਪਤਾਲ ਪਹੁੰਚਾਉਣ ਦੇ ਪ੍ਰਬੰਧ ਕਰੋ ਅਤੇ ਜ਼ਿਲ੍ਹੇ ਦੇ ਜ਼ਿੰਮੇਵਾਰ ਅਧਿਕਾਰੀਆਂ ਨੂੰ ਸੂਚਿਤ ਕਰੋ ਤਾਂ ਜੋ ਪੁਲਿਸ ਅਤੇ ਡਾਕਟਰੀ ਮਦਦ ਹਾਦਸੇ ਵਾਲੀ ਥਾਂ ਪਹੁੰਚ ਸਕੇ। ਸਰਕਾਰਾਂ ਜਿੱਥੇ ਸੜਕੀ ਹਾਦਸਿਆਂ ਨੂੰ ਘੱਟ ਕਰਨ ਲਈ ਸੁਰੱਖਿਆ ਨੀਤੀਆਂ ਅਮਲ ਵਿਚ ਲਿਆਉਂਦੀਆਂ ਹਨ ਉੱਥੇ ਫ਼ਸਟ ਏਡ ਅਤੇ ਸੜਕ ਸੁਰੱਖਿਆ ਦੇ ਗਿਆਨ ਨੂੰ ਵੀ ਹਰੇਕ ਲਈ ਲਾਜ਼ਮੀ ਕਰਾਰ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਹਾਦਸਿਆਂ ਦੌਰਾਨ ਲੋਕ ਇਸ ਗਿਆਨ ਦੇ ਜ਼ਰੀਏ ਕੀਮਤੀ ਅਤੇ ਵੱਡਮੁੱਲੀਆਂ ਜਾਨਾਂ ਬਚਾ ਸਕਣ। ਅੱਜ ਵਿਸ਼ਵ ਫ਼ਸਟ ਏਡ ਦਿਵਸ 'ਤੇ ਆਓ ਇਹ ਪ੍ਰਣ ਲਈਏ ਕਿ ਅਸੀਂ ਫ਼ਸਟ ਏਡ ਦੀ ਮਹੱਤਤਾ ਨੂੰ ਸਮਝੀਏ ਅਤੇ ਇਸ ਗਿਆਨ ਰਾਹੀਂ ਆਪਣੇ ਆਪ ਨੂੰ ਤਿਆਰ ਕਰ ਕੇ ਮਨੁੱਖਤਾ ਦੀ ਭਲਾਈ ਲਈ ਅੱਗੇ ਆਈਏ ਤਾਂ ਜੋ ਸਾਡੀ ਸਮੇਂ ਸਿਰ ਕੀਤੀ ਸਹੀ ਮਦਦ ਨਾਲ ਕਿਸੇ ਦੀ ਬੁਝ ਰਹੀ ਜੀਵਨ ਜੋਤ ਨੂੰ ਰੁਸ਼ਨਾਇਆ ਜਾ ਸਕੇ। ਅੱਜ ਅਸੀਂ ਕਿਸੇ ਦੀ ਮਦਦ ਨਾ ਕੀਤੀ ਤਾਂ ਕੱਲ੍ਹ ਸਾਡੇ ਨਾਲ ਹਾਦਸਾ ਵਾਪਰਨ 'ਤੇ ਕੋਈ ਸਾਡੀ ਮਦਦ ਵੀ ਨਹੀਂ ਕਰੇਗਾ। ਇਸ ਕਰਕੇ ਮਦਦ ਲਈ ਅੱਗੇ ਆਉਣ ਦੀ ਲੋੜ ਹੈ। • ਮੋ: 98557-00157

**ਛੇਤੀ ਤੋਂ ਛੇਤੀ ਫੱਟੜਾਂ ਨੂੰ ਹਸਪਤਾਲ ਪਹੁੰਚਾਉਣ ਦੇ ਪ੍ਰਬੰਧ ਕਰੋ ਅਤੇ ਜ਼ਿਲ੍ਹੇ ਦੇ ਜ਼ਿੰਮੇਵਾਰ ਅਧਿਕਾਰੀਆਂ ਨੂੰ ਸੂਚਿਤ ਕਰੋ ਤਾਂ ਜੋ ਪੁਲਿਸ ਅਤੇ ਡਾਕਟਰੀ ਮਦਦ ਹਾਦਸੇ ਵਾਲੀ ਥਾਂ ਪਹੁੰਚ ਸਕੇ। ਸਰਕਾਰਾਂ ਜਿੱਥੇ ਸੜਕੀ ਹਾਦਸਿਆਂ ਨੂੰ ਘੱਟ ਕਰਨ ਲਈ ਸੁਰੱਖਿਆ ਨੀਤੀਆਂ ਅਮਲ ਵਿਚ ਲਿਆਉਂਦੀਆਂ ਹਨ ਉੱਥੇ ਫ਼ਸਟ ਏਡ ਅਤੇ ਸੜਕ ਸੁਰੱਖਿਆ ਦੇ ਗਿਆਨ ਨੂੰ ਵੀ ਹਰੇਕ ਲਈ ਲਾਜ਼ਮੀ ਕਰਾਰ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਹਾਦਸਿਆਂ ਦੌਰਾਨ ਲੋਕ ਇਸ ਗਿਆਨ ਦੇ ਜ਼ਰੀਏ ਕੀਮਤੀ ਅਤੇ ਵੱਡਮੁੱਲੀਆਂ ਜਾਨਾਂ ਬਚਾ ਸਕਣ। ਅੱਜ ਵਿਸ਼ਵ ਫ਼ਸਟ ਏਡ ਦਿਵਸ 'ਤੇ ਆਓ ਇਹ ਪ੍ਰਣ ਲਈਏ ਕਿ ਅਸੀਂ ਫ਼ਸਟ ਏਡ ਦੀ ਮਹੱਤਤਾ ਨੂੰ ਸਮਝੀਏ ਅਤੇ ਇਸ ਗਿਆਨ ਰਾਹੀਂ ਆਪਣੇ ਆਪ ਨੂੰ ਤਿਆਰ ਕਰ ਕੇ ਮਨੁੱਖਤਾ ਦੀ ਭਲਾਈ ਲਈ ਅੱਗੇ ਆਈਏ ਤਾਂ ਜੋ ਸਾਡੀ ਸਮੇਂ ਸਿਰ ਕੀਤੀ ਸਹੀ ਮਦਦ ਨਾਲ ਕਿਸੇ ਦੀ ਬੁਝ ਰਹੀ ਜੀਵਨ ਜੋਤ ਨੂੰ ਰੁਸ਼ਨਾਇਆ ਜਾ ਸਕੇ।**



## ਕਰਨਾਟਕ ਦੇ ਮਾਂਡਿਆ 'ਚ ਮੂਰਤੀ ਵਿਸਰਜਨ ਦੌਰਾਨ ਹੋਈ ਝੜਪ ਮਾਮਲੇ 'ਚ 3 ਹੋਰ ਲੋਕ ਗ੍ਰਿਫ਼ਤਾਰ

ਨਾਗਾਮੰਗਲਾ 16 ਸਤੰਬਰ। ਕਰਨਾਟਕ ਦੇ ਨਾਗਾਮੰਗਲਾ 'ਚ ਭਗਵਾਨ ਗਣੇਸ ਜੀ ਦੀ ਸ਼ੋਭਾ ਯਾਤਰਾ ਦੌਰਾਨ ਦੋ ਗੁੱਟਾਂ ਵਿਚਾਲੇ ਹੋਈ ਝੜਪ ਦੇ ਮਾਮਲੇ 'ਚ ਤਿੰਨ ਹੋਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਨੇ ਲੋਕਾਂ ਦੀ ਗ੍ਰਿਫਚਾਰੀ ਦੀ ਜਾਣਕਾਰੀ ਸੁੱਕਰਵਾਰ ਨੂੰ ਦਿੱਤੀ। ਬੁੱਧਵਾਰ ਨੂੰ ਹੋਈ ਝੜਪ ਦੇ ਦੋ ਦਿਨ ਬਾਅਦ ਮਾਂਡਿਆ ਜ਼ਿਲ੍ਹੇ ਦੇ ਨਾਗਮੰਗਲਾ ਕਸਬੇ ਵਿੱਚ ਸਥਿਤੀ ਆਮ ਵਾਂਗ ਹੋ ਗਈ ਹੈ। ਝੜਪ ਤੋਂ ਬਾਅਦ ਭੀੜ ਨੇ ਕਈ ਦੁਕਾਨਾਂ ਅਤੇ ਵਾਹਨਾਂ ਨੂੰ ਨਿਸਾਨਾ ਬਣਾਇਆ ਅਤੇ ਭੰਨ-ਤੋੜ ਕੀਤੀ, ਜਿਸ ਨਾਲ ਤਣਾਅ ਪੈਦਾ ਹੋ ਗਿਆ ਸੀ। ਭਾਵੇਂ ਸਹਿਰ ਵਿੱਚ ਸਥਿਤੀ ਸਾਂਤਮਈ ਹੈ ਪਰ ਅਹਿਤਿਆਤ ਵਜੋਂ ਵਾਧੂ ਪੁਲਸ ਮੁਲਾਜਮ ਤਾਇਨਾਤ ਕੀਤੇ ਗਏ ਹਨ ਅਤੇ ਇਲਾਕੇ ਵਿੱਚ 16 ਸਤੰਬਰ ਤੱਕ ਚਾਰ ਤੋਂ ਵੱਧ ਲੋਕਾਂ ਦੇ ਇਕੱਠੇ ਹੋਣ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਗਏ ਹਨ। ਤਿੰਨ ਹੋਰ ਗ੍ਰਿਫਤਾਰੀਆਂ ਨਾਲ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਵਿਅਕਤੀਆਂ ਦੀ ਗਿਣਤੀ 55 ਹੋ ਗਈ ਹੈ। ਵੀਰਵਾਰ ਨੂੰ



ਫੋਰੈਂਸਿਕ ਸਾਇੰਸ ਲੈਬਾਰਟਰੀ ਦੇ ਮਾਹਿਰਾਂ ਦੀ ਟੀਮ ਨੇ ਵੀ ਸਬੂਤ ਇਕੱਠੇ ਕਰਨ ਲਈ ਘਟਨਾ ਸਥਾਨ ਦਾ ਦੌਰਾ ਕੀਤਾ। ਮਾਂਡਿਆ ਦੇ ਐੱਸਪੀ ਮਲਿਕਾਰਜੁਨ ਬਲਦਾਂਡੀ ਨੇ ਕਿਹਾ, "ਇੱਥੇ ਸਥਿਤੀ ਸਾਂਤੀਪੂਰਨ ਹੈ ਅਤੇ ਪਹਿਲਾਂ ਤੋਂ ਗ੍ਰਿਫ਼ਤਾਰ ਕੀਤੇ ਗਏ 52 ਲੋਕਾਂ ਤੋਂ ਇਲਾਵਾ ਅਸੀਂ ਇਸ ਘਟਨਾ ਦੇ ਸਬੰਧ ਵਿੱਚ ਤਿੰਨ ਹੋਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਵਾਧੂ ਪੁਲਸ ਫੋਰਸ ਤਾਇਨਾਤ ਕੀਤੀ ਗਈ ਹੈ ਅਤੇ ਮਨਾਹੀ ਦੇ ਹੁਕਮ 16 ਸਤੰਬਰ ਤੱਕ ਲਾਗੂ ਰਹਿਣਗੇ। ਪੁਲਸ ਮੁਤਾਬਕ ਬੁੱਧਵਾਰ ਨੂੰ ਜਦੋਂ ਸਰਧਾਲੂ ਬਦਰੀਕੋਪਲੂ ਪਿੰਡ ਤੋਂ ਜਲੂਸ ਕੱਢ ਰਹੇ ਸਨ ਤਾਂ ਦੋ ਗੁੱਟਾਂ ਵਿਚਾਲੇ ਬਹਿਸ ਹੋ ਗਈ ਅਤੇ ਕੁਝ ਬਦਮਾਸਾਂ ਨੇ ਪਥਰਾਅ ਕਰ ਦਿੱਤਾ, ਜਿਸ ਨਾਲ ਸਥਿਤੀ ਵਿਗੜ ਗਈ। ਪੁਲਸ ਮੁਤਾਬਕ ਦੋ ਗੁੱਟਾਂ ਵਿਚਾਲੇ ਝੜਪ ਤੋਂ ਬਾਅਦ ਕੁਝ ਦੁਕਾਨਾਂ ਦੀ ਭੰਨਤੋੜ ਕੀਤੀ ਗਈ ਅਤੇ ਵਾਹਨਾਂ ਨੂੰ ਅੱਗ ਲਗਾ ਦਿੱਤੀ ਗਈ। ਪੁਲਸ ਨੇ ਭੀੜ ਨੂੰ ਖਿੰਡਾਉਣ ਅਤੇ ਸਥਿਤੀ ਨੂੰ ਕਾਬੂ ਵਿੱਚ ਕਰਨ ਲਈ ਹਲਕੀ ਤਾਕਤ ਦੀ ਵਰਤੋਂ ਕੀਤੀ। ਜਲੂਸ ਕੱਢ ਰਹੇ ਨੌਜਵਾਨਾਂ ਦੇ ਇੱਕ ਸਮੂਹ ਨੇ ਥਾਣੇ ਦੇ ਨੇੜੇ ਰੋਸ ਪ੍ਰਦਰਸਨ ਕੀਤਾ ਅਤੇ ਹਿੰਸਾ ਲਈ ਜ਼ਿੰਮੇਵਾਰ ਲੋਕਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ।

## 4 ਲੋਕਾਂ ਨੇ ਵਿਅਕਤੀ ਨੂੰ ਅਗਵਾ ਕਰਕੇ ਕੀਤੀ ਬੇਰਹਿਮੀ ਨਾਲ ਕੁੱਟਮਾਰ

ਘੱਲਖੁਰਦ 16 ਸਤੰਬਰ। ਥਾਣਾ ਘੱਲਖੁਰਦ ਦੀ ਪੁਲਸ ਨੇ ਬੀਤੇ ਦਿਨ ਮੁੱਦਕੀ ਕਸਬੇ ਤੋਂ ਇਕ ਵਿਅਕਤੀ ਨੂੰ ਕਾਰ ਵਿਚ ਅਗਵਾ ਕਰਨ, ਕੁੱਟਮਾਰ ਕਰਨ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਵਾਲੇ ਚਾਰ ਵਿਅਕਤੀਆਂ ਖ਼ਿਲਾਫ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਥਾਣਾ ਘੱਲਖੁਰਦ ਦੇ ਸਹਾਇਕ ਇੰਸਪੈਕਟਰ ਵਿਨੋਦ ਕੁਮਾਰ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਸ਼ਿਕਾਇਤਕਰਤਾ ਜਸਵਿੰਦਰ ਸਿੰਘ ਪੁੱਤਰ ਜੰਗੀਰ ਸਿੰਘ ਵਾਸੀ ਰਾਜੇਆਣਾ ਨੇ ਦੱਸਿਆ ਕਿ ਉਹ ਬੀਤੇ ਦਿਨ ਆਪਣੀ ਦੁਕਾਨ 'ਤੇ ਬੈਠਾ ਸੀ ਅਤੇ ਦੋਸੀ ਸੁੱਖਾ ਸਿੰਘ ਪੁੱਤਰ ਪਾਲ ਸਿੰਘ ਵਾਸੀ ਫਿਰੋਕੇ, ਕਰਨ ਸਿੰਘ ਵਾਸੀ ਢਪਾਲੀ, ਸੁਖਪ੍ਰੀਤ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਢਪਾਲੀ, ਅਮਰਜੀਤ ਕੌਰ ਪਤਨੀ ਪਾਲ ਸਿੰਘ ਵਾਸੀ ਵੈਰੋਕੇ ਉਸ ਨੂੰ ਵੈਗਨਾਰ ਕਾਰ ਵਿਚ ਅਗਵਾ ਕਰਕੇ ਬਠਿੰਡਾ ਲੈ ਗਏ, ਜਿੱਥੇ ਮੁਲਜਮਾਂ ਨੇ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਪੀੜਤ ਨੇ ਦੱਸਿਆ ਕਿ ਉਸ ਨੇ ਸੁਖਪ੍ਰੀਤ ਸਿੰਘ ਨੂੰ ਵਿਦੇਸ ਭੇਜਣ ਲਈ ਮੁਲਜਮਾਂ ਤੋਂ ਪੈਸੇ ਲਏ ਸਨ, ਜੋ ਉਸ ਨੇ ਅਜੇ ਤੱਕ ਵਾਪਸ ਨਹੀਂ ਕੀਤੇ, ਜਿਸ ਕਾਰਨ ਮੁਲਜਮਾਂ ਨੇ ਉਸ ਨੂੰ ਅਗਵਾ ਕਰਕੇ ਉਸ ਦੀ ਕੁੱਟਮਾਰ ਕੀਤੀ ਹੈ।

# ਐੱਮ. ਬੀ. ਬੀ. ਐੱਸ. ਦੇ ਵਿਦਿਆਰਥੀਆਂ ਦੇ ਪਰਿਵਾਰਕ ਮੈਂਬਰਾਂ ਨੇ ਚਿੰਤਪੂਰਨੀ ਮੈਡੀਕਲ ਕਾਲਜ ਖਿਲਾਫ ਲਾਏ ਗੰਭੀਰ ਦੋਸ਼

**ਸਰਦੂਲ ਸਿੰਘ**

ਜਲੰਧਰ 16 ਸਤੰਬਰ। ਚਿੰਤਪੂਰਨੀ ਮੈਡੀਕਲ ਕਾਲਜ ਪਠਾਨਕੋਟ ਦੇ 200 ਤੋਂ ਵੱਧ ਵਿਦਿਆਰਥੀਆਂ ਦੀ ਸਾਰੀ ਅਧਿਐਨ ਸਮੱਗਰੀ ਕੱਪੜੇ ਅਤੇ ਹੋਰ ਸਾਮਾਨ ਗਾਇਬ ਹੋਣ ਨਾਲ ਵਿਦਿਆਰਥੀ ਬਹੁਤ ਪ੍ਰੇਸ਼ਾਨ ਹੋਏ। ਇਸ ਘਟਨਾ ਤੋਂ ਬਾਅਦ ਬੁਰੀ ਤਰ੍ਹਾਂ ਟੁੱਟ ਚੁੱਕੇ ਮੈਡੀਕਲ ਦੇ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਸਾਲਾਨਾ ਪ੍ਰੀਖਿਆ ਤੋਂ ਸਿਰਫ 2 ਮਹੀਨੇ ਪਹਿਲਾਂ ਸਾਰੀ ਅਧਿਐਨ ਸਮੱਗਰੀ ਦਾ ਗਾਇਬ ਹੋਣਾ ਉਨ੍ਹਾਂ ਦੇ ਵਿਦਿਅਕ ਕੈਰੀਅਰ ਨੂੰ ਬਰਬਾਦ ਕਰਨ ਦੀ ਕੋਸ਼ਿਸ਼ ਹੈ। ਇਹ ਦੋਸ਼ ਡਾ. ਦੀਪਕ ਜਾਂਗਰਾ ਸਮੇਤ ਹੋਰਨਾਂ ਵਿਦਿਆਰਥੀਆਂ ਦੇ ਪਰਿਵਾਰਕ ਮੈਂਬਰਾਂ ਨੇ ਅੱਜ ਪ੍ਰੈੱਸ ਕਾਨਫਰੰਸ ਦੌਰਾਨ ਲਾਏ। ਮੀਡੀਆ ਨਾਲ ਗੱਲਬਾਤ ਦੌਰਾਨ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਬੀਤੇ ਦਿਨੀਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਹੋਸਟਲ ਵਿਚੋਂ ਆਪਣਾ ਸਾਮਾਨ ਲੈਣ ਗਏ ਵਿਦਿਆਰਥੀਆਂ ਨੇ ਹੋਸਟਲ ਦੇ ਸਾਰੇ ਕਮਰਿਆਂ ਵਿਚ ਅਲਮਾਰੀਆਂ ਟੁੱਟੀਆਂ ਪਾਈਆਂ ਅਤੇ ਸਾਰਾ ਸਾਮਾਨ ਗਾਇਬ ਸੀ। ਪੀੜਤ 155 ਵਿਦਿਆਰਥੀਆਂ ਨੇ ਉਸੇ ਦਿਨ ਨੇੜਲੇ ਪੁਲਸ ਥਾਣਾ ਮਾਮੂਨ (ਪਠਾਨਕੋਟ) ਵਿਚ ਆਪਣੀ ਲਿਖਤੀ ਸ਼ਿਕਾਇਤ ਦਿੱਤੀ ਪਰ ਘਟਨਾ ਦੇ 4 ਦਿਨ ਬੀਤ ਜਾਣ ਦੇ ਬਾਅਦ ਵੀ ਜ਼ਿਲਾ ਪੁਲਸ ਨੇ ਵਿਦਿਆਰਥੀਆਂ ਦੇ ਗਾਇਬ ਹੋਏ ਸਾਮਾਨ ਦੀ ਭਾਲ ਕਰਨ ਦੀ ਕੋਸ਼ਿਸ਼ ਤਾਂ ਦੂਰ ਅਜੇ ਤਕ ਐੱਫ. ਆਈ. ਆਰ. ਤਕ ਦਰਜ ਨਹੀਂ ਕੀਤੀ। ਪੀੜਤ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਉਕਤ ਕਾਲਜ ਸਾਲ 2011 ਵਿਚ ਸਥਾਪਤ ਹੋਇਆ ਸੀ ਪਰ ਇਥੇ ਪਿਛਲੇ 13 ਸਾਲਾਂ ਤੋਂ ਇਕ ਵੀ ਡਾਕਟਰ ਪਾਸ ਨਹੀਂ ਹੋਇਆ। ਬੀਤੇ ਸਾਲਾਂ ਵਿਚ ਨੈਸ਼ਨਲ ਮੈਡੀਕਲ ਕਮਿਸ਼ਨ ਵੱਲੋਂ 2011, 2014 ਅਤੇ 2016 ਵਿਚ



ਮਿਲੇ ਤਿੰਨ ਬੈਚਾਂ ਦੇ ਵਿਦਿਆਰਥੀ ਮੁੱਢਲੀਆਂ ਸਹੂਲਤਾਂ ਵਿਚ ਕਮੀਆਂ ਕਾਰਨ ਸੂਬੇ ਦੇ ਦੂਜੇ ਮੈਡੀਕਲ ਕਾਲਜ ਵਿਚ ਸ਼ਿਫਟ ਕਰ ਦਿੱਤੇ ਗਏ ਸਨ। ਉਸ ਸਮੇਂ ਕਾਲਜ ਦੀ 10 ਕਰੋੜ ਰੁਪਏ ਦੀ ਬੈਂਕ ਗਾਰੰਟੀ ਵੀ ਸੂਬਾ ਸਰਕਾਰ ਨੇ ਜਬਤ ਕਰ ਲਈ ਸੀ। ਸਾਲ 2017 ਤੋਂ 2020 ਤਕ ਇਸ ਕਾਲਜ ਨੂੰ ਮੁੱਢਲੀਆਂ ਸਹੂਲਤਾਂ ਵਿਚ ਕਮੀਆਂ ਕਾਰਨ ਕੋਈ ਵੀ ਐੱਮ. ਬੀ. ਬੀ. ਐੱਸ. ਦਾ ਬੈਚ ਨਹੀਂ ਦਿੱਤਾ ਗਿਆ। ਸਾਲ 2021 ਵਿਚ ਇਸ ਕਾਲਜ ਨੇ ਆਪਣੀਆਂ ਕਮੀਆਂ ਦੂਰ ਕਰ ਦਿੱਤੇ ਜਾਣ ਦੀ ਸਹੁੰ ਨਾਲ ਕਿਸੇ ਤਰ੍ਹਾਂ ਦਾਖਲੇ ਦੀ ਇਜਾਜਤ ਲੈ ਲਈ। ਮੌਜੂਦਾ ਸਮੇਂ ਇਸ ਕਾਲਜ ਵਿਚ ਐੱਮ. ਬੀ. ਬੀ. ਐੱਸ. ਦੇ 2 ਬੈਚ 2021 ਸੈਸ਼ਨ ਦੇ 108 ਵਿਦਿਆਰਥੀ ਤੀਜੇ ਸਾਲ ਦੀ ਪੜ੍ਹਾਈ ਕਰ ਰਹੇ ਹਨ ਅਤੇ 150 ਵਿਦਿਆਰਥੀ ਦੂਜੇ ਸਾਲ ਵਿਚ ਐੱਮ. ਬੀ. ਬੀ. ਐੱਸ. ਕਰ ਰਹੇ ਹਨ। ਇਨ੍ਹਾਂ ਸਾਰੇ ਵਿਦਿਆਰਥੀਆਂ ਨੇ ਨੀਟ ਪ੍ਰੀਖਿਆ ਪਾਸ ਕਰ ਕੇ ਬਾਬਾ ਫਰੀਦ ਯੂਨੀਵਰਸਿਟੀ ਫਰੀਦਕੋਟ ਦੀ ਕਾਊਂਸਲਿੰਗ ਰਾਹੀਂ ਇਥੇ ਐਡਮਿਸ਼ਨ ਲਈ ਸੀ। ਲਗਾਤਾਰ ਮੁੱਢਲੀਆਂ ਸਹੂਲਤਾਂ ਦੀ ਕਮੀ ਕਾਰਨ ਇਸ ਕਾਲਜ ਨੂੰ ਐੱਨ. ਐੱਮ. ਸੀ. ਨੇ ਸਾਲ 2023 ਅਤੇ 2024 ਦੇ ਦਾਖਲੇ ਦੀ ਮਨਜ਼ੂਰੀ ਨਹੀਂ ਦਿੱਤੀ। ਇਸ ਦੇ ਨਾਲ ਹੀ ਬਾਬਾ ਫਰੀਦ ਯੂਨੀਵਰਸਿਟੀ ਨੇ ਇਸ ਕਾਲਜ ਦੀ ਐਫੀਲਿਏਸ਼ਨ ਵੀ ਰੱਦ ਕਰ ਦਿੱਤੀ। ਇਨ੍ਹਾਂ ਕਮੀਆਂ ਨਾਲ ਜੂਝਦੇ ਹੋਏ ਵਿਦਿਆਰਥੀਆਂ ਨੇ ਸਾਲ 2023 ਵਿਚ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਉਨ੍ਹਾਂ ਨੂੰ ਸੂਬੇ ਦੇ ਕਿਸੇ ਕਾਲਜ ਵਿਚ ਸ਼ਿਫਟ ਕਰਨ ਦੀ ਫਰਿਆਦ ਕੀਤੀ, ਜਿਸ 'ਤੇ ਹਾਈਕੋਰਟ ਨੇ 10 ਜਨਵਰੀ 2024 ਨੂੰ ਜਾਰੀ ਹੁਕਮ ਵਿਚ ਸਾਰੇ 258 ਵਿਦਿਆਰਥੀਆਂ ਨੂੰ ਹੋਰਨਾਂ ਕਾਲਜਾਂ ਵਿਚ ਸ਼ਿਫਟ ਕਰਨ ਦਾ ਹੁਕਮ ਦਿੱਤਾ। ਪਟੀਸ਼ਨ ਦੀ ਸੁਣਵਾਈ ਵਿਚ ਹਾਈਕੋਰਟ ਵੱਲੋਂ 22 ਅਗਸਤ 2024 ਨੂੰ ਮਾਣਯੋਗ ਚੀਫ ਜਸਟਿਸ ਦੇ ਬੈਂਚ ਨੇ ਕਾਲਜ 'ਤੇ 10 ਲੱਖ ਦਾ ਜੁਰਮਾਨਾ ਲਾਉਂਦੇ ਹੋਏ ਉਸਦੀ ਅਪੀਲ ਰੱਦ ਕਰ ਦਿੱਤੀ, ਜਿਸ ਕਾਰਨ ਬੱਚਿਆਂ ਦੀ ਸ਼ਿਫਟਿੰਗ ਦਾ ਰਸਤਾ ਆਸਾਨ ਹੋ ਗਿਆ। ਕਾਲਜ ਵੱਲੋਂ ਸੁਪਰੀਮ ਕੋਰਟ ਵਿਚ ਅਪੀਲ ਕੀਤੀ ਗਈ ਪਰ ਉਥੇ ਵੀ 2 ਸਤੰਬਰ ਨੂੰ ਕਾਲਜ ਦੀ ਅਪੀਲ ਰੱਦ ਹੋ ਗਈ। ਪਰਿਵਾਰਕ ਮੈਂਬਰਾਂ ਨੇ ਕਾਲਜ ਪ੍ਰਸ਼ਾਸਨ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਹਾਈਕੋਰਟ ਦੇ ਹੁਕਮ ਤੋਂ ਬਾਅਦ ਜਦੋਂ 10 ਸਤੰਬਰ ਨੂੰ ਡਿਊਟੀ ਮੈਜਿਸਟਰੇਟ ਦੀ ਹਾਜਰੀ ਵਿਚ ਉਹ ਹੋਸਟਲ ਵਿਚੋਂ ਆਪਣਾ ਸਾਮਾਨ ਲੈਣ ਲਈ ਗਏ ਤਾਂ ਲੜਕੀਆਂ ਦਾ ਸਾਮਾਨ ਤਕ ਹੋਸਟਲ ਵਿਚੋਂ ਗਾਇਬ ਸੀ, ਜਿਸ ਦੀ ਵੀਡੀਓਗ੍ਰਾਫੀ ਵੀ ਕੀਤੀ ਗਈ ਸੀ। ਪਰਿਵਾਰਕ ਮੈਂਬਰਾਂ ਨੇ ਦੋਸ਼ ਲਾਇਆ ਕਿ ਬੱਚਿਆਂ ਨੇ 12 ਜੁਲਾਈ ਨੂੰ ਆਪਣੇ ਹੋਸਟਲ ਦੇ ਕਮਰਿਆਂ ਵਿਚ ਪਿਆ ਸਾਮਾਨ ਸਭ ਕੁਝ ਦੇਖਣ ਤੋਂ ਬਾਅਦ ਕਮਰੇ ਨੂੰ ਤਾਲਾ ਲਾਇਆ ਸੀ।

## ਪੰਜਾਬ 'ਚ ਘਟਿਆ ਨਰਮੇ ਦਾ ਰਕਬਾ, ਜਿਆਦਾ ਝੋਨਾ ਲੱਗਣ ਨਾਲ ਖੜ੍ਹੀ ਹੋ ਸਕਦੀ ਹੈ ਚੁਣੌਤੀ

**ਏਜੰਸੀਆਂ**

ਚੰਡੀਗੜ੍ਹ 16 ਸਤੰਬਰ। ਪੰਜਾਬ ਵਿਚ ਅੱਜ ਤੋਂ ਝੋਨੇ ਦਾ ਸੀਜਨ ਸ਼ੁਰੂ ਹੋਣ ਜਾ ਰਿਹਾ ਹੈ। ਪਹਿਲੇ ਫੇਜ ਵਿਚ ਮੁਕਤਸਰ ਸਾਹਿਬ, ਫਰੀਦਕੋਟ, ਮਾਨਸਾ, ਬਠਿੰਡਾ, ਫਾਜ਼ਿਲਕਾ ਤੇ ਫਿਰੋਜਪੁਰ ਦੇ ਕਿਸਾਨ ਝੋਨਾ ਲਗਾ ਸਕਣਗੇ। ਪਾਣੀ ਦੀ ਕਿੱਲਤ ਕਾਰਨ ਖੇਤੀਬਾੜੀ ਵਿਭਾਗ ਵੱਲੋਂ ਨਰਮੇ ਦਾ ਰਕਬਾ ਵਧਾਉਣ ਦੀ ਯੋਜਨਾ ਸੀ ਤਾਂ ਜੋ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕੇ, ਪਰ ਪੰਜਾਬ ਵਿਚ ਨਰਮੇ ਦੇ ਘਟਦੇ ਰਕਬੇ ਨੇ ਵਿਭਾਗ ਦੇ ਅੰਕੜੇ ਵਿਗਾੜ ਦਿੱਤੇ ਹਨ। ਨਰਮੇ ਦੇ ਰਕਬਾ ਘਟਣ ਨਾਲ ਹੁਣ ਝੋਨੇ ਦਾ ਰਕਬਾ ਵਧਣ ਦਾ ਖਦਸ਼ਾ ਰਹੇਗਾ। ਅਜਿਹੇ ਵਿਚ ਪਾਣੀ ਦੀ ਜ਼ਿਆਦਾ ਖਪਤ ਦੇ ਨਾਲ-ਨਾਲ ਪਾਵਰਕੌਮ ਨੂੰ ਵੀ 8-8 ਘੰਟੇ ਬਿਜਲੀ ਸਪਲਾਈ ਦੇਣ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸੂਬੇ ਵਿਚ 2023 ਵਿਚ ਨਰਮੇ ਦਾ ਰਕਬਾ 1.69 ਲੱਖ ਹੈਕਟੇਅਰ ਸੀ, ਜੋ ਇਸ ਵਾਰ ਘੱਟ ਕੇ 96 ਹਜਾਰ ਹੈਕਟੇਅਰ ਤਕ ਸਿਮਟ ਗਿਆ ਹੈ। ਇਹ ਪਿਛਲੇ ਸਾਲ ਦੇ ਮੁਕਾਬਲੇ 79 ਹਜਾਰ ਹੈਕਟੇਅਰ ਘੱਟ ਹੈ। ਇਸ ਦਾ ਮੁੱਖ ਕਾਰਨ ਨਰਮੇ 'ਤੇ ਗੁਲਾਬੀ ਤੇ ਚਿੱਟੀ ਸੁੰਡੀ ਦਾ ਹਮਲਾ, ਘਟੀਆ ਬੀਜ ਦੀ ਵਿਕਰੀ, ਘਟੀਆ ਕੀਟਨਾਸ਼ਕ ਦੀ ਵਰਤੋਂ ਤੇ ਖਰਾਬ ਫਸਲ ਦਾ ਮੁਆਵਜਾ ਨਾ ਮਿਲਣਾ ਮੰਨਿਆ ਜਾਂਦਾ ਹੈ। ਅਜਿਹੇ ਵਿਚ ਕਿਸਾਨ ਝੋਨਾ ਉਗਾਉਣਗੇ ਜਿਸ ਨਾਲ ਸੂਬੇ ਵਿਚ ਝੋਨੇ ਦਾ ਰਕਬਾ ਵਧੇਗਾ। ਇਸ ਤੋਂ ਇਲਾਵਾ ਕਿਸਾਨ ਬਾਸਮਤੀ, ਮੱਕੀ ਤੇ ਮੂੰਗੀ ਦੀਆਂ ਫਸਲਾਂ ਵੀ ਉਗਾਉਣਗੇ। ਪੰਜਾਬ 'ਚ ਨਰਮੇ ਦੇ ਘਟਦੇ ਰਕਬੇ ਬਾਰੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਬਠਿੰਡਾ ਦੇ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ ਦਾ ਕਹਿਣਾ ਹੈ ਕਿ ਗੁਲਾਬੀ ਸੁੰਡੀ, ਸਹੀ ਕੀਮਤ ਨਾ ਮਿਲਣਾ ਨਰਮੇ ਦਾ ਰਕਬਾ ਘੱਟਣ ਦਾ ਸਭ ਤੋਂ ਮੁੱਖ ਕਾਰਨ ਹੈ। ਉਨ੍ਹਾਂ ਕਿਹਾ ਕਿ ਖੇਤੀ ਨੀਤੀ ਵਿਚ ਇਹ ਸਾਫ ਹੋਣਾ ਚਾਹੀਦਾ ਹੈ ਕਿ ਕਿਸ ਖੇਤਰ ਵਿਚ ਕਿਹੜੀ ਫਸਲ ਬੀਜੀ ਜਾਵੇ। ਇਸ ਬਾਰੇ ਸਰਕਾਰ ਕੋਲ ਕੋਈ ਰੋਡਮੈਪ ਨਹੀਂ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਪੰਜਾਬ ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਡਾ. ਜਸਵੰਤ ਸਿੰਘ ਨੇ ਕਿਹਾ ਕਿ ਇਸ ਵਾਰ ਨਰਮੇ ਦਾ ਰਕਬਾ ਘਟਿਆ ਹੈ। ਇਸ ਪਿੱਛੇ ਪਿਛਲੇ ਸਾਲ ਬਾਰਿਸ਼ ਨਾਲ ਬੀਜ ਦੀ ਕੁਆਲਟੀ ਖਰਾਬ ਹੋਣਾ, ਗੁਲਾਬੀ ਸੁੰਡੀ ਦਾ ਹਮਲਾ ਤੇ ਹੋਰ ਕਾਰਨ ਹਨ। ਉਨ੍ਹਾਂ ਕਿਹਾ ਕਿ ਝੋਨੇ ਦਾ ਰਕਬਾ ਜ਼ਿਆਦਾ ਨਾ ਵਧੇ, ਇਸ ਲਈ ਬਾਸਮਤੀ, ਮੱਕੀ ਜਾਂ ਮੂੰਗੀ ਦੀਆਂ ਫਸਲਾਂ ਉਗਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।



## ਨੈਸ਼ਨਲ ਲੋਕ ਅਦਾਲਤ 'ਚ 7429 'ਚੋਂ 4451 ਕੇਸਾਂ ਦਾ ਕੀਤਾ ਨਿਪਟਾਰਾ

ਗੁਰਦਾਸਪੁਰ 16 ਸਤੰਬਰ। ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਪਰਸਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਰਜਿੰਦਰ ਅਗਰਵਾਲ ਦੀਆਂ ਦੀ ਰਹਿਨੁਮਾਈ ਹੇਠ ਰਮਨੀਤ ਕੌਰ ਸਕੱਤਰ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੀਆਂ ਵੱਲੋਂ ਸੈਸ਼ਨਜ ਡਵੀਜਨ ਗੁਰਦਾਸਪੁਰ ਅਧੀਨ ਸਮੂਹ ਨਿਆਇਕ ਅਦਾਲਤਾਂ ਵੱਲੋਂ ਕੇਸਾਂ ਦੇ ਨਿਪਟਾਰੇ ਲਈ ਨੈਸ਼ਨਲ ਲੋਕ ਅਦਾਲਤ ਲਗਾਈ ਗਈ। ਇਸ ਨੈਸ਼ਨਲ ਲੋਕ ਅਦਾਲਤ ਲਈ ਗੁਰਦਾਸਪੁਰ ਅਤੇ ਬਟਾਲਾ ਵਿਖੇ ਨਿਆਇਕ ਅਧਿਕਾਰੀਆਂ ਦੇ ਕੁੱਲ 14 ਲੋਕ ਅਦਾਲਤ ਬੈਂਚਾਂ ਦਾ ਗਠਨ ਕੀਤਾ ਗਿਆ। ਇਸ ਨੈਸ਼ਨਲ ਲੋਕ ਅਦਾਲਤ 'ਚ ਫੌਜਦਾਰੀ, ਚੈੱਕ ਬਾਊਂਸ, ਬੈਂਕਾਂ ਦੇ ਕੇਸ, ਐਕਸੀਡੈਂਟ ਕਲੇਮ ਕੇਸ ਅਤੇ ਪਰਿਵਾਰਕ ਝਗੜੇ ਆਦਿ ਦੇ ਵੱਖ-ਵੱਖ ਕੇਸ ਲਗਾਏ। ਇਸ ਤੋਂ ਇਲਾਵਾ ਪ੍ਰੀ-ਲੀਟੀਗੇਟਿਵ ਕੇਸ ਜਿਵੇਂ ਕਿ ਬੈਂਕ ਰਿਕਵਰੀ ਕੇਸ, ਲੇਬਰ ਆਦਿ ਕੇਸ ਲਗਾਏ ਗਏ। ਇਸ ਲੋਕ ਅਦਾਲਤ ਵਿੱਚ ਰਾਜੀਨਾਮਾ ਹੋਣ ਯੋਗ ਕੇਸਾਂ ਦੇ ਨਿਪਟਾਰੇ ਲਈ 7429 ਕੇਸ ਲਗਾਏ ਗਏ ਹਨ, ਜੋ ਕਿ ਕੋਰਟਾਂ ਵਿੱਚ ਲੰਬਿਤ ਸਨ ਅਤੇ ਪ੍ਰੀ-ਲੀਟੀਗੇਟਿਵ ਕੇਸ ਸਨ, ਜਿਨ੍ਹਾ ਵਿੱਚੋਂ ਕੁੱਲ 4451 ਕੇਸਾਂ ਦਾ ਨਿਪਟਾਰਾ ਕੀਤਾ ਗਿਆ ਅਤੇ 244014542/-ਰੁਪਏ ਦੀ ਰਕਮ ਦੇ ਆਵਾਰਡ ਪਾਸ ਕੀਤੇ ਗਏ। ਇਸ ਮੌਕੇ ਰਜਿੰਦਰ ਅਗਰਵਾਲ ਜ਼ਿਲਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਪਰਸਨ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਨੇ ਦੱਸਿਆ




ਕਿ ਲੋਕ ਅਦਾਲਤਾਂ ਦਾ ਮੁੱਖ ਮਨੋਰਥ ਦੋਵੇਂ ਧਿਰਾਂ ਦੀ ਆਪਸੀ ਰਜਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕਰਵਾਉਣਾ ਹੈ ਤਾਂ ਜੋ ਧਿਰਾਂ ਦੇ ਕੀਮਤੀ ਸਮੇਂ ਅਤੇ ਧਨ ਦੀ ਬਚਤ ਹੋ ਸਕੇ ਅਤੇ ਆਪਸੀ ਦੁਸ਼ਮਣੀ ਘਟਾਈ ਜਾ ਸਕੇ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾ ਹੋਏ ਕੇਸ ਦੀ ਅੱਗੇ ਕੋਈ ਅਪੀਲ ਨਹੀਂ ਹੋ ਸਕਦੀ ਕਿਉਂਕਿ ਲੋਕ ਅਦਾਲਤ ਵਿਚ ਫੈਸਲਾ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਜਾਂਦਾ ਹੈ। ਇਸ ਨਾਲ ਝਗੜਾ ਹਮੇਸ਼ਾਂ ਲਈ ਖਤਮ ਹੋ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾ ਹੋਏ ਕੇਸ 'ਚ ਲਗਾਈ ਗਈ ਕੋਰਟ ਫੀਸ ਵੀ ਵਾਪਸ ਕੀਤੀ ਜਾਂਦੀ ਹੈ।

## ਪਿਆਜ ਦੀਆਂ ਕੀਮਤਾਂ ਨੇ ਜਨਤਾ ਨੂੰ ਰੁਆਇਆ

**ਏਜੰਸੀਆਂ**

ਨਵੀਂ ਦਿੱਲੀ 16 ਸਤੰਬਰ। ਈਦ-ਉਲ-ਅਧਾ (ਬਕਰਾ ਈਦ) ਤੋਂ ਪਹਿਲਾਂ ਮੰਗ ਵਧਣ ਕਾਰਨ ਪਿਛਲੇ ਦੋ ਹਫਤਿਆਂ ਵਿੱਚ ਪਿਆਜ ਦੀਆਂ ਕੀਮਤਾਂ ਵਿੱਚ ਕਰੀਬ 30-50% ਦਾ ਵਾਧਾ ਹੋਇਆ ਹੈ। ਵਪਾਰੀਆਂ ਨੇ ਇਸ ਉਮੀਦ ਵਿੱਚ ਸਟਾਕ ਰੱਖਣੇ ਸੂਰੂ ਕਰ ਦਿੱਤੇ ਹਨ ਕਿ ਕੇਂਦਰ ਸਰਕਾਰ ਕੀਮਤਾਂ ਨੂੰ ਕੰਟਰੋਲ ਕਰਨ ਦੇ ਉਦੇਸ ਨਾਲ ਆਪਣੇ ਦਖਲ ਨੂੰ ਘੱਟ ਕਰ ਸਕਦੀ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸੋਮਵਾਰ ਨੂੰ ਨਾਸਿਕ ਦੀ ਲਾਸਾਲਗਾਓਂ ਮੰਡੀ ਵਿਚ ਪਿਆਜ ਦੀ ਔਸਤ ਥੋਕ ਕੀਮਤ 26 ਰੁਪਏ ਪ੍ਰਤੀ ਕਿਲੋਗ੍ਰਾਮ ਸੀ ਅਤੇ 25 ਮਈ ਨੂੰ ਇਸ ਦੀ ਕੀਮਤ 17 ਰੁਪਏ ਪ੍ਰਤੀ ਕਿਲੋਗ੍ਰਾਮ ਸੀ। ਇਸ ਦੌਰਾਨ, ਉੱਚ ਗੁਣਵੱਤਾ ਵਾਲੇ ਪਿਆਜ ਦੀ ਕੀਮਤ, ਜੋ ਕੁੱਲ ਵਪਾਰ ਦੀ ਮਾਤਰਾ ਦਾ ਇੱਕ ਛੋਟਾ ਹਿੱਸਾ ਹੈ, ਮਹਾਰਾਸਟਰ ਦੇ ਕਈ ਥੋਕ ਬਾਜਾਰਾਂ ਵਿੱਚ 30 ਰੁਪਏ ਪ੍ਰਤੀ ਕਿਲੋਗ੍ਰਾਮ ਨੂੰ ਪਾਰ ਕਰ ਗਈ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੀਮਤਾਂ ਵਿੱਚ ਵਾਧੇ ਦਾ ਮੁੱਖ ਕਾਰਨ ਸਪਲਾਈ ਅਤੇ ਮੰਗ ਵਿਚਕਾਰ ਮੌਜੂਦਾ ਅਸੰਤੁਲਨ ਹੈ। ਪਿਆਜ, ਜੋ ਜੂਨ ਮਹੀਨੇ ਤੋਂ ਮੰਡੀਆਂ ਵਿੱਚ ਆ ਰਿਹਾ ਹੈ, ਕਿਸਾਨਾਂ ਅਤੇ ਵਪਾਰੀਆਂ ਕੋਲ ਰੱਖੇ ਸਟਾਕ ਤੋਂ ਖਰੀਦਿਆ ਜਾਂਦਾ ਹੈ। 2023-24 ਲਈ ਹਾੜੀ ਦੀ ਫਸਲ ਵਿੱਚ ਅਨੁਮਾਨਿਤ ਕਮੀ ਦੇ ਕਾਰਨ ਕੀਮਤਾਂ ਵਧਣ ਦੀ ਉਮੀਦ ਵਿੱਚ ਕਿਸਾਨ ਆਪਣਾ ਸਟਾਕ ਵੇਚਣ ਤੋਂ ਝਿਜਕ ਰਹੇ ਹਨ। 40% ਨਿਰਯਾਤ ਡਿਊਟੀ ਕਾਰਨ ਨਿਰਯਾਤ ਵਿੱਚ ਸੁਸਤ ਹੋਣ ਦੇ ਬਾਵਜੂਦ, ਪਿਆਜ ਦੀ ਘਰੇਲੂ ਮੰਗ ਮਜਬੂਤ ਬਣੀ ਹੋਈ ਹੈ, ਖਾਸ ਤੌਰ 'ਤੇ 17 ਜੂਨ ਨੂੰ ਈਦ-ਉਲ-ਅਧਾ ਨੇੜੇ ਆ ਰਹੀ ਹੈ। ਨਾਸਿਕ, ਮਹਾਰਾਸਟਰ ਦੇ ਪਿਆਜ ਵਪਾਰੀ ਵਿਕਾਸ ਸਿੰਘ ਨੇ ਕਿਹਾ, "ਮਹਾਰਾਸਟਰ, ਖਾਸ ਕਰਕੇ ਦੱਖਣੀ ਰਾਜਾਂ ਤੋਂ ਪਿਆਜ ਦੀ ਜੋਰਦਾਰ ਮੰਗ ਹੈ, ਬਾਗਬਾਨੀ ਉਤਪਾਦ ਨਿਰਯਾਤਕਾਰ ਐਸੋਸੀਏਸਨ ਦੇ ਪ੍ਰਧਾਨ ਅਜੀਤ ਸਾਹ ਨੇ ਕਿਹਾ ਕਿ ਕਿਸਾਨ ਅਤੇ ਸਟਾਕਿਸਟ ਆਸਾਵਾਦੀ ਹਨ ਕਿ ਸਰਕਾਰ ਬਰਾਮਦ ਡਿਊਟੀ ਹਟਾ ਸਕਦੀ ਹੈ। ਸਾਹ ਨੇ ਕਿਹਾ, "ਮਹਿੰਗਾਈ ਵਧਣ ਦਾ ਇੱਕ ਮੁੱਖ ਕਾਰਨ ਇਹ ਹੈ ਕਿ ਕਿਸਾਨ ਅਤੇ ਸਟਾਕਿਸਟ ਆਸਾਵਾਦੀ ਹਨ ਕਿ ਕੇਂਦਰ ਸਰਕਾਰ ਬਰਾਮਦ ਡਿਊਟੀ ਹਟਾ ਸਕਦੀ ਹੈ।



## ਕੈਨੇਡਾ ਰਹਿੰਦੇ ਵਿਅਕਤੀ ਨਾਲ 79 ਲੱਖ ਦੀ ਠੱਗੀ, ਹੈਰਾਨ ਕਰਨ ਵਾਲਾ ਹੈ ਪੂਰਾ ਮਾਮਲਾ

**ਏਜੰਸੀਆਂ**

ਮੋਗਾ 16 ਸਤੰਬਰ। ਦੋ ਫਾਈਨਾਂਸਰ ਭਰਾਵਾਂ ਦੀ ਕਥਿਤ ਮਿਲੀਭੁਗਤ ਨਾਲ ਐੱਨ. ਆਰ. ਆਈ. ਪਿੰਡ ਮਾਹਲਾ ਖੁਰਦ ਹਾਲ ਆਬਾਦ ਕੈਨੇਡਾ ਦੇ ਰਹਿਣ ਵਾਲੇ ਬਜੁਰਗ ਅਮਰਜੀਤ ਸਿੰਘ ਬਰਾੜ ਨਾਲ ਜਮੀਨੀ ਝਗੜੇ ਦੌਰਾਨ 79 ਲੱਖ 11 ਹਜਾਰ 67 ਰੁਪਏ ਦੀ ਠੇਕੇ ਦੀ ਰਾਸੀ ਦਾ ਗਬਨ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਾਂਚ ਤੋਂ ਬਾਅਦ ਪੁਲਸ ਨੇ ਕਥਿਤ ਦੋਸੀ ਕਰਮ ਸਿੰਘ ਵਾਸੀ ਦਸਮੇਸ ਨਗਰ ਕੋਟਕਪੂਰਾ, ਜਸਕਰਨ ਸਿੰਘ ਦੋਵੇਂ ਵਾਸੀ ਅਜੀਤ ਨਗਰ ਫਰੀਦਕੋਟ ਖਿਲਾਫ ਥਾਣਾ ਬਾਘਾਪੁਰਾਣਾ ਵਿਚ ਧੋਖਾਧੜੀ ਅਤੇ ਹੋਰ ਧਾਰਾਵਾਂ ਦਾ ਮਾਮਲਾ ਦਰਜ ਕਰ ਲਿਆ ਹੈ। ਇਸ ਮਾਮਲੇ ਦੀ ਅਗਾਊਂ ਜਾਂਚ ਸਹਾਇਕ ਥਾਣੇਦਾਰ ਗੁਰਬਿੰਦਰ ਸਿੰਘ ਵੱਲੋਂ ਕੀਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਸਦਰ ਦੇ ਇੰਚਾਰਜ ਇੰਸਪੈਕਟਰ ਜਸਵਰਿੰਦਰ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਕਪਤਾਨ ਮੋਗਾ ਨੂੰ ਦਿੱਤੇ ਸ਼ਿਕਾਇਤ ਪੱਤਰ ਵਿਚ ਅਮਰਜੀਤ ਸਿੰਘ ਬਰਾੜ ਨੇ ਦੱਸਿਆ ਕਿ ਉਹ ਪਿਛਲੇ 50 ਸਾਲਾਂ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ ਅਤੇ ਉਸ ਦੇ ਘਰ ਅਤੇ ਪਿੰਡ ਮਾਹਲਾ ਕਲਾਂ ਵਿਚ 24 ਏਕੜ ਜਮੀਨ ਹੈ। ਉਹ ਇਕ-ਦੋ ਸਾਲਾਂ ਬਾਅਦ ਆਪਣੇ ਪਿੰਡ ਆਉਂਦਾ-ਜਾਂਦਾ ਰਹਿੰਦਾ ਹੈ। ਉਸ ਨੇ ਦੱਸਿਆ ਕਿ ਸਾਲ 2011 ਵਿਚ ਮੇਰੇ ਭਤੀਜੇ ਅਮਨਦੀਪ ਸਿੰਘ ਨੇ ਆਪਣੇ ਦੋਸਤ ਜਸਕਰਨ ਸਿੰਘ ਉਰਫ ਰਾਜਾ ਨਾਲ ਕਰਵਾਈ ਸੀ ਅਤੇ ਉਨ੍ਹਾਂ ਕਿਹਾ ਕਿ ਉਹ ਅਤੇ ਉਸਦਾ ਭਰਾ ਕਰਮ ਸਿੰਘ ਕੋਟਕਪੂਰਾ ਵਿਚ ਫਾਇਨਾਂਸ ਦਾ ਕੰਮ ਕਰਦੇ ਹਨ। ਉਨ੍ਹਾਂ ਮੈਨੂੰ ਭਰੋਸੇ ਵਿਚ ਲੈ ਕੇ ਜ਼ਮੀਨ ਦਾ ਠੇਕੇ ਦੇਣ ਲਈ ਕਿਹਾ ਅਤੇ ਉਸ ਨੂੰ ਪ੍ਰਤੀ ਮਹੀਨੇ ਵਿਆਜ਼ ਦੇਣ ਦੀ ਗੱਲ ਵੀ ਕਹੀ। ਉਸਨੇ ਕਿਹਾ ਕਿ ਉਹ ਸਾਲ 2011 ਤੋਂ ਅਪ੍ਰੈਲ 2018 ਤੱਕ ਦੋਵੇਂ ਭਰਾ ਮੇਰੀ ਜ਼ਮੀਨ ਦਾ ਠੇਕਾ ਲੈਂਦੇ ਰਹੇ। ਉਨ੍ਹਾਂ ਕਿਹਾ ਕਿ ਅਪ੍ਰੈਲ 2011 ਤੋਂ 2018 ਤੱਕ ਮੇਰੀ ਜ਼ਮੀਨ ਅਲੱਗ-ਅਲੱਗ ਠੇਕੇਦਾਰਾਂ ਕੋਲ ਸੀ, ਜਿਨ੍ਹਾਂ 72 ਲੱਖ 73 ਹਜ਼ਾਰ 858 ਰੁਪਏ ਕਥਿਤ ਦੋਸ਼ੀਆਂ ਜਸਕਰਨ ਸਿੰਘ ਅਤੇ ਕਰਮ ਸਿੰਘ ਨੇ ਦੇਣ ਦੀ ਗੱਲ ਕਹੀ ਸੀ। ਉਨ੍ਹਾਂ ਕਿਹਾ ਕਿ ਕਥਿਤ ਦੋਸ਼ੀਆਂ ਨੇ ਮੇਰਾ ਵਿਸ਼ਵਾਸ ਜਿੱਤਣ ਲਈ ਸਾਲ 2011 ਤੋਂ 2016 ਤੱਕ ਵਿਆਜ਼ ਸਮੇਤ ਹਿਸਾਬ ਕਰ ਕੇ ਕੁੱਲ 79 ਲੱਖ 11 ਹਜ਼ਰ 67 ਰੁਪਏ ਬਣਦੇ ਸਨ ਜੋ ਕਥਿਤ ਦੋਸ਼ੀਆਂ ਨੇ ਮਿਲੀ ਭੁਗਤ ਕਰਕੇ ਮੈਨੂੰ ਨਹੀਂ ਦਿੱਤੇ। ਇਸ ਤਹਿਤ ਮੇਰੇ ਸਾਥ ਥੋਖਾਧੜੀ ਕੀਤੀ ਗਈ ਹੈ। ਜ਼ਿਲਾ ਪੁਲਸ ਮੁਖੀ ਮੋਗਾ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਜਾਂਚ ਐੱਸ. ਪੀ. ਡੀ. ਮੋਗਾ ਨੂੰ ਕਰਨ ਦਾ ਆਦੇਸ਼ ਦਿੱਤਾ। ਜਿਨ੍ਹਾਂ ਜਾਂਚ ਸਮੇਂ ਦੋਵਾਂ ਪੱਖਾਂ ਨੂੰ ਆਪਣਾ ਪੱਖ ਪੇਸ਼ ਕਰਨ ਲਈ ਕਿਹਾ ਅਤੇ ਬੁਲਾਇਆ। ਦੋਵਾਂ ਧਿਰਾਂ ਦੌਰਾਨ ਰਾਜੀਨਾਮਾ ਕਰਨ ਦੀ ਗੱਲਬਾਤ ਵੀ ਚੱਲੀ ਪ੍ਰੰਤੂ ਹੋ ਨਹੀਂ ਸਕਿਆ। ਜਾਂਚ ਤੋਂ ਬਾਅਦ ਸ਼ਿਕਾਇਤ ਕਰਤਾ ਦੇ ਦੋਸ਼ ਸਹੀ ਪਾਏ ਜਾਣ 'ਤੇ ਜ਼ਿਲ੍ਹਾ ਪੁਲਸ ਮੁਖੀ ਨੇ ਕਾਨੂੰਨੀ ਰਾਇ ਹਾਸਲ ਕਰਨ ਤੋਂ ਬਾਅਦ ਥਾਣਾ ਬਾਘਾਪੁਰਾਣਾ ਦੇ ਮੁਖੀ ਨੂੰ ਕਥਿਤ ਦੋਸ਼ੀਆਂ ਵਿਰੁੱਧ ਮਾਮਲਾ ਦਰਜ ਕਰਨ ਦਾ ਆਦੇਸ਼ ਦਿੱਤਾ। ਜਾਂਚ ਅਧਿਕਾਰੀ ਗੁਰਬਿੰਦਰ ਸਿੰਘ ਨੇ ਕਿਹਾ ਕਿ ਕਥਿਤ ਦੋਸ਼ੀਆਂ ਨੂੰ ਕਾਬੂ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।




# ਅੱਗਜਨੀ 'ਚ ਪੀੜਤ ਦੁਕਾਨਦਾਰਾਂ ਨੂੰ ਲੈ ਕੇ ਡੀ. ਸੀ. ਕੋਲ ਪਹੁੰਚੇ ਰਮਨ ਬਹਿਲ

**ਕਿਸ਼ਨ ਪਾਲ**

ਗੁਰਦਾਸਪੁਰ 16 ਸਤੰਬਰ। ਗੁਰਦਾਸਪੁਰ ਸਹਿਰ ਦੇ ਅਮਾਮਵਾੜਾ ਚੌਂਕ ਵਿੱਚ ਦੋ ਦਿਨ ਪਹਿਲਾਂ ਸਾਮ ਵੇਲੇ ਲੱਗੀ ਭਿਆਨਕ ਅੱਗ ਕਾਰਨ ਸੱਤ ਦੇ ਕਰੀਬ ਦੁਕਾਨਾਂ ਦਾ ਭਾਰੀ ਨੁਕਸਾਨ ਹੋ ਜਾਣ ਦੇ ਬਾਅਦ ਅੱਜ ਪੰਜਾਬ ਹੈਲਥ ਸਿਸਟਮ ਕਾਰਪੋਰੇਸਨ ਦੇ ਚੇਅਰਮੈਨ ਰਮਨ ਬਹਿਲ ਨੇ ਇਨ੍ਹਾਂ ਪੀੜਤ ਦੁਕਾਨਦਾਰਾਂ ਅਤੇ ਵਪਾਰ ਮੰਡਲ ਨਾਲ ਸੰਬੰਧਿਤ ਹੋਰ ਦੁਕਾਨਦਾਰਾਂ ਦੇ ਨਾਲ ਡਿਪਟੀ ਕਮਿਸਨਰ ਵਿਸੇਸ ਸਾਰੰਗਲ ਨਾਲ ਅਹਿਮ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਰਮਨ ਪਹਿਲ ਨੇ ਡਿਪਟੀ ਕਮਿਸਨਰ ਦੇ ਸਾਹਮਣੇ ਦੁਕਾਨਾਂ ਦੀ ਸੁਰੱਖਿਆ ਅਤੇ ਪ੍ਰਭਾਵਿਤ ਦੁਕਾਨਦਾਰਾਂ ਦੇ ਮੁੜ ਵਸੇਬੇ ਲਈ ਅਹਿਮ ਮੁੱਦੇ ਉਠਾਏ ਹਨ, ਜਿਸ ਦੇ ਬਾਅਦ ਫੈਸਲਾ ਕੀਤਾ ਗਿਆ ਹੈ ਕਿ ਇਨ੍ਹਾਂ ਪੀੜਤ ਦੁਕਾਨਦਾਰਾਂ ਨੂੰ ਸੀ. ਐੱਮ. ਰਿਲੀਫ ਫੰਡ ਵਿੱਚੋਂ ਤੁਰੰਤ ਆਰਥਿਕ ਸਹਾਇਤਾ ਕਰਵਾਉਣ ਲਈ ਕੇਸ ਤਿਆਰ ਕਰਕੇ ਭੇਜਿਆ ਜਾਵੇ। ਦੁਕਾਨਦਾਰਾਂ ਦੇ ਮੁੜ ਵਸੇਬੇ ਅਤੇ ਸੁਰੱਖਿਆ ਨਾਲ ਜੁੜੇ ਅਹਿਮ ਮੁੱਦੇ ਉਠਾਉਂਦਿਆਂ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਜਦੋਂ ਵੀ ਕਿਸੇ ਦੁਕਾਨ ਨੂੰ ਅੱਗ ਲੱਗਦੀ ਹੈ ਤਾਂ ਦੁਕਾਨਦਾਰ 'ਤੇ ਦੁੱਖਾਂ ਦਾ ਪਹਾੜ ਟੁੱਟਦਾ ਹੈ। ਅਜਿਹੀ ਸਥਿਤੀ ਵਿੱਚ ਦੁਕਾਨਦਾਰਾਂ ਲਈ ਨਾ ਸਿਰਫ ਆਪਣੇ ਮੁੜ ਵਸੇਬੇ ਦੀ ਵੱਡੀ ਜ਼ਿੰਮੇਵਾਰੀ ਨਿਭਾਉਣੀ ਔਖੀ ਹੋ ਜਾਂਦੀ ਹੈ ਸਗੋਂ ਪਰਿਵਾਰ ਦਾ ਗੁਜਾਰਾ ਕਰਨਾ ਵੀ ਮੁਸਕਿਲ ਹੋ ਜਾਂਦਾ ਹੈ। ਉਹਨਾਂ ਕਿਹਾ ਕਿ ਦੁਕਾਨਦਾਰ ਸਰਕਾਰ ਨੂੰ ਟੈਕਸ ਦਿੰਦੇ ਹਨ, ਰਿਟਰਨਾਂ ਭਰਦੇ ਹਨ ਪਰ ਦੂਜੇ ਪਾਸੇ ਜਦੋਂ ਉਨ੍ਹਾਂ ਦਾ ਨੁਕਸਾਨ ਹੁੰਦਾ ਹੈ ਤਾਂ ਉਨ੍ਹਾਂ ਦੀ ਭਰਪਾਈ ਲਈ ਕੋਈ ਵੀ ਅੱਗੇ ਨਹੀਂ ਆਉਂਦਾ। ਇਸ ਲਈ ਹੁਣ ਉਹ ਸੀ. ਐੱਮ. ਭਗਵੰਤ ਸਿੰਘ ਮਾਨ ਨੂੰ ਅਪੀਲ ਕਰਨਗੇ ਕਿ ਜਿਸ ਤਰ੍ਹਾਂ ਬਾਕੀ ਹਾਦਸਿਆਂ ਵਿੱਚ ਪੀੜਤਾਂ ਨੂੰ ਵਨ ਟਾਈਮ ਸਹਾਇਤਾ ਦਿੱਤੀ ਜਾਂਦੀ ਹੈ। ਉਸੇ ਤਰ੍ਹਾਂ ਅੱਗਜਨੀ ਦੀਆਂ ਘਟਨਾਵਾਂ ਵਿੱਚ ਪੀੜਤ ਦੁਕਾਨਦਾਰਾਂ ਨੂੰ ਵੀ ਮਾਲੀ ਮਦਦ ਕਰਨ ਦੀ ਪਾਲਸੀ ਬਣਾਈ ਜਾਵੇ। ਰਮਨ ਬਹਿਲ ਨੇ ਗੁਰਦਾਸਪੁਰ ਅੰਦਰ ਫਾਇਰ ਬ੍ਰਿਗੇਡ ਦੀ ਵਿਵਸਥਾ ਤੇ ਕਈ ਸਵਾਲ ਚੁੱਕੇ ਹਨ। ਜਿਸ ਤਹਿਤ ਵਪਾਰ ਮੰਡਲ ਵੱਲੋਂ ਡਿਪਟੀ ਕਮਿਸਨਰ ਨੂੰ ਇੱਕ ਵੱਖਰਾ ਮੈਮੋਰੈਂਡਮ ਵੀ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਗੁਰਦਾਸਪੁਰ ਵਿੱਚ ਫਾਇਰ ਬ੍ਰਿਗੇਡ ਦੇ ਜੋ ਕਰਮਚਾਰੀ ਹਨ ਉਹਨਾਂ ਨੂੰ ਆਊਟ ਸੋਰਸ 'ਤੇ ਰੱਖਿਆ ਗਿਆ ਹੈ ਅਤੇ ਦੁੱਖ ਦੀ ਗੱਲ ਹੈ ਕਿ ਉਨ੍ਹਾਂ ਵਿੱਚੋਂ ਜ਼ਿਆਦਾ ਅਜਿਹੇ ਹਨ ਜਿਨ੍ਹਾਂ ਨੂੰ ਅੱਗ ਬੁਝਾਉਣ ਦਾ ਕੋਈ ਤਜਰਬਾ ਨਹੀਂ ਹੈ ਅਤੇ ਕਿਸੇ ਟ੍ਰੇਨਿੰਗ ਦਾ ਸਰਟੀਫਿਕੇਟ ਵੀ ਨਹੀਂ ਹੈ। ਇਸੇ ਤਰ੍ਹਾਂ ਉਨ੍ਹਾਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਦੀ ਮਾੜੀ ਹਾਲਤ ਅਤੇ ਹੋਰ ਕਮੀਆਂ ਵੀ ਉਜਾਗਰ ਕੀਤੀਆਂ ਅਤੇ ਨਾਲ ਹੀ ਕਿਹਾ ਕਿ ਜਦੋਂ ਗੱਡੀਆਂ ਅੱਗ ਬੁਝਾਉਣ ਲਈ ਪਹੁੰਚਦੀਆਂ ਹਨ ਤਾਂ ਉੱਥੇ ਕਈ ਸਿਆਸੀ ਆਗੂ ਅਤੇ ਆਮ ਲੋਕ ਵੀ ਗੱਡੀਆਂ ਉੱਪਰ ਖੁਦ ਚੜ ਕੇ ਖੁਦ ਪਾਣੀ ਵਾਲੇ ਪਾਈਪ ਫੜ ਲੈਂਦੇ ਹਨ। ਅਜਿਹੇ ਲੋਕਾਂ ਨੂੰ ਅਜਿਹੀ ਮੁਸਕਿਲ ਦੀ ਘੜੀ ਵਿੱਚ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅਤੇ ਪਾਈਪਾਂ ਨਾਲ ਅੱਗ ਬੁਝਾਉਣ ਦਾ ਕੋਈ ਤਜਰਬਾ ਨਹੀਂ ਹੁੰਦਾ ਜਿਸ ਕਾਰਨ ਉਹ ਲੋਕ ਫੋਕੀ ਸੋਹਰਤ ਲੈਣ ਲਈ ਅੱਗ ਬੁਝਾਉਣ ਦੇ ਕੰਮ ਵਿੱਚ ਰੁਕਾਵਟ ਬਣਦੇ ਹਨ। ਉਹਨਾਂ ਡਿਪਟੀ ਕਮਿਸਨਰ ਨੂੰ ਕਿਹਾ ਕਿ ਭਵਿੱਖ ਵਿੱਚ ਅਜਿਹਾ ਹੋਣ ਤੋਂ ਰੋਕਿਆ ਜਾਵੇ ਅਤੇ ਨਾਲ ਹੀ ਇਸ ਗੱਲ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ ਕਿ ਫਾਇਰ ਬ੍ਰਿਗੇਡ ਵਿੱਚ ਅਣਸਿੱਖਅਤ ਕਰਮਚਾਰੀਆਂ ਨੂੰ ਕਿਸ ਤਰ੍ਹਾਂ ਨਿਯੁਕਤ ਕੀਤਾ ਗਿਆ ਅਤੇ ਇਨ੍ਹਾਂ ਦੀ ਨਿਯੁਕਤੀ ਲਈ ਕੌਣ ਜ਼ਿੰਮੇਵਾਰ ਹੈ। ਉਹਨਾਂ ਕਿਹਾ ਕਿ ਇਸ ਪੂਰੀ ਨਿਯੁਕਤੀ ਦੀ ਪ੍ਰਕਿਰਿਆ ਦੀ ਜਾਂਚ ਕਰਵਾਈ ਜਾਵੇ ਕਿਉਂਕਿ ਇਸ ਵਿੱਚ ਕਈ ਕਥਿਤ ਧਾਂਦਲੀਆਂ ਹੋਈਆਂ ਹਨ। ਇਸ ਲਈ ਜਾਂਚ ਕਰਵਾ ਕੇ ਪੂਰੀ ਸੱਚਾਈ ਲੋਕਾਂ ਦੇ ਸਾਹਮਣੇ ਲਿਆਂਦੀ ਜਾਵੇ ਅਤੇ ਬਾਅਦ ਵਿੱਚ ਪੂਰੇ ਪਾਰਦਰਸੀ ਢੰਗ ਨਾਲ ਸਿੱਖਿਅਤ ਕਰਮਚਾਰੀਆਂ ਨੂੰ ਫਾਇਰ ਬ੍ਰਿਗੇਡ ਵਿੱਚ ਨਿਯੁਕਤ ਕੀਤਾ ਜਾਵੇ ਤਾਂ ਜੋ ਮੁੜ ਕਦੀ ਅਜਿਹੀ ਲਾਪਰਵਾਹੀ ਕਾਰਨ ਕੋਈ ਅਣਹੋਣੀ ਨਾ ਵਾਪਰੇ। ਬਹਿਲ ਨੇ ਡੀ. ਸੀ. ਨੂੰ ਕਿਹਾ ਕਿ ਇਸ ਅੱਗ ਦੌਰਾਨ ਹੋਏ ਨੁਕਸਾਨ ਲਈ ਵੀ ਸੰਬੰਧਿਤ ਅਣਸਿਅਤ ਕਰਮਚਾਰੀਆਂ ਅਤੇ ਉਨ੍ਹਾਂ ਨੂੰ ਨਿਯੁਕਤ ਕਰਨ ਵਾਲਿਆਂ ਦੀ ਜ਼ਿੰਮੇਵਾਰੀ ਨਿਰਧਾਰਿਤ ਕਰਨ ਲਈ ਉੱਚ ਪਧਰੀ ਜਾਂਚ ਕਰਵਾਈ ਜਾਵੇ ਤਾਂ ਜੋ ਮੁੜ ਕੋਈ ਵੀ ਵਿਅਕਤੀ ਲੋਕਾਂ ਦੀ ਜਾਨ ਮਾਲ ਦੀ ਦੀ ਸੁਰੱਖਿਆ ਨਾਲ ਜੁੜੇ ਅਹਿਮ ਕੰਮਾਂ ਵਿੱਚ ਕੋਈ ਧਾਂਦਲੀ ਅਤੇ ਲਾਪ੍ਰਵਾਹੀ ਨਾ ਕਰੇ। ਇਸੇ ਤਰ੍ਹਾਂ ਉਹਨਾਂ ਕਿਹਾ ਕਿ ਬਿਜਲੀ ਦੀਆਂ ਤਾਰਾਂ ਦਾ ਵੀ ਬੇਹੱਦ ਬੁਰਾ ਹਾਲ ਹੈ, ਇਹ ਤਾਰਾਂ ਵੀ ਕਈ ਹਾਦਸਿਆਂ ਦਾ ਕਾਰਨ ਬਣ ਰਹੀਆਂ ਹਨ ਇਸ ਕਰਕੇ ਤੁਰੰਤ ਬਿਜਲੀ ਦੀਆਂ ਤਾਰਾਂ ਬਦਲਣ ਲਈ ਵੀ ਕਾਰਵਾਈ ਸੂਰੂ ਕੀਤੀ ਜਾਵੇ। ਇਸ ਮੌਕੇ ਡਿਪਟੀ ਕਮਿਸਨਰ ਨੇ ਕਿਹਾ ਕਿ ਉਹ ਜਲਦੀ ਹੀ ਇਸ ਸੰਦਰਭ ਵਿੱਚ ਕਾਰਵਾਈ ਸੂਰੂ ਕਰਨਗੇ ਅਤੇ ਪੀੜਤਾਂ ਨੂੰ ਰਾਹਤ ਦਵਾਉਣ ਲਈ ਵੀ ਕੇਸ ਤਿਆਰ ਕਰਕੇ ਸਰਕਾਰ ਨੂੰ ਭੇਜ ਦੇਣਗੇ। ਰਮਨ ਨੇ ਕਿਹਾ ਕਿ ਉਹ ਖੁਦ ਮੁੱਖ ਮੰਤਰੀ ਤੱਕ ਪਹੁੰਚ ਕਰਕੇ ਇਸ ਕੇਸ ਦੀ ਪੈਰਵਾਈ ਕਰਨਗੇ ਅਤੇ ਪੀੜਤਾਂ ਦੀ ਮਦਦ ਵਿੱਚ ਕੋਈ ਦੇਰੀ ਨਹੀਂ ਹੋਣ ਦੇਣਗੇ।

